
INTERNATIONAL MAGAZINE
30/-
ਏਕੋ ਬ੍ਰਹਮੁ ਦੁਤੀਯ ਨਾਸਿਤ
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਜਨਵਰੀ 2019
ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥
ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸੰਤ ਬਾਬਾ ਲਖਬੀਰ ਸਿੰਘ ਜੀ ਅਮਰੀਕਾ ਸੈਨਹੋਜ਼ੇ 'ਸਿੱਖ ਗੁਰਦੁਆਰਾ ਸਾਹਿਬ' ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।








# ਆਤਮ ਮਾਰਗ

ਸਾਲ-ਚੌਵੀਵਾਂ, ਮਹੀਨਾ - ਜਨਵਰੀ, 2019

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379,
Email :atammarg1@yahoo.co.in

Postal Address for any Enquiry, Money Order, Cheque and drafts :
'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ 001-604-433-0408

ਭਾਈ ਤਰਸੇਮ ਸਿੰਘ ਬੈਂਸ 001-604-862-9525

ਭਾਈ ਜਸਬੀਰ ਸਿੰਘ ਰਾਣੂ 001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ 0044-121-200-2818

ਭਾਈ ਅਰਵਿੰਦਰ ਸਿੰਘ (ਰਾਜ) 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : 0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਡਾ. ਜਗਜੀਤ ਸਿੰਘ* | |
| 3. | ਸ੍ਰੀ ਗੁਰੂ ਗੋਬਿੰਦ ਸਿੰਘ ਜੀ - ਪ੍ਰਕਾਸ਼ ਉਤਸਵ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਬਾਬਾਣੀਆਂ ਕਹਾਣੀਆਂ | 27 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਬਿਨੁ ਹਰਿ ਭਜਨ ਨਾਹੀ ਛੁਟਕਾਰਾ | 29 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਆਤਮ ਗਿਆਨ | 35 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ | 39 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਨੂਰਾਨੀ ਮਿਲਾਪ | 45 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 9. | ਗੁਰਬਾਣੀ ਅਰਥ-ਭੰਡਾਰ | 46 |
| | *ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'* | |
| 10. | ਵਾਰਾਂ ਭਾਈ ਗੁਰਦਾਸ | 48 |
| | *ਡਾ. ਭਾਈ ਵੀਰ ਸਿੰਘ* | |
| 11. | ਭਾਈ ਨੰਦ ਲਾਲ ਜੀ | 48 |
| 12. | ਗੁਰੂ ਨਾਨਕ ਆਗਮਨ | 50 |
| | *ਡਾ. ਭਾਈ ਵੀਰ ਸਿੰਘ* | |
| 13. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 14. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 55 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

ਅੰਗਰੇਜ਼ੀ ਕਲੰਡਰ ਅਨੁਸਾਰ 'ਨਵਾਂ ਸਾਲ ਮੁਬਾਰਕ।' ਆਤਮ ਮਾਰਗ ਦੇ ਸਮੂੰਹ ਪਾਠਕ ਜਨਾਂ ਨੂੰ ਅਕਾਲ ਪੁਰਖ ਵਲੋਂ ਰਹਿਮਤ ਦੀ ਅਰਦਾਸ ਹੈ। ਆਉਣ ਵਾਲਾ ਸਮਾਂ ਸਭਨਾਂ ਦਾ ਖੁਸ਼ੀਆਂ ਖੇੜਿਆਂ ਭਰਿਆ ਆਵੇ। ***'ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥ (ਅੰਗ-629) ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ (ਅੰਗ-1096)*** ਦੀ ਅਰਦਾਸ ਹੈ।

ਸਮੇਂ ਦੀਆਂ ਪੈੜਾਂ ਨੇ ਇਤਿਹਾਸ ਸਿਰਜਿਆ ਹੈ। ਸਮੇਂ ਦੀ ਬੁੱਕਲ ਵਿਚ ਕੌੜੇ ਮਿੱਠੇ ਤਜਰਬੇ ਛੁਪੇ ਹੋਏ ਹਨ। ਸਮਾਂ ਅਰੁੱਕ ਹੈ। ਚਲਾਇਮਾਨ ਹੈ। ਡਾ. ਭਾਈ ਵੀਰ ਸਿੰਘ ਜੀ ਅਨੁਸਾਰ-

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੋਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ।*

*ਡਾ. ਭਾਈ ਵੀਰ ਸਿੰਘ ਜੀ*

ਸਮੇਂ ਵਿਚ ਬਦਲਾਅ ਹਨ। ਇਹ ਕਰਵਟ ਲੈਂਦਾ ਹੈ। ਵੱਡੇ-ਵੱਡਿਆਂ ਨੂੰ ਸਮੇਂ ਨੇ ਰੁਆਇਆ ਹੈ ਤੇ ਹਸਾਇਆ ਵੀ ਹੈ। ਇਸ ਨੇ ਖੁਸ਼ੀਆਂ ਵੀ ਦਿਖਾਈਆਂ ਹਨ ਤੇ ਦੁਖਦਾਈ ਬਣ ਕੇ ਵੀ ਆਇਆ ਹੈ।

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਨਾਮ ਨਾਲ ਜੁੜੀ ਸ਼ਖਸ਼ੀਅਤ ਸਦਾ ਦੇ ਵਿਗਾਸ ਵਿਚ ਹੈ, ਖੇੜੇ ਵਿਚ ਹੈ - ***'ਨਾਨਕ ਭਗਤਾ ਸਦਾ ਵਿਗਾਸੁ ॥ '***

*ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥*
*ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥*
*ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥*
*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥*

*ਅੰਗ- ੩੨੦*

ਸਦਾ ਦਾ ਅਨੰਦ ਹੈ, ਖੇੜਾ ਹੈ, ***'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥'*** ਦੀ ਪ੍ਰਤੱਖ ਰੂਪਮਾਨਤਾ ਹੈ। ਜੇਕਰ ਸਮੇਂ ਵਲ ਨਜ਼ਰਸਾਨੀ ਕਰੀਏ ਤੇ ਇਸ ਦੇ ਵਿਹਾਰਿਕ ਰੂਪ ਦੇ ਇਤਿਹਾਸ ਅਤੇ ਸਫਰ ਨੂੰ ਵੇਖੀਏ ਤਾਂ ਇਹ ਅਰੁੱਕ ਤੇ ਚਲਾਇਮਾਨ ਹੈ। ਇਸੇ ਤਰ੍ਹਾਂ ਜੀਵ ਦਾ ਸਫਰ ਵੀ ਚਲੰਤ ਹੈ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ- ੧੭੬*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

*ਅੰਗ- ੬੩੧*

*ਲਖ ਚਉਰਾਸੀਹ ਜੋਨਿ ਸਬਾਈ ॥*

*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ- ੧੦੭੫*

ਕਰੋੜਾਂ, ਖਰਬਾਂ ਸਾਲਾਂ ਤੋਂ ਇਸ ਜੀਵ ਦਾ ਸਫਰ ਜਾਰੀ ਹੈ। ਮੁੱਕਣ ਦਾ ਅੰਦਾਜ਼ਾ ਕੋਈ ਨਹੀਂ। ਸਮਰੱਥ ਸਤਿਗੁਰੂ ਬਖਸ਼ਿਸ਼ ਕਰ ਦੇਵੇ, ਨਾਮ ਦੀ ਦਾਤ ਬਖਸ਼ਿਸ਼ ਕਰਕੇ ਇਸ ਦੇ ਸਫਰ ਨੂੰ ਬਿਸਰਾਮ ਦੇ ਸਕਦਾ ਹੈ -

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਅੰਗ - ੩੨੨*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਅੰਗ- ੭੪੯*

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ- ੬੮੭*

ਉਪਰੋਕਤ ਵਿਚਾਰ ਤੋਂ ਇਹ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਸਮਾਂ ਹੁਕਮ 'ਚ ਹੈ। ਪ੍ਰਮੇਸ਼ਰ ਦੇ ਨਿਯਮ ਅਨੁਸਾਰ ਚਲ ਰਿਹਾ ਹੈ। ਪਰ ਇਹ ਜੀਵ ਬੇਹੁਕਮਾ ਹੈ। ਬੇਲਗਾਮ ਹੈ। ਸਮੇਂ ਨੇ ਚੰਦ/ਸੂਰਜ ਦੀ ਗਤੀ ਅਨੁਸਾਰ ਚਲਣਾ ਹੈ। ਜੀਵ ਨੇ ਵੀ ਕੋਈ ਗਤੀ ਧਾਰਨ ਕਰਨੀ ਹੈ। ਜੀਵ ਦਾ ਸਫਰ ਚੰਦ ਰੂਪੀ ਨਾਮ ਦੀ ਠੰਢਕ ਤੇ ਗਿਆਨ ਰੂਪੀ ਸੂਰਜ ਨਾਲ ਪੂਰਨਤਾ ਵਲ ਵਧ ਸਕਦਾ ਹੈ। ਗਿਆਨ ਸਮਰੱਥ ਗੁਰੂ ਤੋਂ ਮਿਲਣਾ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਲੋੜ ਹੈ ਚਲੰਤ ਸਮੇਂ ਤੋਂ ਸਿਖਿਆ ਲੈ ਕੇ ਆਪਣੇ ਜੀਵ ਭਾਵ ਦੀ ਅਭੇਦਤਾ ਗੁਰੂ ਦੇ ਸ਼ਬਦ ਵਿਚ ਕਰਕੇ ਸਦਾ ਦਾ ਅਮਰ ਜੀਵਨ ਪ੍ਰਾਪਤ ਕਰੀਏ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥*
*ਅੰਗ- ੭੯੫*

ਵਧਦੇ ਸਮੇਂ ਨੂੰ ਵਧਦਾ ਨਾ ਸਮਝੋ। ਇਸ ਨੂੰ ਆਪਣੀ ਉਮਰ, ਆਪਣੇ ਮਨੁੱਖਾ ਜਨਮ ਨਾਲ ਤੁਲਨਾ ਕਰਕੇ ਦੇਖੀਏ। ਇਹ ਵਧ ਰਿਹਾ ਹੈ ਅਸੀਂ ਘਟ ਰਹੇ ਹਾਂ -

*ਜਨਨੀ ਜਾਨਤ ਸੁਤੁ ਬਡਾ ਹੋਤੁ ਹੈ*
*ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥*
*ਅੰਗ - ੯੧*
*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ॥ ਅੰਗ- ੬੯੨*

ਪਰ ਪਦਾਰਥਵਾਦ ਯੁੱਗ ਅੰਦਰ ਇਸ ਸਿਧਾਂਤ ਦੀ ਸੋਝੀ ਆਉਣੀ ਸਹਿਜ ਤੇ ਸੁਖੈਨ ਨਹੀਂ। ਸਮੇਂ ਨੇ ਬਾਹਰ ਦੀਆਂ ਖੇਡਾਂ, ਚਮਕ ਦਮਕ ਦਿਖਾਉਣੀਆਂ ਹਨ ਪਰ ਨਾਮ ਦੇ ਰੰਗ ਦੀਆਂ ਅੰਦਰੂਨੀ ਖੇਡਾਂ ਸਮਰੱਥ ਗੁਰੂ ਨੇ ਦਿਖਾਉਣੀਆਂ ਹਨ। ਅੰਦਰਲਾ ਰਸ, ਸ਼ਬਦ ਰਾਹੀਂ ਪ੍ਰਕਾਸ਼ਮਾਨ ਹੋ ਗਿਆ ਤਾਂ ਸਮਝੋ ਸਮਾਂ ਸਾਰਥਕ ਹੋ ਗਿਆ। ਸਮੇਂ ਦਾ ਸਫਲ ਹੋਣਾ ਤੇ ਜੀਵਨ ਦਾ ਸਫਲ ਹੋਣਾ ਸਮਰੂਪ ਹਨ। ਜਿਸ ਨੇ ਸਮਾਂ ਸਫਲ ਕਰ ਲਿਆ ਉਸ ਨੇ ਜੀਵਨ ਸਫਲ ਕਰ ਲਿਆ। ਪਰ ਇਸ ਦੀ ਪੂਰਨਤਾ ਦੀ ਜੁਗਤਿ ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲਣੀ ਹੈ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*
*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਸਮੇਂ ਦੀ ਸਫਲਤਾ ਸਰੀਰ ਦੇ ਸਾਰੇ ਅੰਗਾਂ ਦੀ ਸਫਲਤਾ ਹੈ -

*ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥*
*ਅੰਗ- ੯੬੪*

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਅੰਗ- ੯੨੨*

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥*
*ਅਨਹਤਿ ਰਾਤੇ ਇਹੁ ਮਨੁ ਲਾਇਆ ॥ ਅੰਗ- ੯੪੦*

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ- ੫੧੭*

ਸਮਾਂ ਉਹਨਾਂ ਦੀਆਂ ਯਾਦਾਂ ਦਿਵਾਉਂਦਾ ਹੈ ਜੋ ਸਮੇਂ ਨੂੰ ਸਫਲ ਕਰਕੇ ਗਏ ਹਨ। ਫਿਰ ਉਹਨਾਂ ਦੀਆਂ ਯਾਦਾਂ ਮਨਾਈਆਂ ਜਾਂਦੀਆਂ ਹਨ। ਸਮੇਂ ਦੀ ਬਰਬਾਦੀ ਵਾਲਿਆਂ ਦੀਆਂ ਯਾਦਾਂ ਨਹੀਂ ਮਨਾਈਆਂ ਜਾਂਦੀਆਂ। ਉਹਨਾਂ ਦੀ ਬਰਬਾਦੀ ਦੀਆਂ ਦਾਸਤਾਨਾਂ ਜ਼ਰੂਰ ਸੁਣਾਈਆਂ ਜਾਂਦੀਆਂ ਹਨ। ਰੱਬ ਦੇ ਪਿਆਰੇ ਸਮੇਂ ਦੇ ਨਾਲ ਸਦਾ ਅਮਰ ਹੋ ਜਾਂਦੇ ਹਨ -

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਅੰਗ- ੧੪੨੯*

ਬਾਬਾ ਫਰੀਦ ਦੇ ਆਖਰੀ ਬਚਨ 'ਅਲਹੂ ਅਲਕਯੂਮ' ਹੇ ਸਦਜੀਵਤ ਅੱਲਾ! ਤੂੰ ਹੀ ਸਦੀਵ ਰਹਿਣ ਵਾਲਾ ਹੈਂ। ਜੋ ਉਹਦੇ ਨਾਲ ਜੁੜ ਗਏ ਉਹ ਵੀ ਸਦ ਜੀਵਤ ਹੋ ਗਏ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ- ੮੪੬*

*(ਬਾਕੀ ਪੰਨਾ 26 'ਤੇ)*

# ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ
## (ਮਾਘ ਮਹੀਨੇ ਦੀ ਸੰਗਰਾਂਦ ਜਨਵਰੀ 14, 2019 ਦਿਨ ਸੋਮਵਾਰ)

ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਅਤੇ ਰਾਗ ਮਾਝ ਵਿਚ ਉਚਾਰਨ ਕੀਤੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚੋਂ ਮਾਘਿ ਮਹੀਨੇ ਦਾ ਪਾਠ ਤੇ ਉਸ ਦੀ ਸਰਲ ਵਿਆਖਿਆ।

ਰਾਗੁ ਤੁਖਾਰੀ ਮਹਲਾ ੧

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥

ਅੰਗ – ੧੧੦੯

ਪਦ ਅਰਥ – ਮਾਘ=ਮਾਘ ਨਖ੍ਹਤ੍ਰ ਵਾਲੀ ਪੂਰਨਮਾਸ਼ੀ ਦਾ ਮਹੀਨਾ। ਮਾਘਿ-ਮਾਘ ਮਹੀਨੇ ਵਿਚ। ਮਜਨੁ-ਚੁੱਭੀ। ਦਾਨੁ-ਨਾਮ ਦਾ ਦਾਨ। ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ। ਗੁਮਾਨੁ-ਅਹੰਕਾਰ। ਕਾਮਿ-ਕਾਮ ਵਿਚ। ਕਰੋਧਿ=ਕ੍ਰੋਧ ਵਿਚ। ਮੋਹੀਐ-ਠਗੇ ਜਾਈਦਾ ਹੈ। ਸੁਆਨੁ-ਕੁੱਤਾ। ਮਾਰਗਿ-ਰਸਤੇ ਉਤੇ। ਉਸਤਤਿ-ਸੋਭਾ। ਅਠਸਠਿ-ਅਠਾਹਠਿ। ਪਰਵਾਨਿ=ਮੰਨਿਆ-ਪ੍ਰਮੰਨਿਆ (ਧਾਰਮਿਕ ਕੰਮ) ਕਰਿ-ਕਰਕੇ। ਸੁਜਾਨੁ-ਸਿਆਣਾ। ਕਾਂਢੀਅਹਿ-ਆਖੇ ਜਾਂਦੇ ਹਨ।

ਪੋਹ ਦੇ ਮਹੀਨੇ ਠੰਢ, ਪਾਲਾ, ਕੱਕਰ ਖੂਬ ਪੈਂਦਾ ਹੈ, ਅਤਿ ਦੀ ਸਰਦੀ ਹੁੰਦੀ ਹੈ ਅਤੇ ਮਨੁੱਖ ਦੀ ਕਾਫੀ ਸ਼ਕਤੀ ਪਾਲੇ ਤੋਂ ਬਚਣ ਵਿਚ ਖਰਚ ਹੋ ਜਾਂਦੀ ਹੈ। ਪਰ ਜਿਹੜੇ ਪ੍ਰਾਣੀ ਨਾਮ ਦੀ ਨਿੱਘ ਮਾਣਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਪਿਆਰ ਤੇ ਮਿਲਾਪ ਦੀ ਲਗਨ ਹੁੰਦੀ ਹੈ, ਉਨ੍ਹਾਂ ਦੇ ਮਾਰਗ ਵਿਚ ਮੀਂਹ, ਝੱਖੜ, ਪਾਲਾ ਕੋਈ ਰੁਕਾਵਟ ਨਹੀਂ ਬਣਦੇ। ਫੁਰਮਾਨ ਹੈ –

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ*
*ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥* *ਅੰਗ – ੭੫੭*

ਮਾਘਿ ਦਾ ਮਹੀਨਾ ਤੀਰਥਾਂ ਦੇ ਇਸ਼ਨਾਨ ਲਈ ਬੜਾ ਸ਼ੁਭ ਤੇ ਪਵਿੱਤਰ ਮੰਨਿਆ ਜਾਂਦਾ ਹੈ। ਲੋਕ ਪ੍ਰਯਾਗ ਆਦਿ ਤੀਰਥਾਂ ਤੇ ਵਿਸ਼ੇਸ਼ ਤੌਰ ਤੇ ਇਸ਼ਨਾਨ ਕਰਨ ਲਈ ਜਾਂਦੇ ਹਨ। ਗੁਰੂ ਮਹਾਰਾਜ ਨੇ ਬਾਹਰੀ ਰਸਮਾਂ ਰਿਵਾਜਾਂ ਅਤੇ ਕਰਮਕਾਂਡੀ ਰੀਤਾਂ ਦੀ ਥਾਂ ਅੰਦਰਲੀ ਮਨ ਦੀ ਸ਼ੁੱਧਤਾ ਤੇ ਵਧੇਰੇ ਬਲ ਦਿਤਾ ਹੈ। ਸਾਰੀਆਂ ਧਾਰਮਿਕ ਕਿਰਿਆਵਾਂ ਪ੍ਰਮੇਸ਼ਵਰ ਦੀ ਖੁਸ਼ੀ ਲੈਣ ਲਈ ਕੀਤੀਆਂ ਜਾਂਦੀਆਂ ਹਨ। ਗੁਰੂ ਜੀ ਜਪੁ ਬਾਣੀ ਵਿਚ ਫੁਰਮਾਨ ਕਰਦੇ ਹਨ –

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥*
*ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥*

*ਅੰਗ – ੨*

ਅਰਥਾਤ ਮੈਂ ਤੀਰਥ ਉਤੇ ਜਾ ਕੇ ਤਦ ਇਸ਼ਨਾਨ ਕਰਾਂ ਜੇ ਇਉਂ ਕਰਨ ਨਾਲ ਉਸ ਪ੍ਰਮਾਤਮਾ ਨੂੰ ਖੁਸ਼ ਕਰ ਸਕਾਂ। ਪਰ ਜੇ ਇਸ ਤਰ੍ਹਾਂ ਪ੍ਰਮਾਤਮਾ ਖੁਸ਼ ਨਹੀਂ ਹੁੰਦਾ ਤਾਂ ਮੈਂ ਤੀਰਥਾਂ ਉਤੇ ਇਸ਼ਨਾਨ ਕਰਕੇ ਕੀ ਖੱਟਾਂਗਾ? ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਜਿਤਨੀ ਭੀ ਦੁਨੀਆਂ ਮੈਂ ਵੇਖਦਾ ਹਾਂ, ਇਸ ਵਿਚ ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਕਿਸੇ ਨੂੰ ਕੁਝ ਨਹੀਂ ਮਿਲਦਾ, ਕੋਈ ਕੁਝ ਨਹੀਂ ਲੈ ਸਕਦਾ। ਜਪੁਜੀ ਦੀ ਪਉੜੀ 21 ਵਿਚ ਆਪ ਜੀ ਸਮਝਾਉਂਦੇ ਹਨ –

*ਤੀਰਥੁ ਤਪੁ ਦਇਆ ਦਤੁ ਦਾਨੁ ॥*
*ਜੇ ਕੋ ਪਾਵੈ ਤਿਲ ਕਾ ਮਾਨੁ ॥*
*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ – ੪*

ਅਰਥਾਤ ਤੀਰਥ ਯਾਤਰਾ ਤੇ ਇਸ਼ਨਾਨ, ਤਪਾਂ ਦੀ ਸਾਧਨਾ, ਜੀਆਂ ਤੇ ਦਇਆ ਕਰਨੀ, ਦਿਤਾ ਹੋਇਆ ਦਾਨ, ਇਨ੍ਹਾਂ ਕਰਮਾਂ ਦੇ ਵੱਟੇ ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ, ਤਾਂ ਰਤਾ-ਮਾਤਰ ਹੀ ਮਿਲਦੀ ਹੈ ਪਰ ਜਿਸ ਮਨੁੱਖ ਨੇ ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜੀ ਹੈ, ਜਿਸ ਦਾ ਮਨ ਨਾਮ ਵਿਚ ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ ਅਕਾਲ ਪੁਰਖ ਦਾ ਪਿਆਰ ਜਮਾਇਆ ਹੋਇਆ ਹੈ, ਉਸ ਮਨੁੱਖ ਨੇ ਮਾਨੋ ਆਪਣੇ ਅੰਦਰਲੇ ਤੀਰਥ ਵਿਚ ਮਲ-ਮਲ ਕੇ ਇਸ਼ਨਾਨ ਕਰ ਲਿਆ ਹੈ ਅਤੇ ਆਪਣੇ ਅੰਦਰ ਵਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ।

ਏਸੇ ਦ੍ਰਿਸ਼ਟੀ ਤੋਂ ਗੁਰੂ ਮਹਾਰਾਜ ਮਾਘਿ ਮਹੀਨੇ ਦੇ ਆਰੰਭ ਵਿਚ ਫੁਰਮਾਨ ਕਰਦੇ ਹਨ –

*ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥*
*ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥*
*ਅੰਗ - ੧੧੦੯*

ਅਰਥਾਤ ਮਾਘ ਦੇ ਮਹੀਨੇ ਵਿਚ ਜਿਸ ਜੀਵ ਨੇ ਆਪਣੇ ਹਿਰਦੇ ਰੂਪੀ ਤੀਰਥ ਨੂੰ ਪਛਾਣ ਲਿਆ ਹੈ ਅਤੇ ਨਾਮ ਦੇ ਪਵਿੱਤਰ ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕੀਤਾ ਹੈ, ਉਸ ਦੀ ਜਿੰਦ ਪੂਰਨ ਤੌਰ ਤੇ ਪਵਿੱਤਰ ਹੋ ਜਾਂਦੀ ਹੈ। ਅਸਲ ਤੀਰਥ ਇਸ਼ਨਾਨ ਪ੍ਰਮਾਤਮਾ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ ਅਤੇ ਉਸ ਦੇ ਚਰਨਾਂ ਵਿਚ ਲੀਨ ਹੋਣਾ ਹੈ ਜਿਸ ਨਾਲ ਪੂਰਨ ਟਿਕਾਉ ਦੀ ਸਹਿਜ ਅਵਸਥਾ ਪ੍ਰਾਪਤ ਹੋ ਕੇ ਸੱਜਣ-ਪ੍ਰਭੂ ਦਾ ਮਿਲਾਪ ਬਖਸ਼ਿਸ਼ ਹੁੰਦਾ ਹੈ।

ਮਾਘ ਦੇ ਮਹੀਨੇ ਵਿਚ ਬਹੁਤ ਭਾਰਤਵਾਸੀ ਗੰਗਾ, ਜਮਨਾ, ਸਰਸਵਤੀ ਅਤੇ ਜਿੱਥੇ ਇਨ੍ਹਾਂ ਨਦੀਆਂ ਦਾ ਮਿਲਾਪ ਹੁੰਦਾ ਹੈ, ਤ੍ਰਿਬੈਣੀ ਵਿਖੇ ਇਸ਼ਨਾਨ ਕਰਨ ਨੂੰ ਵੱਡਾ ਪੁੰਨ ਮੰਨਦੇ ਹਨ ਪਰ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਸੋਹਣੇ ਪ੍ਰੀਤਮ ਪ੍ਰਭੂ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ ਤੇਰੀ ਸਿਫਤਿ-ਸਾਲਾਹ ਸੁਣ ਕੇ, ਨਾਮ ਜਪ ਕੇ ਤੈਨੂੰ ਚੰਗਾ ਲੱਗਣ ਲਗ ਪਵਾਂ ਤਾਂ ਮਾਨੋ ਮੈਂ ਅਨੇਕ ਤੀਰਥਾਂ ਤੇ ਇਸ਼ਨਾਨ ਕਰ ਲਿਆ ***(ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ)*** ਪਿਆਰੇ ਪ੍ਰਭੂ ਦੇ ਚਰਨਾਂ ਵਿਚ ਲੀਨਤਾ ਦੀ ਅਵਸਥਾ ਹੀ ਗੰਗਾ ਜਮਨਾ ਸਰਸਵਤੀ ਤਿੰਨਾਂ ਨਦੀਆਂ ਦੇ ਮਿਲਾਪ ਦੀ ਥਾਂ ਅਰਥਾਤ ਤ੍ਰਿਬੈਣੀ ਹੈ, ਉਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ ***(ਗੰਗਾ ਜਮੁਨਾ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ)*** ਨਾਮ-ਜਾਪ-ਸਿਮਰਨ ਰਾਹੀਂ, ਪ੍ਰਭੂ ਗੁਣ-ਗਾਇਨ ਰਾਹੀਂ ਜਿਹੜਾ ਮਨੁੱਖ ਪ੍ਰਭੂ ਪਿਆਰ ਪਾ ਲੈਂਦਾ ਹੈ, ਹਰੇਕ ਜੁਗ ਵਿਚ ਵਿਆਪਕ ਇਕ ਪ੍ਰਮੇਸ਼ਰ ਨੂੰ ਜਾਣ ਲੈਂਦਾ ਹੈ, ਮਾਨੋ ਉਸ ਨੇ ਸਭ ਤੀਰਥਾਂ ਦੇ ਇਸ਼ਨਾਨ ਅਤੇ ਸਾਰੇ ਪੁੰਨ ਕਰਮ ਦਾਨ ਤੇ ਪੂਜਾ ਆਦਿ ਕਰ ਲਏ ***(ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ)*** ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਵੀ ਐਸੇ ਗੁਰੂ ਪਿਆਰੇ ਨੇ ਮਾਨੋ ਪ੍ਰਾਪਤ ਕਰ ਲਿਆ। ***(ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ)*** ਅਸਲ ਤੀਰਥ ਇਸ਼ਨਾਨ ਨਾਮ-ਸਰੋਵਰ ਦਾ ਇਸ਼ਨਾਨ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ ਅੰਗ - ੬੮੭*

ਅਰਥਾਤ ਮੈਂ ਭੀ ਤੀਰਥ ਉਤੇ ਇਸ਼ਨਾਨ ਕਰਨ ਜਾਂਦਾ ਹਾਂ ਪਰ ਮੇਰੇ ਵਾਸਤੇ ਪ੍ਰਮਾਤਮਾ ਦਾ ਨਾਮ ਹੀ ਵੱਡਾ ਤੀਰਥ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰ-ਮੰਡਲ ਵਿਚ ਟਿਕਾਣਾ ਮੇਰੇ ਵਾਸਤੇ ਮਹਾਨ ਤੀਰਥ ਹੈ ਕਿਉਂਕਿ ਇਸ ਦੀ ਬਰਕਤ ਨਾਲ ਮੇਰੇ ਅੰਦਰ ਪ੍ਰਮਾਤਮਾ ਨਾਲ ਡੂੰਘੀ ਸਾਂਝ ਬਣਦੀ ਹੈ।ਸਤਿਗੁਰੂ ਦਾ ਬਖਸ਼ਿਆ ਇਹ ਗਿਆਨ ਮੇਰੇ ਵਾਸਤੇ ਸਦਾ ਕਾਇਮ ਰਹਿਣ ਵਾਲਾ ਤਰੀਥ ਅਸਥਾਨ ਹੈ, ਮੇਰੇ ਵਾਸਤੇ ਦਸ ਪਵਿੱਤਰ ਦਿਹਾੜੇ (ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਚਾਨਣਾ, ਐਤਵਾਰ, ਸੂਰਜ ਗ੍ਰਹਿਣ, ਚੰਦ ਗ੍ਰਹਿਣ, ਦੋ ਅਸ਼ਟਮੀਆਂ, ਦੋ ਚੌਂਦੇ) ਹਨ, ਦਸਾਹਰਾ ਹੈ, ਦਸ ਪਾਪ ਹਰਨ ਕਰਨ ਵਾਲਾ ਦਿਨ ਹੈ, ਗੰਗਾ ਦਾ ਜਨਮ ਦਿਨ ਹੈ। ਮੈਂ ਤਾਂ ਪ੍ਰਭੂ ਦਾ ਨਾਮ ਹੀ ਮੰਗਦਾ ਹਾਂ ਤੇ ਅਰਦਾਸ ਕਰਦਾ ਹਾਂ, ਹੇ ਧਰਤੀ ਦੇ ਆਸਰੇ ਪ੍ਰਭੂ! ਮੈਨੂੰ ਆਪਣਾ ਨਾਮ ਦੇਹ। ਸਾਰਾ ਜਗਤ ਵਿਕਾਰਾਂ ਵਿਚ ਰੋਗੀ ਹੋਇਆ ਪਿਆ ਹੈ, ਪ੍ਰਮਾਤਮਾ ਦਾ ਨਾਮ ਹੀ ਇਨ੍ਹਾਂ ਰੋਗਾਂ ਦਾ ਇਲਾਜ ਹੈ। ਸੱਚੇ ਨਾਮ ਤੋਂ ਬਿਨਾਂ ਮਨ ਨੂੰ ਵਿਕਾਰਾਂ ਦੀ ਮੈਲ ਲਗ ਜਾਂਦੀ ਹੈ। ਗੁਰੂ ਦਾ ਪਵਿੱਤਰ ਸ਼ਬਦ ਮਨੁੱਖ ਨੂੰ ਸਦਾ ਆਤਮਕ ਚਾਨਣ ਦਿੰਦਾ ਹੈ, ਇਹੀ ਸਦਾ ਰਹਿਣ ਵਾਲਾ ਤੀਰਥ ਹੈ, ਇਹੀ ਤੀਰਥ ਇਸ਼ਨਾਨ ਹੈ।

************

ਰਾਗੁ ਮਾਝ ਬਾਰਹਮਾਹਾ ਮਹਲਾ ੫

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥
ਅੰਗ - ੧੩੫

ਮਾਘਿ ਦੇ ਮਹੀਨੇ ਦਾ ਪਹਿਲਾ ਦਿਨ ਅਰਥਾਤ ਮਾਘ ਨਖ੍ਹਤ੍ਰ ਵਾਲੀ ਪੂਰਨਮਾਸ਼ੀ ਵਾਲੇ ਮਹੀਨੇ ਦਾ ਪਹਿਲਾ ਦਿਨ ਹਿੰਦੂ ਸਾਸ਼ਤਰਾਂ ਅਨੁਸਾਰ ਬੜਾ ਪਵਿੱਤਰ ਦਿਹਾੜਾ ਮੰਨਿਆ ਗਿਆ ਹੈ। ਮਾਘੀ ਦੇ ਦਿਨ ਹਿੰਦੂ ਸੱਜਣ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਸਮਝਦੇ ਹਨ ਪਰ ਗੁਰੂ ਮਹਾਰਾਜ ਬਾਹਰੀ ਸਾਰੀਆਂ ਕ੍ਰਿਆਵਾਂ ਨੂੰ ਫੋਕਟ ਕਰਮ ਮੰਨਦੇ ਹਨ ਕਿਉਂਕਿ ਜਿੰਨਾ ਵੀ ਕੋਈ ਵਧੇਰੇ ਤੀਰਥਾਂ ਤੇ ਘੁੰਮਦਾ ਹੈ, ਓਨਾਂ ਵਧੇਰੇ ਉਹ ਹਉਮੈ-ਵਾਦੀ ਹੋ ਕੇ ਲੋਕਾਂ ਨੂੰ ਆਪਣੀ ਤੀਰਥ ਯਾਤਰਾ ਬਾਰੇ ਦਸਦਾ ਫਿਰਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਬਹੁ ਤੀਰਥ ਭਵਿਆ ਤੇਤੋ ਲਵਿਆ॥ ਅੰਗ - ੪੬੭*

ਜਿਤਨਾ ਭੀ ਕੋਈ ਬਹੁਤੇ ਤੀਰਥਾਂ ਦੀ ਯਾਤਰਾ ਕਰਦਾ ਹੈ ਉਤਨਾ ਹੀ ਥਾਂ-ਥਾਂ ਦਸਦਾ ਫਿਰਦਾ ਹੈ (ਕਾਂ ਵਾਂਗ ਲਉਂ-ਲਉਂ ਕਰਦਾ ਹੈ) ਕਿ ਮੈਂ ਫਲਾਣੇ-ਫਲਾਣੇ

ਤੀਰਥਾਂ ਦੀ ਯਾਤਰਾ ਕਰ ਕੇ ਆਇਆ ਹਾਂ। ਸੋ ਤੀਰਥ ਯਾਤਰਾ ਭੀ ਲਾਭਕਾਰੀ ਹੋਣ ਦੀ ਥਾਂ ਅਹੰਕਾਰ ਦਾ ਹੀ ਕਾਰਨ ਬਣਦੀ ਹੈ। ਇਸੇ ਪ੍ਰਸੰਗ ਵਿਚ ਮਾਘਿ ਦੇ ਮਹੀਨੇ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਪ੍ਰਾਣੀ! ਤੂੰ ਇਸ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਕਰਨ ਦੀ ਥਾਂ ਗੁਰਮੁਖਾਂ, ਗੁਰੂ ਪਿਆਰੇ ਸਾਧੂ ਜਨਾਂ ਦੀ ਸੰਗਤ ਕਰ, ਤੇਰੇ ਲਈ ਏਹੀ ਤੀਰਥਾਂ ਦਾ ਇਸ਼ਨਾਨ ਹੈ, ਮਨ ਵਿਚ ਨਿਮਰਤਾ ਲਿਆ, ਇਉਂ ਉਨ੍ਹਾਂ ਦੀ ਚਰਨ ਧੂੜ ਦਾ ਇਸ਼ਨਾਨ ਕਰ। ***(ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ)*** ਉਨ੍ਹਾਂ ਗੁਰੂ ਪਿਆਰਿਆਂ ਦੀ ਸੰਗਤ ਵਿਚ ਪ੍ਰਭੂ ਦਾ ਨਾਮ ਜਪ, ਪ੍ਰਮਾਤਮਾ ਦੀ ਸਿਫਤਿ ਸਾਲਾਹ ਸੁਣ। ਨਾਮ ਅਭਿਆਸੀਆਂ, ਗੁਰਮੁਖਾਂ, ਗੁਰਸਿੱਖਾਂ, ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿਚ ਨਾਮ-ਸਿਮਰਨ-ਅਭਿਆਸ ਦੇ ਇਸ਼ਨਾਨ ਕਰਨ ਦੀ ਬਹੁਤ ਮਾਨਤਾ ਤੇ ਮਹਾਨਤਾ ਹੈ। ਐਸੀ ਸੰਗਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ***ਸੰਤ ਕਾ ਸੰਗ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮ ਧਿਆਈਐ॥*** ਸਾਧੂ ਸੰਤਾਂ, ਨਾਮ-ਅਭਿਆਸੀ ਗੁਰਮੁਖਾਂ ਦੀ ਸੰਗਤ ਵਿਚ ਘੋਰ ਪਾਪਾਂ ਦਾ ਨਾਸ਼ ਹੁੰਦਾ ਹੈ।

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ -

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨਕੀ ਪੂਰੇ।*
*ਨਾਨਕ ਦਾਸੁ ਇਹੈ ਸੁਖੁ ਮਾਂਗੈ*
*ਮੋ ਕਉ ਕਰਿ ਸੰਤਨ ਕੀ ਧੂਰੈ॥* *ਅੰਗ- ੧੩*

ਆਪ ਜਪੁ ਅਤੇ ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤ ਵੰਡ ***(ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ)*** ਗੁਰੂ ਰਾਮਦਾਸ ਜੀ ਗੁਰਸਿੱਖ ਦੀ ਪਰਿਭਾਸ਼ਾ ਹੀ ਇਹੋ ਦਸਦੇ ਹਨ ਕਿ ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ ਨਾਮ ਧਿਆਉਂਦਾ ਹੈ। ਅਰਥਾਤ ਨਾਮ ਨੂੰ ਜਪਣਾ ਅਤੇ ਸੁਣਨਾ। ਨਾਮ ਰਸਨਾ ਨਾਲ ਜਪਣਾ ਹੈ ਅਤੇ ਰਸਨਾ ਨਾਲ ਉਚਾਰੇ, ਜਪੇ, ਗੁਰਮੰਤਰ ਵਾਹਿਗੁਰੂ-ਵਾਹਿਗੁਰੂ ਨੂੰ ਕੰਨਾਂ ਨਾਲ ਸੁਣਨਾ ਹੈ। ਇੰਜ ਧਿਆਨ ਜੁੜਦਾ ਹੈ। ਗੁਰਬਾਣੀ ਨੂੰ ਵੀ ਧਿਆਨ ਨਾਲ ਪੜ੍ਹਨਾ, ਕੰਨਾਂ ਨਾਲ ਸੁਣਨਾ ਅਤੇ ਜੀਵਨ ਵਿਚ ਧਾਰਨ ਕਰਨਾ ਹੀ ਨਾਮ ਜਪਣਾ ਹੈ। ਗੁਰਬਾਣੀ ਦਾ ਸਪੱਸ਼ਟ ਉਪਦੇਸ਼ ਹੈ ਆਪ ਨਾਮ ਜਪਣਾ ਹੈ ਅਤੇ ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਤ ਕਰਨਾ ਹੈ। ਗੁਰਮੁਖ ਆਪ ਨਾਮ ਜਪਦਾ ਹੈ ਅਤੇ ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਤ ਕਰਦਾ ਹੈ। ਐਸੇ ਗੁਰਸਿੱਖ ਦੀ ਗੁਰੂ ਮਹਾਰਾਜ ਚਰਨ ਧੂੜ ਬਾਂਛਦੇ ਹਨ ਅਰਥਾਤ ਬਹੁਤ ਸਤਿਕਾਰ ਦਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
.....................................
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੫*

ਇਸ ਤਰ੍ਹਾਂ ਨਾਮ-ਜਪ-ਸਿਮਰਨ ਰਾਹੀਂ ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ ਤੇਰੇ ਮਨ ਤੋਂ ਉਤਰ ਜਾਵੇਗੀ ਅਤੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਏਗਾ। ***(ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ)*** ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਪਾਣੀ ਦੇ ਇਸ਼ਨਾਨ ਨਾਲ ਸਰੀਰ ਦੀ ਮੈਲ ਉਤਰਦੀ ਹੈ, ਕਪੜਿਆਂ ਦੀ ਮੈਲ ਸਾਬਣ ਲਾਇਆਂ ਲਥਦੀ ਹੈ ਪਰ ਜੇ ਮਨੁੱਖ ਦੀ ਮਨ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਵੇ ਤਾਂ ਉਹ ਪਾਪਾਂ ਦੀ ਮੈਲ ਅਕਾਲ ਪੁਰਖ ਦੇ ਨਾਮ-ਪਿਆਰ ਨਾਲ ਧੋਤੀ ਜਾਂਦੀ ਹੈ -

*ਭਰੀਐ ਹਥੁ ਪੈਰੁ ਤਨੁ ਦੇਹ ॥*
*ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥*
*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥* *ਅੰਗ - ੪*

ਜਦੋਂ ਅਭਿਆਸੀ, ਜਗਿਆਸੂ, ਗੁਰੂ ਪਿਆਰਾ ਸਾਧਕ ਸੰਤ-ਸਾਧੂ, ਨਾਮ-ਅਭਿਆਸੀ ਦੀ ਸੰਗਤ ਵਿਚ ਨਾਮ-ਸਿਮਰਨ ਵਿਚ ਲਿਵ ਜੋੜਦਾ ਹੈ ਤਾਂ ਉਸ ਦੀ ਕਈ ਜਨਮਾਂ ਤੋਂ ਮਨ ਉਪਰ ਇਕੱਠੀ ਹੋਈ ਕਰਮਾਂ ਦੀ ਮੈਲ ਧੁਲ ਜਾਂਦੀ ਹੈ, ਨਾਮ ਅੰਦਰ ਵਸ ਜਾਣ ਤੇ ਮਨ ਵਿਚ ਅਹੰਕਾਰ-ਹਉਮੈ ਵੀ ਨਾਸ਼ ਹੋ ਜਾਂਦਾ ਹੈ ਕਿਉਂਕਿ ਜਿਥੇ ਹਉਮੈ ਹੈ, ਓਥੇ ਨਾਮ ਨਹੀਂ ਹੁੰਦਾ। ਹਉਮੈ ਤੇ ਨਾਮ ਦੋਵੇਂ ਇਕ ਥਾਂ ਨਹੀਂ ਵਸਦੇ, ਐਸਾ ਬਾਣੀ ਦਾ ਵਿਧਾਨ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਅੰਗ - ੫੬੦*

ਨਾਮ-ਅਭਿਆਸੀ ਕਾਮ, ਕ੍ਰੋਧ ਦੀ ਮਾਰ ਤੋਂ ਵੀ ਬਚਿਆ ਰਹਿੰਦਾ ਹੈ, ਲੋਭ-ਕੁੱਤਾ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ, ਆਸ਼ਾ-ਤ੍ਰਿਸ਼ਨਾ ਦੇ ਰੋਗ - ਉਸ ਤੋਂ ਦੂਰ ਰਹਿੰਦੇ ਹਨ, ਐਸੀ ਗੁਰੂ ਜੀ ਦੀ ਬਖਸ਼ਿਸ਼ ਹੁੰਦੀ ਹੈ, ਨਾਮ-ਅਭਿਆਸੀ ਉਪਰ -

*ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥*
*ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥*
*ਅੰਗ - ੫੯*

*ਗੁਰਮੁਖਿ ਹਰਿ ਜੀਉ ਸਦਾ ਧਿਆਵਹੁ*

*ਜਬ ਲਗੁ ਜੀਅ ਪਰਾਨ ॥*
*ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥*
*ਅੰਗ - ੧੩੩੪*

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਅੰਗ- ੧੩੬*

ਤੀਰਥਾਂ ਦੇ ਇਸ਼ਨਾਨ ਨਾਲ ਸਰੀਰ ਭਾਵੇਂ ਧੋਤਾ ਜਾਵੇ ਪਰ ਮਨ ਦੇ ਵਿਕਾਰ ਨਹੀਂ ਧੋਤੇ ਜਾਂਦੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਵੇਂ ਕਿਵੇਂ ਕਾਇਮ ਰਹਿੰਦੇ ਹਨ ਪਰ ਨਾਮ ਸਿਮਰਨ ਦੀ ਬਰਕਤ ਨਾਲ ਕਾਮ, ਕ੍ਰੋਧ ਵਿਚ ਨਹੀਂ ਫਸੀਦਾ, ਲੋਭ ਕੁੱਤਾ (ਲੋਭੁ ਸੁਆਨੁ) ਵੀ ਭੌਂਕਣੋਂ ਹਟ ਜਾਂਦਾ ਹੈ ਅਰਥਾਤ ਲੋਭ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ-ਦਰ ਤੇ ਭਟਕਦਾ ਹੈ, ਇਹ ਭਟਕਣਾ ਵੀ ਨਾਮ ਸਿਮਰਨ ਨਾਲ ਮੁੱਕ ਜਾਂਦੀ ਹੈ। ***(ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ)*** ਪ੍ਰਭੁ ਦੀ ਸ਼ਰਨ ਵਿਚ ਜਾਣ ਨਾਲ, ਨਾਮ ਸਿਮਰਨ ਦੇ ਅਭਿਆਸ ਰਾਹੀਂ ਸਾਰੇ ਵਿਸ਼ੇ-ਵਿਕਾਰ ਨਿਯੰਤਰਣ ਵਿਚ ਆ ਜਾਂਦੇ ਹਨ। ਫੁਰਮਾਨ ਹੈ -

*ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥*
*ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥*
*ਅੰਗ - ੨੬੯*

ਨਾਮ-ਸਿਮਰਨ ਦੇ ਸੱਚੇ ਮਾਰਗ ਤੇ ਤੁਰਿਆਂ ਜਗਤ ਭੀ ਸੋਭਾ ਕਰਦਾ ਹੈ। ***(ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ)*** ਨਾਮ-ਸਿਮਰਨ ਵਾਲੇ ਪ੍ਰਾਣੀ ਨੂੰ ਧਾਰਮਿਕ ਕਰਮ ਕਾਂਡਾਂ ਤੇ ਰਸਮੀ ਕ੍ਰਿਆਵਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਅਠਾਹਠ ਤੀਰਥਾਂ ਦੇ ਇਸ਼ਨਾਨ ਸਾਰੇ ਪੁੰਨ ਕਰਮ, ਜੀਵਾਂ ਉਤੇ ਦਇਆ ਕਰਨੀ, ਜੋ ਉਚੀ ਧਾਰਮਿਕ ਕਿਰਿਆ ਮੰਨੀ ਜਾਂਦੀ ਹੈ, ਇਹ ਸਭ ਕੁਝ ਨਾਮ-ਸਿਮਰਨ ਦੇ ਵਿਚ ਹੀ ਆ ਜਾਂਦਾ ਹੈ। ***(ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ)*** ਨਾਮ-ਸਿਮਰਨ ਵੀ ਉਸ ਦੀ ਦਾਤ ਹੈ। ਜਿਸ ਉਪਰ ਉਸ ਦੀ ਕ੍ਰਿਪਾ ਹੁੰਦੀ ਹੈ, ਉਸਨੂੰ ਹੀ ਇਹ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

*ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥*
*ਅੰਗ - ੮੩*

*ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*
*ਅੰਗ- ੯੪੭*

ਮਾਇਆ ਦਾ, ਮੋਹ ਦਾ ਸੰਸਾਰੀ ਮਾਰਗ, ਝੂਠ, ਪਾਖੰਡ, ਫਰੇਬ ਦਾ ਮਾਰਗ ਹੈ। ਧਨ ਜੋੜਨ ਦੀ ਲਾਲਸਾ, ਪਦਵੀਆਂ ਪ੍ਰਾਪਤ ਕਰਨ ਦੀ ਹਿਰਸ, ਜਰ ਜੋਰੂ ਜ਼ਮੀਨ ਦੀਆਂ ਲੜਾਈਆਂ ਝਗੜੇ, ਮਨੁੱਖ ਦੀ ਸਾਰੀ ਆਯੂ ਇਸ ਝੂਠ ਦੀ ਦੁਨੀਆਂ ਵਿਚ ਬਰਬਾਦ ਹੋ ਜਾਂਦੀ ਹੈ। ਸਤਿਗੁਰੂ ਤੋਂ ਸੱਚੇ, ਸੱਚ ਦੇ ਮਾਰਗ, ਪਰਮਾਤਮ ਦੇ ਨਾਮ-ਮਾਰਗ, ਦੀ ਸੋਝੀ ਹੁੰਦੀ ਹੈ, ਜਿਸ ਤੇ ਚਲਦਿਆਂ ਆਪਣੇ ਨਿੱਜ-ਸਰੂਪ, ਪਰਮਾਤਮ-ਸਰੂਪ ਦੀ ਪਛਾਣ ਹੁੰਦੀ ਹੈ, ਪਰਮੇਸ਼ਰ ਦੀ ਬਖਸ਼ਿਸ਼ ਤੇ ਮਿਲਾਪ ਪ੍ਰਾਪਤ ਹੁੰਦਾ ਹੈ ਤੇ ਲੋਕ-ਪਰਲੋਕ ਵਿਚ ਸੱਚੀ ਵਡਿਆਈ ਪ੍ਰਾਪਤ ਹੁੰਦੀ ਹੈ। ਸੰਸਾਰਕ ਸ਼ੋਭਾ, ਝੂਠੀ, ਮਤਲਬੀ ਤੇ ਲਾਲਚ ਭਰੀ ਹੁੰਦੀ ਹੈ, ਮਤਲਬ ਪੂਰਾ ਨਾ ਹੋਣ ਤੇ ਦੋਸਤੀ ਦੁਸ਼ਮਨੀ ਵਿਚ ਬਦਲ ਜਾਂਦੀ ਹੈ। ਸੱਚਾ ਪਿਆਰ, ਪ੍ਰਭੂ ਪਿਆਰ, ਸਦਾ ਦਾ ਸਦੀਵ ਕਾਲ ਲੋਕ ਪ੍ਰਲੋਕ ਵਿਚ ਨਿਭਦਾ ਹੈ। ਸੱਚੀ ਕਮਾਈ ਵਿਚ, ਨੇਕ ਕਿਰਤ ਵਿਚ ਬਰਕਤ ਹੈ, ਵੰਡ ਛਕਣ ਵਿਚ ਪ੍ਰਭੂ-ਪਿਆਰ। ਇਹ ਸੱਚੀ ਕਿਰਿਆ ਹੈ। ਬਾਕੀ ਦੇ ਕਰਮ ਕਾਂਡ, ਅਠਾਹਠ ਤੀਰਥਾਂ ਦੇ ਇਸ਼ਨਾਨ, ਪਾਪਾਂ ਦੀ ਕਮਾਈ ਕਰਕੇ ਕੀਤੇ ਅਨੇਕ ਦਾਨ ਇਤਿਆਦਿ ਕਰਨ ਨਾਲ ਮਨ ਨਿਰਮਲ ਨਹੀਂ ਹੁੰਦਾ। ਨੇਕ ਕਿਰਤ, ਸਤਿ-ਪੁਰਸ਼ਾਂ ਦੀ ਸੰਗਤ ਵਿਚ ਜਪਿਆ ਨਾਮ ਅਤੇ ਹੋਰਨਾਂ ਨੂੰ ਨਾਮ ਨਾਲ ਲਿਵ ਜੋੜਨ ਦੀ ਪ੍ਰੇਰਨਾ ਕਰਨੀ ਹੀ ਸੱਚੀ ਦਇਆ ਹੈ ਜੋ ਪ੍ਰਭੂ ਦੇ ਦਰਬਾਰ ਵਿਚ ਪਰਵਾਨ ਹੁੰਦੀ ਹੈ।

*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਅੰਗ - ੧੩੬*

ਪ੍ਰਮਾਤਮਾ ਕ੍ਰਿਪਾ ਕਰਕੇ ਜਿਸ ਮਨੁੱਖ ਨੂੰ ਸਿਮਰਨ ਦੀ ਦਾਤ ਦਿੰਦਾ ਹੈ, ਉਹ ਮਨੁੱਖ ਹੀ ਅਸਲ ਅਰਥਾਂ ਵਿਚ ਸਿਆਣਾ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਨੇ ਜੀਵਨ ਦੇ ਸਹੀ ਲਕਸ਼ ਅਤੇ ਸਹੀ ਰਸਤੇ ਦੀ ਪਛਾਣ ਕਰ ਲਈ ਹੁੰਦੀ ਹੈ ***(ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ)*** ਗੁਰੂ ਜੀ ਐਸੇ ਗੁਰੂ ਪਿਆਰੇ, ਗੁਰਸਿੱਖਾਂ, ਗੁਰਮੁਖਾਂ ਹਰੀ ਜਨਾਂ ਤੋਂ ਸਦਕੇ ਜਾਂਦੇ ਹਨ ਜਿਨ੍ਹਾਂ ਨੂੰ ਨਾਮ ਸਿਮਰਨ ਰਾਹੀਂ ਪਿਆਰੇ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ***(ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ)*** ਗੁਰੂ ਜੀ ਉਪਦੇਸ਼ ਕਰਦੇ ਕਹਿੰਦੇ ਹਨ ਕਿ ਮਾਘ ਮਹੀਨੇ ਵਿਚ ਸਿਰਫ ਉਹੀ ਬੰਦੇ ਸੁੱਚੇ ਆਖੇ ਜਾ ਸਕਦੇ ਹਨ ਜਿਨ੍ਹਾਂ ਉਤੇ ਪੂਰਾ ਸਤਿਗੁਰੂ ਦਇਆਵਾਨ ਹੋ ਕੇ ਸਿਮਰਨ ਦੀ ਦਾਤ ਬਖਸ਼ਿਸ਼ ਕਰਦਾ ਹੈ।

*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*
*ਅੰਗ - ੧੩੫*

ਕੇਵਲ ਦੁਨਿਆਵੀ ਗਿਆਨ ਹਾਸਲ ਕਰਨਾ ਅਸਲ ਸੱਚਾ ਗਿਆਨ ਨਹੀਂ। ਦੁਨਿਆਵੀ ਗਿਆਨ ਵਾਲਾ ਗਿਆਨੀ ਆਪਣੀ ਦਿਮਾਗੀ ਚਲਾਕੀਆਂ ਨਾਲ ਸੰਸਾਰ ਨੂੰ ਠੱਗਦਾ ਹੈ, ਕਾਰਾਂ, ਕੋਠੀਆਂ, ਜ਼ਮੀਨਾਂ ਜਾਇਦਾਦਾਂ ਦਾ ਮਾਲਕ ਬਣ ਕੇ ਸ਼ੁਹਰਤ ਹਾਸਲ ਕਰਦਾ ਹੈ ਅਤੇ ਆਪਣੇ

*(ਬਾਕੀ ਪੰਨਾ 26 'ਤੇ)*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸਵ - 13 ਜਨਵਰੀ, ਐਤਵਾਰ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਗੁਰ ਪੁਰਖ ਅਗੰਮੁ ਹੈ, ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
***ਭਾਈ ਗੁਰਦਾਸ ਜੀ, ਵਾਰ 34/1***

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਆਹ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ। ਕਿਉਂਕਿ ਇਸ ਦਿਨ ਦੀ ਉਡੀਕ ਦੇ ਵਿਚ ਹਜ਼ਾਰਾਂ ਸਾਲ ਮਨੁੱਖ ਨੂੰ ਇੰਤਜ਼ਾਰ ਕਰਨਾ ਪਿਆ ਤੇ ਜੋ ਵੱਡੇ ਮਹਾਂਪੁਰਸ਼ ਸੀ ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਝ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋ ਰਹੀ ਹੈ, ਜਿਸ ਨੇ ਸੰਸਾਰ ਨੂੰ ਐਸਾ ਰਾਹ ਦੱਸਣਾ ਹੈ, ਭਰਮਾਂ ਤੇ ਭੇਖਾਂ ਤੋਂ ਨਿਆਰਾ ਤੇ ਨਾਲ ਮਨੁੱਖ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਵੀ ਅਜੀਬ ਸਬਕ ਦੇਣਾ ਹੈ।

ਈਸਾ ਜੀ, ਦੋ ਹਜ਼ਾਰ ਸਾਲ ਪਹਿਲਾਂ, ਇਕ ਦਿਨ ਇਬਾਦਤ 'ਚੋਂ ਉਠੇ, ਬਹੁਤ ਆਪ ਦੇ ਨਕਸ਼ ਗੰਭੀਰ ਹੋਏ-ਹੋਏ ਸਨ। ਨਾਲ ਦੇ ਜੋ ਪਿਤਰਸ ਵਗੈਰਾ ਸਨ ਉਨ੍ਹਾਂ ਨੇ ਪੁੱਛਿਆ ਕਿ ਹਜ਼ਰਤ! ਆਪ ਅੱਜ ਐਨੇ ਗੰਭੀਰ ਹੋ, ਕ੍ਰਿਪਾ ਕਰੋ ਜੇ ਕੋਈ ਅਲੌਕਿਕ ਬਾਤ ਅੱਜ ਖੁਦਾ ਦੇ ਦਰ ਤੇ ਤੁਸੀਂ ਦੇਖੀ ਹੈ? ਸਾਡੇ ਨਾਲ ਉਹ ਸਾਂਝੀ ਕਰੋ।

ਕਿਉਂਕਿ ਈਸਾ ਜੀ ਦੇ ਜਿੰਨੇ ਉਪਦੇਸ਼ ਨੇ ਬਾਈਬਲ ਦੇ ਅੰਦਰ, ਉਹ ਇਸ ਤਰ੍ਹਾਂ ਨਹੀਂ ਹੈ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਣੀ ਉਚਾਰੀ ਹੈ। ਮਹਾਰਾਜ ਨੇ ਤਾਂ ਇਕੋ ਵਾਰੀ ਕਹਿ ਦਿਤਾ ਕਿ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥* *ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥* *ਅੰਗ - ੭੬੩*

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥* *ਅੰਗ - ੬੨੮*

ਈਸਾ ਜੀ ਬਾਰ-ਬਾਰ ਦੱਸਿਆ ਕਰਦੇ ਸੀ ਕਿ ਅੱਜ ਸਾਨੂੰ ਫਰਿਸ਼ਤੇ ਨੇ ਆ ਕੇ ਆਹ ਗੱਲ ਕਹੀ ਹੈ, ਉਨ੍ਹਾਂ ਦੀ ਸਾਰੀ ਬਾਈਬਲ ਇਸੇ ਤਰ੍ਹਾਂ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਆਹ ਗੱਲ ਕਹੀ, ਅੱਜ ਇਹ ਗੱਲ ਕਹੀ। ਉਹ ਜੋੜਨੀ ਤੋੜਨੀ ਪੈਂਦੀ ਹੈ, ਆਪ ਸਮਝਣੀ ਪੈਂਦੀ ਹੈ ਕਿ ਕੀ ਬਣੀ ਗੱਲ। ਮੁਹੰਮਦ ਸਾਹਿਬ ਅੰਦਰ ਹੋ ਕੇ ਦੱਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ, ਫੱਟੀ ਦੇ ਉਤੇ ਅੱਜ ਆਹ ਚੀਜ਼ ਲਿਖੀ ਹੋਈ ਹੈ। ਇਹਨੂੰ ਕਹਿੰਦੇ ਸੀ ਆਇਤਾਂ ਉਤਰਦੀਆਂ ਨੇ, ਇਲਹਾਮ ਆਉਂਦਾ ਹੈ, ਰਿਸ਼ੀਆਂ-ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ। ਵੇਦਾਂ ਦੀ ਰਚਨਾ ਸਾਰੀ ਈਸ਼ਵਰ ਕਿਰਤ ਦੱਸਦੇ ਨੇ। ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ, ਇਲਹਾਮ ਆਇਆ ਹੈ, ਸਾਡੇ ਦੁਆਰਾ ਆਇਆ ਹੈ, ਅਸੀਂ ਉਹ ਤੁਹਾਨੂੰ ਪ੍ਰਗਟ ਕਰ ਦਿੰਦੇ ਹਾਂ। ਮੁਹੰਮਦ ਸਾਹਿਬ ਕਹਿੰਦੇ ਸੀ ਕਿ ਲੋਹ ਕਲਮ ਦੇ ਉਤੇ ਅੱਜ ਆਹ ਲਿਖਿਆ ਹੋਇਆ ਹੈ, ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਹਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦੋਂ ਪੁੱਛਿਆ ਕਿ ਮਹਾਰਾਜ! ਤੁਸੀਂ ਅੱਜ ਕੋਈ ਅਲੌਕਿਕ ਬਾਤ ਦੇਖੀ ਹੈ?

ਕਹਿਣ ਲੱਗੇ, "ਹਾਂ। ਅੱਜ ਦਰਗਾਹ ਤੋਂ ਇਕ ਹਸਤੀ ਨਮੋਦਾਰ ਹੋਈ ਹੈ, ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ, ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲਾ, ਸਿਰ ਦੇ ਉਤੇ ਕੇਸ ਹਨ ਪਰ ਢਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਪੱਗ ਬੰਨ੍ਹੀ ਹੋਈ ਹੈ। ਪੱਗ ਦੇ ਉਤੇ ਜੋ ਸਾਜੋ ਸ਼ਿੰਗਾਰ ਜੋ ਹੈ, ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ ਤੇ ਉਹ ਮੋਹਣੀ ਸੂਰਤ ਜੋ ਹੈ, ਘੋੜੇ ਦੇ ਉਤੇ ਸਵਾਰ ਹੈ। ਗਲ ਦੇ ਵਿਚ ਬਾਂਹ ਦੇ ਮੋਢੇ ਦੇ ਉਤੇ ਧਨੁਸ਼ ਬਾਣ ਲਟਕਦਾ ਹੈ ਤੇ ਪਿਛੇ ਸਵਰਨ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੀਆਂ ਮੁਖੀਆਂ ਵਾਲੇ ਤੀਰ ਤੇ ਉਸ ਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ। ਉਹ ਸਮਾਂ ਆਏਗਾ ਕਿ ਉਹ ਸੰਸਾਰ ਦੇ ਅੰਦਰ ਪ੍ਰਗਟ ਹੋਏਗਾ। ਪਰ ਅਜੇ ਸਮਾਂ ਹੈ।

ਸਮੇਂ ਦਾ ਹਿਸਾਬ-ਕਿਤਾਬ ਲਾਉਣਾ ਬੜਾ ਔਖਾ

ਹੋਇਆ ਕਰਦਾ ਹੈ। ਗੁਰੂ ਮਹਾਰਾਜ ਵੀ ਜਦੋਂ ਬਚਨ ਬੋਲਿਆ ਕਰਦੇ ਸੀ, ਉਸ ਵੇਲੇ ਸਮੇਂ ਦਾ ਹਿਸਾਬ-ਕਿਤਾਬ ਲਾਉਣਾ ਬਹੁਤ ਔਖਾ ਕੰਮ ਸੀ। ਕਹਿ ਦਿੰਦੇ ਸੀ ਕਿ ਸਮਾਂ ਦੇਖੋਂਗੇ, ਆਏਗਾ ਐਸਾ। ਹੌਲੀ-ਹੌਲੀ ਓਹੀ ਆਈ ਜਾਂਦਾ ਹੈ, ਕਿਉਂਕਿ ਸੌ ਸਾਖੀ ਜੋ ਹੈ ਅੰਗਰੇਜ਼ ਬੜਾ ਸਿਆਣਾ ਸ਼ਾਸਕ ਸੀ, ਉਹਨੇ ਕਿਹਾ ਕਿ ਜੇ ਸੌ ਸਾਖੀ ਰਹਿ ਗਈ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਐਉਂ ਹੋਣਾ ਹੈ।

ਇਕ ਬੇਦੀ ਸੀ ਲਾਹੌਰ ਦੇ, ਅੱਠ ਜ਼ੁਬਾਨਾਂ ਜਾਨਣ ਵਾਲੇ। ਉਨ੍ਹਾਂ ਨੂੰ ਲੱਖਾਂ ਰੁਪਏ ਦੇ ਕੇ ਕੋਠੀਆਂ ਦੇ ਕੇ ਵੱਡੀਆਂ ਸਵਾਰੀਆਂ ਵਗੈਰਾ ਦੇ ਕੇ ਇਹ ਉਸ ਤੋਂ ਕੰਮ ਕਰਾਇਆ ਕਿ ਤੂੰ ਸੌ ਸਾਖੀ ਨੂੰ ਸਮਝ ਪਹਿਲਾਂ। ਕਿਉਂਕਿ ਸੌ ਸਾਖੀ ਦੇ ਜੋ ਸੰਮਤ ਨੇ ਉਹ ਅੱਖਰਾਂ ਦੇ ਵਿਚ ਨਹੀਂ ਆਏ ਹੋਏ, ਸਿਫਰਾਂ, ਏਕੇ ਦੂਏ 'ਚ ਨਹੀਂ ਆਏ। ਉਹ ਸ਼ਬਦਾਂ ਦੇ ਵਿਚ ਆਏ ਹੋਏ ਨੇ, ਜੇ ਵੇਦ ਅੱਖਰ ਆ ਗਿਆ, ਤਾਂ ਇਹਦਾ ਮਤਲਬ ਹੈ ਕਿ ਚਾਰ ਹੋ ਗਿਆ। ਕਿਉਂਕਿ ਚਾਰ ਵੇਦ ਨੇ, ਇਸ ਤਰ੍ਹਾਂ ਦੇ ਨਾਲ। ਜੇ ਸੁੰਨ ਆ ਗਿਆ ਤਾਂ ਜ਼ੀਰੋ ਬਣ ਗਿਆ। ਆਕਾਸ਼ ਆ ਗਿਆ, ਆਕਾਸ਼ ਜ਼ੀਰੋ ਨੂੰ ਕਹਿੰਦੇ ਨੇ। ਉਹਨੇ ਸਾਰੇ ਸੰਮਤ ਵਿਗਾੜ ਕੇ ਜਿੰਨੇ ਵੀ ਵਾਕਿਆਤ ਸੀ, ਅੱਧਾ ਕਿਸੇ ਨਾਲ ਜੋੜ ਦਿਤਾ, ਅੱਧਾ ਕਿਸੇ ਨਾਲ ਤੇ ਉਹ ਸੌ ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿਤੀ। ਬਿਲਕੁਲ ਗਲਤ ਕਰ ਦਿਤੀ। ਉਸ ਤੋਂ ਬਾਅਦ ਇਹਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਇਨਾਮ ਮਿਲਿਆ, ਬੱਗੀ ਮਿਲੀ, ਘੋੜੇ ਸਵਾਰੀਆਂ, ਚਾਰ ਕੋਠੀਆਂ ਦਿਤੀਆਂ। ਪਿਛਲੀ ਉਮਰ ਦੇ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਇਹ ਸੂਰਜ ਡੁੱਬ ਰਿਹਾ ਹੈ। ਹੁਣ ਜੇ ਪ੍ਰਾਸ਼ਚਿਤ ਕਰ ਲਵੇ ਤੇ ਦੱਸ ਦੇਵੇ ਸਹੀ ਸੰਮਤ, ਕਿਹੜੀ ਤੁਕ ਕੀਹਦੇ ਨਾਲ ਜੋੜੀ ਹੈ, ਕਿਹੜੀ ਕੀਹਦੇ ਨਾਲ, ਤਾਂ ਵੀ ਆਪਾਂ ਕੁਝ ਕੋਸ਼ਿਸ਼ ਕਰਕੇ ਦੇਖ ਲਈਏ। ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਇਸ ਨੇ ਦੱਸਿਆ ਕਿ ਮੈਂ ਤਾਂ ਖੁਦ ਭੁੱਲ ਚੁੱਕਿਆ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰੱਖੀ। ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ, ਮੈਂ ਪੰਜ ਸੌ ਸਾਖੀਆਂ ਲਿਖੀਆਂ ਸੀ, ਪੰਜਾਂ ਹੀ ਤਖਤਾਂ ਤੇ ਭੇਟਾਂ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਉਹ ਕਾਇਮ ਹੈ ਉਵੇਂ ਜਿਵੇਂ ਕਿ 17ਵੀਂ ਸਦੀ ਆਏਗੀ, ਉਸ ਵੇਲੇ ਇਹ ਰੂਹ ਜੋ ਮੈਂ ਦੇਖੀ ਹੈ ਅੱਜ, ਉਹ ਪ੍ਰਗਟ ਹੋਏਗੀ ਤੇ ਸੰਸਾਰ ਦੇ ਅੰਦਰ ਇਕ ਨਿਆਰਾ ਕਿਸਮ ਦਾ ਮਨੁੱਖ ਪੈਦਾ ਕਰੇਗੀ। ਜਿਹਦਾ ਚਰਿੱਤਰ ਨਿਆਰਾ ਹੋਏਗਾ, ਸੋਚ ਨਿਆਰੀ ਹੋਏਗੀ। ਰੂਹਾਨੀਅਤ ਦੇ ਨਾਲ ਸੂਝ ਨਿਆਰੀ ਹੋਏਗੀ। ਜੋ ਜਾਬਰ ਨਹੀਂ ਹੋਏਗਾ, ਧੱਕਾ ਨਹੀਂ ਕਰੇਗਾ, ਕਿਸੇ ਨਾਲ ਧੋਖਾ ਨਹੀਂ ਕਰੇਗਾ, ਬੇਈਮਾਨੀ ਨਹੀਂ ਕਿਸੇ ਨਾਲ ਕਰੇਗਾ। ਇਕ ਦੇਵਤਿਆਂ ਵਰਗਾ ਮਨੁੱਖ ਦਾ ਚਿੱਤਰ ਸੰਸਾਰ 'ਚ ਉਸ ਨੇ ਲਿਆਉਣਾ ਹੈ।

ਸੋ ਅੱਜ ਦਾ ਦਿਨ ਜੋ ਹੈ ਇਹ ਭਾਗਾਂ ਭਰਿਆ ਹੈ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਤ ਹੋਏ। ਜਨਮ ਇਸ ਕਰਕੇ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ। ਪ੍ਰਕਾਸ਼ ਉਤਸਵ ਕਹਾਉਂਦਾ ਹੈ ਇਹ। ਕਿਉਂਕਿ ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ਼ ਪੱਛਮ ਵੱਲ ਨੂੰ ਨਹੀਂ ਪੜ੍ਹਦਾ, ਪੂਰਬ ਵਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ੍ਹ ਬੰਦਾ ਸੀ, ਸ਼ਰ੍ਹਾ ਤੋਂ ਉੱਚਾ ਸੀ, ਪ੍ਰਵਾਹ ਨਾ ਕਰੀ ਸ਼ਰ੍ਹਾ ਦੀ। ਅੱਜ ਪੱਛਮ ਵਲ ਨੂੰ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ।

ਮੁਰੀਦਾਂ ਨੇ ਬੇਨਤੀ ਕੀਤੀ ਕਿ ਹਜ਼ਰਤ! ਆਪ ਨੇ ਅੱਜ ਸ਼ਰ੍ਹਾ ਦੀ ਜੋ ਮਰਿਆਦਾ ਹੈ ਉਹ ਭੰਗ ਕਰ ਦਿਤੀ। ਕਿਉਂਕਿ ਸ਼ਰ੍ਹਾ ਦੇ ਅਨੁਸਾਰ ਜੋ ਨਮਾਜ਼ ਪੜ੍ਹੀ ਜਾਂਦੀ ਹੈ, ਉਹ ਮਗਰਬ ਨੂੰ ਪੜ੍ਹੀ ਜਾਂਦੀ ਹੈ, ਤੁਸੀਂ ਮਸ਼ਰਕ ਨੂੰ ਪੜ੍ਹੀ ਹੈ। ਕਾਰਨ ਕੀ ਹੈ?

ਕਹਿਣ ਲੱਗੇ, "ਅੱਜ ਇਕ ਮਹਾਨ ਪ੍ਰਕਾਸ਼ ਸੰਸਾਰ 'ਚੋਂ ਉਤਰਿਆ। ਜਦੋਂ ਮੈਂ ਸਮਾਧੀ ਵਿਚ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ।"

ਪੁੱਛਿਆ, "ਕਿੱਥੇ ਉਤਰਿਆ?

ਪਟਨਾ ਹੈ ਨਗਰ। ਐਸ-ਐਸ ਤਰ੍ਹਾਂ ਦਾ ਗਲੀ ਮਹੱਲਾ ਹੈ। ਐਹੋ ਜਿਹਾ ਥਾਉਂ ਹੈ, ਮੈਂ ਸਭ ਪਛਾਣ ਲਿਆ ਹੈ, ਇਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ, ਸਭ ਤੋਂ ਇਕ ਮਹਾਨ ਆਤਮਾ ਆਈ ਹੈ। ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਨ੍ਹਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਇੱਧਰ ਪੜ੍ਹੀ ਹੈ। ਅੱਜ ਮਗਰਬ ਜਿਹੜਾ ਹੈ ਉਹ ਮਸ਼ਰਕ ਵਿਚ ਆ ਗਿਆ।

ਵੈਸੇ ਤਾਂ ਜੇ ਵਿਚਾਰ ਕਰੋ ਲੰਮੀ, ਤਾਂ ਜਿਹੜਾ ਮਗਰਬ ਹੈ, ਮਗਰਬ ਕਿੱਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ 'ਚ ਹੈ, ਉਸ ਤੋਂ ਬਾਅਦ ਇੰਗਲੈਂਡ 'ਚ ਆ ਗਿਆ। ਉਸ ਤੋਂ ਅੱਗੇ ਹੋਰ ਚਲੇ ਜਾਓ ਮਗਰਬ ਵਲ ਨੂੰ ਤਾਂ ਕੈਨੇਡਾ, ਅਮਰੀਕਾ ਆ ਗਿਆ। ਅਮਰੀਕਾ ਤੋਂ ਅੱਗੇ ਮਗਰਬ ਵਲ ਨੂੰ ਵਧੋ ਤਾਂ ਜਾਪਾਨ ਆ ਗਿਆ, ਜਪਾਨ ਤੋਂ ਅੱਗੇ ਮਗਰਬ ਵਲ ਨੂੰ ਵਧੋ, ਸ਼ਿੰਘਾਪੁਰ ਆ ਗਿਆ, ਫੇਰ ਹਿੰਦੁਸਤਾਨ ਆ ਗਿਆ। ਇਹ ਕਥੀਆਂ ਹੋਈਆਂ ਨੇ ਸੀਮਤਾਂ ਕਿ ਇਧਰ ਮਸ਼ਰਕ ਹੈ, ਇਧਰ ਮਗਰਬ ਹੈ। ਜਿੰਨਾ ਕੁ ਆਦਮੀ ਨੂੰ ਪਤਾ ਹੈ ਉਨਾਂ ਹੀ ਹੈ। ਨਾ ਕਿਤੇ ਸੂਰਜ ਛਿਪਦਾ ਹੈ, ਨਾ ਕਿਤੇ

ਚੜ੍ਹਦਾ ਹੈ, ਕੇਵਲ ਧਰਤੀ ਦਾ ਹੇਰ ਫੇਰ ਹੈ, ਚੱਕਰ ਮਾਰਦੀ ਹੈ ਉਹਦੇ ਨਾਲ ਹਨ੍ਹੇਰਾ ਹੋ ਜਾਂਦਾ ਹੈ, ਚਾਨ੍ਹਣਾ ਹੋ ਜਾਂਦਾ ਹੈ। ਸੀਮਤਾਂ ਮੰਨਦੇ ਨੇ।

ਉਹ ਬੰਦਾ ਬਿਲਕੁਲ ਸਹੀ ਸੀ ਉਸ ਨੇ ਗੁਰੂ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ। ਤਿੰਨ ਮਹੀਨੇ ਲੱਗੇ ਉਸਨੂੰ। ਜਾ ਕੇ ਗੁਰੂ ਦੇ ਦਰਸ਼ਨ ਕਰੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ ਜਿਸਨੂੰ ਅਸੀਂ 'ਗੁਰੂ ਗੋਬਿੰਦ ਸਿੰਘ ਜੀ' ਦਾ ਨਾਮ ਦੇ ਕੇ, 'ਦੁਸ਼ਟ ਦਮਨ' ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਜਿਨ੍ਹਾਂ ਦੇ ਜੋ ਸਿਧਾਂਤ ਨੇ ਉਨ੍ਹਾਂ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਸਾਨੂੰ। ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਛ ਘਟਨਾਵਾਂ ਹੁੰਦੀਆਂ ਨੇ ਜਿਹੜੀਆਂ ਸਾਡੇ ਵਰਗਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ ਤੇ ਸਾਨੂੰ ਸਿਖਿਆਦਾਇਕ ਹੋਇਆ ਕਰਦੀਆਂ ਹਨ।

ਗੁਰੂ ਦਸਵੇਂ ਪਾਤਸ਼ਾਹ ਨੇ ਕੌਤਕ ਐਨੇ ਨਿਰਾਲੇ ਸੀ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***

ਕਿ ਦੁਨੀਆਂ ਦੇ ਅੰਦਰ ਮਹਾਨ ਹਸਤੀ ਹੈ ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ। ਨਾ ਸਮਝਣ ਦੇ ਯਤਨ ਹੋਏ ਨੇ, ਨਾ ਸਮਝੇ ਨੇ।

ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ, ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਦੇਖ ਨਹੀਂ ਸਕਦਾ ਸੂਰਜ ਨੂੰ, ਐਸੇ ਤਰ੍ਹਾਂ ਸੰਸਾਰ ਦੀ ਤਰਕਭਰੀ ਅੱਖ ਹੁੰਦੀ ਹੈ, ਉਹ ਨਹੀਂ ਮੰਨਦਾ ਹੈਗਾ। ਬਾਅਦ ਵਿਚ ਬੜੇ ਮੇਲੇ ਲਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ। ਗੋਸ਼ਟੀਆਂ ਹੁੰਦੀਆਂ ਨੇ, ਫੇਰ ਪ੍ਰਗਟ ਹੁੰਦਾ ਹੈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਤਿਉਂ-ਤਿਉਂ ਨਵੇਂ ਤੋਂ ਨਵੇਂ ਆਦਰਸ਼ ਉਹਦੇ ਜੀਵਨ 'ਚੋਂ ਅਨੁਭਵ ਹੁੰਦੇ ਨੇ। ਸੋ ਗੁਰੂ ਦਸ਼ਮੇਸ਼ ਪਿਤਾ ਨੂੰ ਨਹੀਂ ਸਮਝਿਆ ਗਿਆ। ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਹੈ ਇਹਨੂੰ ਨਹੀਂ ਸਮਝਿਆ ਗਿਆ। ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ, ਇਨ੍ਹਾਂ ਨੂੰ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਅਨੇਕ ਕੋਨੇ ਨੇ ਜੀਵਨ ਦੇ। ਜਿਧਰੋਂ ਕੋਈ ਦੇਖਦਾ ਹੈ ਉਹੋ ਜਿਹਾ ਹੀ ਦੇਖਦਾ ਹੈ। ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਇਹੀ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ, ਹਰ ਵਕਤ ਹੀ ਕਮਾਨ ਮੋਢੇ 'ਚ ਰੱਖਦੇ ਸੀ। ਧਨੁਸ਼ ਬਾਣ ਤੀਰ ਰੱਖਦੇ ਸੀ, ਕਿਰਪਾਨ ਰੱਖਦੇ ਸੀ ਤੇ ਯੁੱਧ ਵਾਸਤੇ ਤਿਆਰ ਹੀ ਰਹਿੰਦੇ ਸੀ, ਘੋੜੇ ਤੇ ਚੜ੍ਹੇ ਹੋਏ। ਉਨ੍ਹਾਂ ਦਾ ਦ੍ਰਿਸ਼ ਇਹੀ ਪੱਕਾ ਹੋ ਗਿਆ। ਉਸੇ ਤਰ੍ਹਾਂ ਦੀਆਂ ਗੱਲਾਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਨਾਮ ਲਾ ਦਿਤੀਆਂ। ਜੇ ਕੋਈ ਵਿਦਵਾਨ ਦੇਖਦਾ ਹੈ ਤਾਂ ਉਹ ਕਹਿੰਦਾ ਹੈ ਕਿ ਐਨਾ ਮਹਾਨ ਵਿਦਵਾਨ ਕੋਈ ਨਹੀਂ, ਉਹ ਗੁਰੂ ਸਾਹਿਬ ਨੂੰ ਹਰ ਵਕਤ ਚੌਂਕੜਾ ਮਾਰ ਕੇ ਲਿਖਦੇ ਹੀ ਦੇਖਦਾ ਹੈ ਕਿਉਂਕਿ ਮਹਾਰਾਜ ਨੇ ਐਨਾ ਲਿਖਿਆ ਹੈ ਕਿ ਗਿਣਤੀ ਤੋਂ ਬਾਹਰ ਹੈ। ਹੁਣ ਤਾਂ ਸਾਡੇ ਕੋਲ 'ਦਸਮ ਗ੍ਰੰਥ' ਬਹੁਤ ਥੋੜ੍ਹਾ ਜਿਹਾ ਰਹਿ ਗਿਆ। 9 ਮਣ ਗ੍ਰੰਥ ਹੋਇਆ ਕਰਦਾ ਸੀ, ਜਿਹਦਾ ਨਾਉਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ 'ਚ ਗੁਰੂ ਗੋਬਿੰਦ ਸਿੰਘ ਬੈਠੇ ਨੇ, ਪੰਜਾਹ ਨਸਰ ਲਿਖਣ ਵਾਲੇ ਨੇ, 52 ਕਵਿਤਾ ਲਿਖਣ ਵਾਲੇ ਨੇ। ਗ੍ਰੰਥਾਂ ਦੇ ਢੇਰਾਂ ਦੇ ਢੇਰ ਅੱਗੇ ਪਏ ਨੇ ਇਨ੍ਹਾਂ ਦੇ। ਅਨੁਵਾਦ ਕਰਦੇ ਨੇ ਗੁਰੂ ਸਾਹਿਬ ਛਾਂਟ ਕੇ ਦਿੰਦੇ ਨੇ ਕਿ ਇਹਦਾ ਅਨੁਵਾਦ ਕਰੋ। ਮਹਾਂਭਾਰਤ ਦੇ 18ਵੇਂ ਪਰਬ ਦਾ ਜਿਸ ਵਕਤ ਅਨੁਵਾਦ ਕਰਿਆ, ਮੰਗਲ ਕਵੀ ਨੇ। ਗੁਰੂ ਮਹਾਰਾਜ ਨੇ ਐਨਾ ਧਨ ਦਿਤਾ, 200 ਸਿੰਘ ਉਸਨੂੰ ਘਰ ਛੱਡਣ ਜਾਂਦਾ ਹੈ। ਰਾਏਪੁਰ ਦੇ ਵਿਚੋਂ ਜਦੋਂ ਲੰਘਣ ਲੱਗਿਆ ਤਾਂ ਰਾਏਪੁਰ ਦੀ ਰਾਣੀ ਨੇ ਇਹ ਸਮਝ ਕੇ ਕਿ ਦੁਸ਼ਮਣ ਲੰਘ ਰਿਹਾ ਹੈ, ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਚਿੱਟਾ ਝੰਡਾ ਕੱਢਿਆ। ਉਧਰੋਂ ਘੋੜ ਸਵਾਰ ਆਇਆ, ਗੱਲ ਹੋਈ ਤਾਂ ਉਸ ਨੇ ਕਿਲ੍ਹੇ 'ਚ ਬੁਲਾ ਲਏ ਸਾਰੇ। ਕਹਿਣ ਲੱਗਿਆ, ਮਹਾਰਾਣੀ ਸਾਹਿਬ! ਮੈਂ ਕੋਈ ਗਲੀਮ ਨਹੀਂ ਚੜ੍ਹ ਕੇ ਜਾ ਰਿਹਾ, ਮੈਂ ਤਾਂ ਇਕ ਵਿਦਵਾਨ ਹਾਂ, ਗੁਰੂ ਦਸ਼ਮੇਸ਼ ਪਿਤਾ ਦੇ ਦਰ ਤੋਂ ਵਰੋਸਾਇਆ ਹੋਇਆ ਤੇ ਮੈਨੂੰ ਇਕ ਪਰਬ ਲਿਖਣ ਦਾ ਐਨਾ ਧਨ ਦੇ ਦਿਤਾ, ਐਨੀਆਂ ਮੈਨੂੰ ਚੀਜ਼ਾਂ ਦੇ ਦਿਤੀਆਂ ਕਿ ਦੋ ਸੌ ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਿਹਾ ਹੈ।

ਕਿੰਨੀ ਕਦਰ ਸੀ ਗੁਰੂ ਮਹਾਰਾਜ ਨੂੰ ਲਿਟਰੇਚਰ ਦੀ, ਵਿਦਿਆ ਦੀ। ਜਿਸ ਵਕਤ ਰਾਮਾਅਵਤਾਰ ਦਾ ਅਨੁਵਾਦ ਲਿਖਾਇਆ ਉਸ ਵੇਲੇ ਦੋ ਲੱਖ ਦਿਨਾਰ ਦਿਤਾ ਸੀ ਮਹਾਰਾਜ ਨੇ। ਆਪ ਕਿੰਨਾ ਲਿਖਿਆ ਹੋਇਆ ਹੈ, ਕ੍ਰਿਸ਼ਨਾਅਵਤਾਰ 2800 ਤੋਂ ਉਤੇ ਸ਼ਬਦ ਲਿਖਿਆ ਹੋਇਆ ਹੈ, ਰਾਮਾਅਵਤਾਰ, ਦੇਵੀਆਂ ਦੇ ਪ੍ਰਸੰਗ, ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ ਲਿਖੇ ਹੋਏ। ਲਿਖਾਰੀਆਂ ਨੂੰ, ਫਿਲਾਸਫਰਾਂ ਨੂੰ ਗੁਰੂ ਸਾਹਿਬ ਤੀਰ ਅੰਦਾਜ਼ ਨਜ਼ਰ ਨਹੀਂ ਸੀ ਆਉਂਦੇ, ਤਲਵਾਰਾਂ ਚਲਾਉਣ ਵਾਲੇ ਨਜ਼ਰ ਨਹੀਂ ਸੀ ਆਉਂਦੇ ਉਨ੍ਹਾਂ ਨੂੰ ਇਕ ਬਹੁਤ ਭਾਰੀ ਲਿਟਰੇਰੀ ਨਜ਼ਰ ਆ ਰਹੇ ਸੀ, ਸਾਹਿਤਕਾਰ ਨਜ਼ਰ ਆ ਰਹੇ ਸੀ । ਜਦੋਂ ਸੁਮੱਤਾਂ ਦਿੰਦੇ ਨੇ, ਗੁਰਮਤਿ ਦੇ ਭੇਤ ਖੋਲ੍ਹਦੇ ਨੇ, ਉਸ ਵੇਲੇ ਵੱਡੇ ਮਹਾਨ ਆਤਮਾ ਪੂਰਨ ਗਿਆਨਵਾਨ ਬ੍ਰਹਮਗਿਆਨੀ ਨੂੰ ਬ੍ਰਹਮਗਿਆਨੀ ਨਜ਼ਰ ਆ ਗਿਆ। ਜੋ ਭਾਈ ਘਨਈਏ ਦੇ

ਪਾਣੀ ਪਿਲਾਉਣ ਦੇ ਨਾਲ ਖੁਸ਼ ਹੋ ਕੇ ਮਲ੍ਹਮ ਵੀ ਦੇ ਰਿਹਾ ਹੈ ਤੇ ਪੱਟੀਆਂ ਵੀ ਦੇ ਰਿਹਾ ਹੈ। ਮਲ੍ਹਮ ਦੀਆਂ ਡੱਬੀਆਂ ਸੰਭਾਲ ਰਿਹਾ ਹੈ, ਘਨਈਆ! ਤੂੰ ਸਮਝ ਗਿਆ ਅਸਲੀ ਸਿਧਾਂਤ ਤੇ ਬੁੱਧੂਸ਼ਾਹ ਦੇ ਨਾਲ ਬਚਨ ਕਰਕੇ ਇਕ ਮਹਾਨ ਫਿਲਾਸਫਰ ਨਜ਼ਰ ਆ ਰਹੇ ਨੇ। ਬਹੁਪੱਖ ਹੈ, ਗੁਰੂ ਗੋਬਿੰਦ ਸਿੰਘ ਜੀ ਦਾ। ਆਪ ਨੇ ਜੋ ਸਾਨੂੰ ਸਿਧਾਂਤ ਦਿਤਾ, ਸੁਭਾਵਿਕ ਹੀ ਸਿਧਾਂਤ ਦਿਤਾ। ਜੋ ਗੁਰਬਾਣੀ ਦੇ ਉਤੇ ਆਧਾਰਿਤ ਹੈ ਕਿਉਂਕਿ ਗੁਰੂ ਕੋਈ ਵੀ, ਕੋਈ ਬਚਨ ਕਿਸੇ ਗੁਰੂ ਦਾ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਹੀ ਵਜ੍ਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿਤੇ ਗਏ ਹਾਂ। ਜੇ ਬਚਨ ਬਾਹਰ ਜਾਂਦੇ ਤਾਂ ਫੇਰ ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਕਿ ਗੁਰੂ ਦਸਵੇਂ ਪਾਤਸ਼ਾਹ ਦੇ ਬਚਨਾਂ ਨੂੰ ਮੰਨੀਏ। ਰਲਾਵਟਾਂ ਹੋ ਸਕਦੀਆਂ ਨੇ, ਗਲਤ ਸਮਝ (misunderstanding) ਹੋ ਸਕਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਹੈ ਤੇ ਆਪ ਦਾ ਐਸਾ ਫੁਰਮਾਨ ਹੈ-

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ***
***ਨਿਆਰੇ ਨਿਆਰੇ ਹੋਇ ਕੈ***
***ਫੇਰਿ ਆਗ ਮੈ ਮਿਲਾਹਿੰਗੇ ॥।***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥***
***ਅਕਾਲ ਉਸਤਤਿ***

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਚਿਤ ਲੇਤ ਹੋ ॥***
***ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥***
***ਅਕਾਲ ਉਸਤਤਿ***

ਹਜ਼ਾਰਾਂ ਚੰਗਿਆੜੀਆਂ ਇਕ ਅੱਗ 'ਚੋਂ ਉਠਦੀਆਂ ਨੇ, ਜਾਣਾ ਕਿੱਥੇ ਹੈ? ਉਹ ਚੰਗਿਆੜੇ ਫੇਰ ਅੱਗ ਵਿਚ ਸਮਾਅ ਜਾਂਦੇ ਨੇ। ਧੂੜ ਉੜਦੀ ਅਸਮਾਨਾਂ 'ਚ ਚੜ੍ਹ ਗਈ। ਮੁੜ ਕੇ ਕਿੱਥੇ ਆਉਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ। ਕਰੋੜਾਂ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉਤੇ, ਜਾਂਦੀਆਂ ਕਿੱਥੇ ਨੇ ਸਮੁੰਦਰ ਵਿਚ ਹੀ ਸਮਾਅ ਜਾਂਦੀਆਂ ਨੇ।

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ ॥***

ਇਹ ਕ੍ਰਿਆ ਹੈ ਉਹਦੀ ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਹੋਇਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਨੇ ਕਿਤੇ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਤੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ-ਹੋਇਆ ਹੈ। ਮਹਾਰਾਜ ਕਹਿੰਦੇ ਸਾਰੇ ਦ੍ਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ। ਸਾਨੂੰ ਸਰਬ ਕਾਲ, ਸਰਬ ਠੌਰ ਏਕ ਸੇ ਲਗਤੌਂ। ਇਕੋ ਹੀ ਲਗਦਾ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - ੧੨੯੧*

***ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥***
***ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥***
***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥***
***ਅਕਾਲ ਉਸਤਤਿ***

ਐਸਾ ਜੋ ਗੁਰੂ ਹੈ ਜਿਹਦੀ ਨਿਗ੍ਹਾ ਵਿਚ ਦੂਜਾ ਹੈ ਹੀ ਕੋਈ ਨਹੀਂ। ਫੇਰ ਉਹਦੇ ਬਾਰੇ ਐਹੋ ਜਿਹੀਆਂ ਗੱਲਾਂ ਲਿਖਣੀਆਂ ਜਿਵੇਂ ਬੜਾ ਭਾਰਾ ਦੁਸ਼ਮਣ ਹੁੰਦਾ ਹੈ, ਕਈਆਂ ਨੇ ਤਾਂ ਲਿਖਾਰੀਆਂ ਨੇ ਐਉਂ ਕਹਿ ਦਿਤਾ ਕਿ ਗੁਰੂ ਦਸਵੇਂ ਪਾਤਸ਼ਾਹ, ਮੁਸਲਮਾਨਾਂ ਦੇ ਸਖ਼ਤ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ ਸੀਗੇ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਸਾਰੀ ਜ਼ਿੰਦਗੀ ਮਰਦਾਨਾ ਨਾਲ ਰੱਖਿਆ ਹੈ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ। ਉਹ ਗੁਰੂ ਦਰਬਾਰ 'ਚ ਕੀਰਤਨ ਕਰਦੇ ਰਹੇ ਨੇ। ਫੇਰ ਇਹ A friend in need is a friend indeed. ਲੋੜ ਪਏ ਤਾਂ ਮਿੱਤਰ ਦਾ ਪਤਾ ਲਗਦਾ ਹੈ।

ਜਦੋਂ ਗੁਰੂ ਮਹਾਰਾਜ ਨਾਲ ਪਾਉਂਟੇ ਸਾਹਿਬ ਅਕਾਰਨ ਯੁੱਧ ਆਪ ਨਾਲ ਛਿੜ ਗਿਆ ਤੇ ਪਠਾਣ ਜਿਹੜੇ ਨੌਕਰ ਸੀ ਉਹ ਧੋਖਾ ਦੇ ਗਏ। ਰਿਸ਼ਵਤ ਦੇ ਵਿਚ ਆ ਗਏ, ਰਾਜਿਆਂ ਦੇ ਨਾਲ ਮਿਲ ਗਏ। ਉਸ ਵੇਲੇ ਕੌਣ ਸੀਗਾ। 700 ਮੁਰੀਦ ਲੈ ਕੇ, ਪੀਰ ਬੁੱਧੂਸ਼ਾਹ ਮੈਦਾਨ-ਏ-ਜੰਗ 'ਚ ਆ ਕੇ ਲੜਾਈ ਕਰਦਾ ਹੈ। ਆਪਣੇ ਦੋ ਪੁੱਤਰ ਇਕ ਸਾਲਾ ਏਸ ਲੜਾਈ ਦੀ ਭੇਟਾ ਚਾੜ੍ਹ ਦਿੰਦਾ ਹੈ ਤੇ ਜਦੋਂ ਗੁਰੂ ਸਾਹਿਬ ਕਹਿੰਦੇ ਨੇ ਕਿ ਬੁੱਧੂਸ਼ਾਹ! ਕੁਛ ਮੰਗ ਤਾਂ ਸਹੀ। ਕਹਿੰਦਾ, ਮਹਾਰਾਜ! ਮੈਂ ਮੰਗਾ? ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿਤਾ। ਇਸ ਤੋਂ ਅੱਗੇ ਮੈਂ ਕੀ ਮੰਗ ਸਕਦਾ ਹਾਂ? ਆਪ ਨੇ ਤਾਂ

ਆਬ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿਤਾ ਤੇ ਓਸ ਵਾਰ-ਏ-ਗਾ ਖੁਦਾ ਦੇ ਵਿਚ ਉਨ੍ਹਾਂ ਦਾ ਦਾਖਲਾ ਕਰਾ ਦਿਤਾ ਹੁਣ ਦੱਸੋ ਇਸ ਤੋਂ ਵੱਡਾ ਮੰਗਣ ਨੂੰ ਹੈ ਕੁਛ ਮੈਨੂੰ? ਕਹਿੰਦੇ, ਨਹੀਂ ਮੰਗ! ਸਾਡਾ ਮਨ ਪ੍ਰਸੰਨ ਹੁੰਦਾ ਹੈ, ਜਦ ਤੂੰ ਕੁਛ ਮੰਗ ਲਵੇਂ। ਕਹਿੰਦਾ, ਪਾਤਸ਼ਾਹ! ਜੇ ਦੇਣਾ ਹੈ ਤਾਂ ਆਹ ਜਿਹੜੇ ਕੰਘੇ ਦੇ ਵਿਚ ਰੋਮ ਟੁੱਟ ਕੇ ਆ ਗਏ ਨਾ, ਕ੍ਰਿਪਾ ਕਰਕੇ ਮੈਨੂੰ ਇਹ ਦੇ ਦਿਉ ਜੀ। ਮੇਰੇ ਵਾਸਤੇ ਇਹ ਸਾਰੀਆਂ ਬਹਿਸ਼ਤਾਂ ਦੀ ਦੌਲਤ ਹੈ। ਜੇ ਉਹਦੇ ਮਨ ਵਿਚ ਪਛਤਾਵਾ ਹੁੰਦਾ ਹਾਂ ਉਹ ਫੇਰ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਗੁਰੂ ਦੇ ਲੇਖੇ, ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਦੇਖਦਾ ਸੀ ਕਿ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪਲਪ ਰਿਹਾ ਹੈ ਉਹਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿਤਾ। ਮਹਾਰਾਜ ਕਹਿੰਦੇ –

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।***

***ਬਚਿਤ੍ਰ ਨਾਟਕ***

ਬਗੈਰ ਕਿਸੇ ਮਤਲਬ ਤੋਂ ਸਾਡੇ ਤੇ ਹਮਲਾ ਕਰ ਦਿਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ਼ ਦਾ ਨਾਅਰਾ ਸੀ।

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਰਾਜੇ ਦਾ ਵੀ ਭਲਾ ਮੰਗਦੇ ਸੀ, ਪਰਜਾ ਦਾ ਵੀ ਮੰਗਦੇ ਸੀ। ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਕੋਈ ਕਾਰਨ ਨਹੀਂ ਸੀ ਕਿ ਯੁੱਧ ਹੁੰਦਾ ਸਾਡੇ ਨਾਲ। ਲੇਕਿਨ ਬਗੈਰ ਕਿਸੇ ਕਾਰਨ ਤੋਂ ਅਸੀਂ ਉਹਦੀ ਲੜਕੀ ਦੀ ਸ਼ਾਦੀ ਦੇ ਵਿਚ ਤਿੰਨ ਲੱਖ ਦਾ ਤੰਬੋਲ ਭੇਜਿਆ। ਹੁਣ ਤਿੰਨ ਕਰੋੜ ਦਾ ਹੈ ਅੱਜਕਲ੍ਹ। ਐਨੇ ਜ਼ਿਆਦਾ ਤੋਹਫੇ ਭੇਜੇ। ਉਹਦੀ ਲੜਕੀ ਨੂੰ ਆਪਣੀ ਲੜਕੀ ਦੀ ਸ਼ਾਦੀ ਸਮਝ ਕੇ। ਤੇ ਉਹ ਫੌਜਾਂ ਨਾਲ ਸਾਡੇ ਉਤੇ ਹਮਲਾ ਕਰਦਾ ਹੈ। ਹਮਲੇ ਦਾ ਮੁਕਾਬਲਾ, ਦੋਵੇਂ ਤਰੀਕੇ ਨੇ, ਇਕ ਤਾਂ ਚੌਂਕੜੇ ਮਾਰ ਕੇ ਬਹਿ ਜਾਣਾ, ਗਲ ਵੱਢਾ ਲੈਣੇ, ਇਹਦੇ ਨਾਲ ਦੁਸ਼ਮਣ ਜਿਹੜਾ ਹੈ ਉਹ ਹੋਰ ਅੱਗੇ ਵਧਦਾ ਹੈ। ਇਹ ਹੁੰਦਾ ਹੈ ਬੰਦਾ ਕਿ ਹਾਂ ਤੂੰ ਹੋਰ ਜ਼ੁਲਮ ਕਰ ਲੈ। ਦੂਜਾ ਹੈ ਕਿ ਮਰਦਾਨਗੀ ਦੇ ਨਾਲ ਟਾਕਰਾ ਕਰਨਾ। ਆਪਣੀ ਕੁਰਬਾਨੀ ਦੇਣੀ ਤੇ ਜ਼ੁਲਮ ਨੂੰ ਰੋਕ ਦੇਣਾ। ਠੱਲ੍ਹ ਪਾ ਦੇਣੀ। ਜ਼ਾਲਮ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ। ਡਰਨਾ ਉਸ ਨੇ ਕਿ ਮੂਹਰੇ ਵੀ ਬੜੇ ਤਕੜੇ ਨੇ, ਮੇਰਾ ਕੰਮ ਇਹ ਚੱਲਣਾ ਨਹੀਂ ਹੈ। ਜੰਗਲੀ ਬੰਦੇ, ਹਲਕੇ ਹੋਏ ਕੁੱਤੇ ਪੈ ਜਾਣ ਤਾਂ ਘਰਵਾਲਿਆਂ ਨੂੰ, ਬੰਦਿਆਂ ਨੂੰ ਕੋਈ ਚਾਰਾ ਕਰਨਾ ਹੀ ਪੈਂਦਾ ਹੈ ਕਿ ਬਚਾਓ ਆਪਣਾ ਆਪ, ਇਨ੍ਹਾਂ ਨੇ ਕਿਹੜਾ ਜ਼ਖਮੀ ਹੋ ਜਾਣਾ ਹੈ, ਹਲਕ ਜਾਣਾ ਹੈ ਅਸੀਂ। ਸੋ ਜੇ ਕੁੱਤੇ ਮਾਰ ਲਏ ਜਾਣ ਤਾਂ ਅਸੀਂਓਂ ਨਹੀਂ ਬਚਣਾ, ਬੇਅੰਤ ਹੋਰ ਬਚ ਜਾਣਗੇ। ਸੋ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਦੁਨੀਆਂ ਦੇ ਅੰਦਰ ਬਹੁਤ ਖਿਆਲ ਨੇ।

ਗੁਰੂ ਮਹਾਰਾਜ ਨੇ ਇਕ ਇੰਚ ਜਗ੍ਹਾ ਤੇ ਵੀ ਕਦੇ ਕਬਜ਼ਾ ਨਹੀਂ ਸੀ ਕਰਿਆ। ਜੇ ਚਾਹੁੰਦੇ ਤਾਂ ਜਦ ਬਾਈ ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿਤੀ ਸੀ, ਉਸ ਵੇਲੇ ਹੀ ਉਨ੍ਹਾਂ ਦੀਆਂ ਰਾਜਧਾਨੀਆਂ ਤੇ ਕਬਜ਼ਾ ਕਰ ਲੈਂਦੇ, ਪੈਸਾ ਵੀ ਹੱਥ ਵਿਚ ਆ ਜਾਂਦਾ, ਫੌਜਾਂ ਵੀ ਬੇਅੰਤ ਭਰਤੀ ਕਰ ਲੈਂਦੇ, ਪਹਾੜ ਦੀ ਓਟ ਵੀ ਬੜੀ ਜ਼ਬਰਦਸਤ ਮਿਲ ਜਾਂਦੀ। 12-13 ਲੜਾਈਆਂ 'ਚ ਪਹਾੜੀ ਰਾਜੇ ਹਾਰਦੇ ਰਹੇ ਨੇ ਤੇ ਹਾਰਨ ਵਾਲਿਆਂ ਦੀ ਜਾਇਦਾਦ ਤੇ ਸਾਰੀ ਤੇ ਕਬਜ਼ਾ ਕਰਦੇ, ਮੁੜ ਕੇ ਕਿਉਂ ਉਠਣ ਦਿੰਦੇ ਉਨ੍ਹਾਂ ਨੂੰ। ਲੇਕਿਨ ਆਪ ਨੇ ਨਹੀਂ ਇਹ ਗੱਲਾਂ ਕਰੀਆਂ। ਕਿਉਂਕਿ ਉਨ੍ਹਾਂ ਦਾ ਮੰਤਵ ਜੁੱਧ ਜੰਗ ਕਰਨਾ ਨਹੀਂ ਸੀ, ਉਨ੍ਹਾਂ ਦਾ ਮੰਤਵ ਸੀ ਸੰਸਾਰ ਨੂੰ ਸਿੱਧੇ ਰਸਤੇ ਪਾਉਣਾ ਤੇ ਆਪ ਇਹ ਫੁਰਮਾਨ ਕਰਦੇ ਨੇ ਕਿ ਸਾਡੀ ਡਿਊਟੀ ਹੀ ਇਹ ਲੱਗੀ ਸੀ ਕਿ ਸੰਸਾਰ ਨੂੰ ਸਿੱਧੇ ਰਸਤੇ ਪਾਓ। ਅਧਰਮ ਦੇ ਵਿਚ ਸੰਸਾਰ ਜ਼ਿਆਦਾ ਚਲਿਆ ਗਿਆ ਤੇ ਅਕਾਲ ਪੁਰਖ ਨੇ ਜਦੋਂ ਭੇਜੇ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਜੋ ਕੁੱਛ ਕਰਨਾ ਹੈ, ਉਹਦੇ ਬਾਰੇ ਤੁਹਾਨੂੰ ਅਸੀਂ ਜਾਣਕਾਰੀ ਦਿੰਦੇ ਹਾਂ। ਜਿੰਨੇ ਮੈਂ ਅੱਜ ਤੱਕ ਭੇਜੇ ਨੇ ਉਨ੍ਹਾਂ ਨੇ ਆਪਣੀ ਪੂਜਾ ਤਾਂ ਕਰਾ ਲਈ, ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿਹਨੇ ਪੈਦਾ ਕਰੇ ਨੇ, ਉਹਨੂੰ ਕੋਈ ਨਹੀਂ ਦ੍ਰਿੜ੍ਹ ਕਰਾਇਆ। ਆਪ ਦੀ ਪੂਜਾ ਕਰਾ ਲਈ, ਆਪ ਹੀ ਮੂਹਰੇ ਆ ਗਏ। ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ ਨਹੀਂ ਲਾਇਆ –

***ਜੋ ਕੋਈ ਹੋਤ ਭਇਓ ਜਗ ਸਿਆਨਾ***
***ਤਿਨ ਤਿਨ ਅਪਨੋ ਪੰਥ ਚਲਾਨਾ।***
***ਪਰਮ ਪੁਰਖ ਕਿਨਹੂੰ ਨ ਪਾਇਓ***
***ਵੈਰ ਵਾਦ ਹੰਕਾਰ ਬਡਾਇਓ।***

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿਤਾ। ਜਿੰਨੀਆਂ ਸੰਪਰਦਾਵਾਂ ਚੱਲੀਆਂ ਲੜ ਪਈਆਂ, ਜਿੰਨੇ ਪੰਥ ਚੱਲੇ ਉਹ ਆਪ ਵਿਚ ਜੁੱਧ ਜੰਗ ਕਰਦੇ ਰਹੇ। ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਕਹਿੰਦਾ ਰਿਹਾ। ਦੂਜਿਆਂ ਦਾ ਖੂਨ ਬਹਾਅ ਕੇ ਕਹਿੰਦੇ ਧਰਮ ਦਾ ਕੰਮ ਕਰ ਰਹੇ ਨੇ। ਕਹਿੰਦੇ, ਆਪਣੇ ਪੱਤਿਆਂ ਤੋਂ ਹੀ ਦਰਖਤ ਜਲਣ ਲੱਗ ਗਿਆ।

ਰੱਬ ਦੇ ਰਸਤੇ ਤੇ ਕੋਈ ਨਹੀਂ ਚਲਦਾ। ਰੱਬ ਦੇ ਰਸਤੇ ਵੀ ਇਹੋ ਜਿਹੇ ਹੋ ਗਏ, ਹਨ੍ਹੇਰ ਗੁਬਾਰ ਛਾ ਗਿਆ, ਕੋਈ

ਪਰਬਤਾਂ ਨੂੰ ਮੱਥੇ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ, ਕਿਸੇ ਨੇ ਸੱਪ ਨੂੰ ਸਿਰ ਨਿਵਾ ਦਿਤਾ, ਕਿਸੇ ਨੇ ਮਾਤਾ ਰਾਣੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿਤਾ। ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥੇ ਟੇਕਦਾ ਹੈ, ਕੋਈ ਧਰਮਰਾਜ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦਾ ਹੈ, ਕੋਈ ਭੈਰੋਂ ਦੀ ਕਰਦਾ ਹੈ, ਰੱਬ ਤਾਂ ਛੱਡ ਹੀ ਦਿਤਾ।

***ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ।***
***ਤਿਨ ਤਿਨਿ ਅਪਨਾ ਰਾਹੁ ਚਲਾਯੋ।***

**ਬਚਿੱਤ੍ਰ ਨਾਟਕ**

ਮਾੜੀ ਜਿਹੀ ਸਿੱਧੀ ਆ ਗਈ, ਆਹ ਸਰਵਰੀਆ ਪੀਰ ਸੀ ਜਿਨ੍ਹਾਂ ਨੂੰ ਸੁਲਤਾਨੀਏ ਕਹਿੰਦੇ ਨੇ, ਅਹਿਮਦ ਸੀ ਇਹਦਾ ਨਾਉਂ। ਇਹਨੇ ਚਿੱਲ੍ਹੇ ਕੱਟ ਲਏ। ਥੋੜ੍ਹੀ ਜਿਹੀ ਸਿੱਧੀ ਆ ਗਈ, ਸਾਰੇ ਪੰਜਾਬ ਨੂੰ ਹੀ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਾਉਣੀ ਸ਼ੁਰੂ ਕਰ ਦਿਤੀ। ਰੱਬ ਤਾਂ ਭੁੱਲ ਹੀ ਗਿਆ। ਗੋਰਖ ਵਗੈਰਾ ਦੇ ਕੋਲ ਸਿੱਧੀ ਆ ਗਈ, ਉਹ ਵੀ ਆਪਣੀ ਪੂਜਾ ਕਰਾਉਣ ਲੱਗ ਗਏ। ਰੱਬ ਦੇ ਰਾਹ ਤੇ ਨਹੀਂ ਕੋਈ ਪਾਉਂਦਾ।

***ਪਰਮੇਸਰ ਨ ਕਿਨਹੂੰ ਪਹਿਚਾਨਾ।***

**ਬਚਿਤ੍ਰ ਨਾਟਕ**

ਘਟ-ਘਟ 'ਚ ਵਿਆਪਕ ਜੋ ਪ੍ਰਮੇਸ਼ਰ ਸੀ ਉਹ ਨਹੀਂ ਕਿਸੇ ਨੇ ਪਛਾਨਿਆ।

***ਮਮ ਉਚਾਰਤੇ ਭਯੋ ਦਿਵਾਨਾ।***

**ਬਚਿਤ੍ਰ ਨਾਟਕ**

ਆਪਣੇ ਪਿੱਛੇ ਹੀ ਲਾਉਂਦੇ ਰਹੇ।

ਆਪਣੇ ਆਪ ਵਿਚ ਹੀ ਉਲਝ ਗਏ, ਆਪਣੇ ਹੀ ਧਰਮ ਬਣਾ ਲਏ, ਆਪਣੇ ਹੀ ਪੰਥ ਬਣਾ ਲਏ। ਰੱਬ ਨਾ ਕਿਸੇ ਨੇ ਵੀ ਪਛਾਨਿਆ। ਕਹਿਣ ਲੱਗੇ, ਤੁਸੀਂ ਜਾਓ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਆਹ ਜਿਹੜੀਆਂ ਕਬੁੱਧੀਆਂ ਕਰ ਰਹੇ ਨੇ ਨਾ, ਪਾਰਬ੍ਰਹਮ ਪ੍ਰਮੇਸ਼ਰ ਜਿਹੜਾ ਘਟ-ਘਟ ਦੇ ਵਿਚ ਵਸਦਾ ਹੈ, ਅੰਦਰ ਵਸਦਾ ਹੈ ਹਰੇਕ ਦੇ, ਉਹਦੀ ਪਛਾਣ ਨਹੀਂ ਕਰਾਈ। ਬਾਹਰ-ਬਾਹਰ ਕੱਢ ਲਏ ਸਾਰੇ। ਮਹਾਰਾਜ ਕਹਿੰਦੇ, ਅੰਦਰ ਵਸਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ - ੧੨੬੩*

ਕਹਿੰਦੇ ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈਂ, ਰੱਬ ਵੀ ਉਥੇ ਹੀ ਵਸਦਾ ਹੈ ਲੇਕਿਨ ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ ਹੋ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ - ੬੨੪*

ਤੇਰੇ ਅੰਦਰ ਵਸਦਾ ਹੈ।

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* *ਅੰਗ - ੧੨੬੩*

ਪੂਰਾ ਸਤਿਗੁਰੂ ਮਿਲ ਜਾਂਦਾ ਹੈ, ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ ॥* *ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

*ਅੰਗ - ੯੪੭*

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ ਕਿ ਮੈਨੂੰ ਨਹੀਂ ਕਿਸੇ ਨੇ ਪਛਾਨਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਮੇਰਾ ਗਿਆਨ ਨਹੀਂ ਉਨ੍ਹਾਂ ਨੇ ਦਿਤਾ। ਆਪਣਾ ਵਜੂਦ ਮੂਹਰੇ ਲੈ ਆਂਦਾ। ਆਪਣਾ ਹੀ ਉਨ੍ਹਾਂ ਨੇ ਕ੍ਰਿਆਕ੍ਰਮ ਸਿਖਾ ਦਿਤਾ। ਆਪਣਾ ਹੀ ਵਜੂਦ, ਸ਼ਕਲ ਤੋਂ ਬੇਸ਼ਕਲ ਬਣਾ ਦਿਤੀ। ਕਿਸੇ ਨੇ ਕੇਸ ਸਾਰੇ ਹੀ ਕਟਾ ਦਿਤੇ, ਕਿਸੇ ਨੇ ਲਬਾਂ ਕੱਟ ਦਿਤੀਆਂ, ਕਿਸੇ ਨੇ ਕੁਛ ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿਤੀ, ਅਸਲੀ ਚੀਜ਼ ਨੂੰ ਭੰਨ ਤੋੜ ਦਿਤਾ ਤੇ ਮੇਰਾ ਗਿਆਨ ਤਾਂ ਦਿਤਾ ਨਹੀਂ, ਆਪਣਾ ਹੀ ਦੇ ਦਿਤਾ। ਜਿਹੜਾ-ਜਿਹੜਾ ਵੀ ਹੋਇਆ ਹੈ -

***ਜੋ ਕੋਈ ਹੋਤ ਭਇਓ ਜਗ ਸਿਆਨਾ***
***ਤਿਨ ਤਿਨ ਅਪਨੋ ਪੰਥ ਚਲਾਨਾ।***

ਤੁਸੀਂ ਜਾਓ ਜਾ ਕੇ ਸੰਸਾਰ ਨੂੰ ਦੱਸੋ ਕਿ ਮੈਂ ਤਾਂ ਦੂਰ ਨਹੀਂ ਹਾਂ ਕਿਸੇ ਦੇ। ਬਿਲਕੁਲ ਅੰਦਰ ਰਹਿੰਦਾ ਹਾਂ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*

*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ*
*ਜਾਣੈ ਗੁਰ ਸਬਦੀ ਖੋਲਾਇਦਾ ॥ ੨ ॥ ਅੰਗ - ੧੦੩੩*

ਮੇਰੇ ਤੱਕ ਨਹੀਂ ਪਹੁੰਚ ਸਕਦਾ ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਦੀ, ਮੰਤਰ ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ, ਇਸ ਦੀ ਚਾਬੀ ਗੁਰੂ ਨੂੰ ਦਿਤੀ ਹੋਈ ਹੈ ਮੈਂ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਦੱਸ ਇਨ੍ਹਾਂ ਨੂੰ ਜਾ ਕੇ ਕਿ ਮੈਂ ਚਾਬੀ ਸਤਿਗੁਰੂ ਨੂੰ ਦਿਤੀ ਹੋਈ ਹੈ। ਆਪਣੇ ਦਰ ਦੀ, ਕਿਉਂ ਭਟਕਦਾ ਹੈ ਸੰਸਾਰ। ਕਿਉਂ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ ਮੈਂ ਸਭ ਦੇ ਘਰ ਅੰਦਰ ਹਾਂ। ਮੇਰੇ ਗਿਆਨ ਤੋਂ ਬਗੈਰ ਹਨ੍ਹੇਰਾ ਰਹੇਗਾ ਮਨ ਦੇ ਅੰਦਰ, ਆਪਸ ਵਿਚ ਲੜਨਗੇ, ਝਗੜਨਗੇ। ਇਹ ਦੁਖੀ ਕਰਨਗੇ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਪੂਰੇ ਭਾਗ ਹੋਣ ਤਾਂ ਸਤਿਗੁਰੂ ਮਿਲਦਾ ਹੈ। ਸਤਿਗੁਰੂ ਨੂੰ ਭੇਜਿਆ ਗਿਆ ਹੈ, ਕਲਜੁਗ ਦੇ ਅੰਦਰ। ਅਕਾਲ ਪੁਰਖ ਦਾ ਹੁਕਮ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਇਹ ਜੋ ਮੈਂ ਤੈਨੂੰ ਆਪਣਾ ਸਰੂਪ ਤੈਨੂੰ ਦੱਸਿਆ ਹੈ, ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਸੰਸਾਰ ਨੂੰ ਸਮਝਾਓ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ, ਮੇਰਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ।

***ਚੱਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ***
***ਕੋਊ ਕਹਿ ਨ ਸਕਤਿ ਕਿਹ॥ ਜਾਪੁ ਸਾਹਿਬ***

ਕਹਿਣ ਲੱਗੇ, ਮੇਰਾ ਰੂਪ ਰੰਗ ਨਹੀਂ ਹੈ, ਮੈਂ ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗੂੰ ਸਮਝਾਇਆ ਹੋਇਆ ਸਮਝਾਇਆ ਨਹੀਂ ਜਾ ਸਕਦਾ।

***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥***
***ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥***
***ਅਕਾਲ ਉਸਤਤਿ***

ਮੈਂ ਤਾਂ ਅੰਦਰ ਵਸ ਰਿਹਾ ਹਾਂ, ਜੋ ਸਰੂਪ ਇਸ ਜੀਵ ਦਾ ਹੈ। ਓਹੀ ਸਰੂਪ ਮੇਰਾ ਹੈ। ਦੁਨੀਆਂ ਭਟਕ ਗਈ ਮੇਰੇ ਤੋਂ, ਬਹੁਤ ਅੰਧਕਾਰ ਦੇ ਵਿਚ ਛਾ ਗਈ। ਕੁਬੁੱਧ ਆ ਗਈ ਇਨ੍ਹਾਂ ਦੇ ਅੰਦਰ। ਇਨ੍ਹਾਂ ਨੂੰ ਦੱਸ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ, ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਖੋਲ੍ਹ ਲਓ ਦਰਵਾਜ਼ੇ।

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਸੋ ਜਾਓ ਤੁਸੀਂ ਜਾ ਕੇ ਸਮਝਾਓ ਦੁਨੀਆਂ ਨੂੰ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਸੋ ਇਸ ਤਰ੍ਹਾਂ ਆਪ ਨੇ ਬਚਨ ਕੀਤੇ ਤੇ ਫੁਰਮਾਨ ਕੀਤਾ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਜਾਓ ਇਹ ਰਸਤਾ ਦੱਸੋ ਸੰਸਾਰ ਨੂੰ ਤੇ ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

***ਜਹਾਂ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਧਰਮ ਦੀਆਂ ਕਦਰਾਂ-ਕੀਮਤਾਂ ਕਾਇਮ ਕਰੋ। ਕਿਉਂਕਿ ਸੰਸਾਰ ਅਧਰਮ ਦੇ ਵਿਚ ਹੋ ਗਿਆ। ਧਰਮ ਹੋਰ ਹੀ ਬਣਾ ਲਏ, ਰਹੁਰੀਤਾਂ ਹੋਰ ਹੀ ਬਣਾ ਲਈਆਂ। ਧਰਮ ਦੀ ਗੱਲ ਜਾਂਦੀ ਰਹੀ। ਸਾਰੇ ਅਧਰਮ ਹੀ ਅਧਰਮ ਹੋ ਗਿਆ। ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫*

ਧਰਮ ਨਾਮ ਦੀ ਚੀਜ਼ ਤਾਂ ਫੰਘ ਲਾ ਕੇ ਉਡ ਗਈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਅਲੋਪ ਹੋ ਗਿਆ ਸੰਸਾਰ ਤੋਂ ਧਰਮ ਦਾ ਚੰਦਰਮਾ।

ਮੱਸਿਆ ਫੈਲ ਗਈ, ਹਨ੍ਹੇਰ ਗਵਾਰ ਮਨਾਂ 'ਚ ਪੈ

ਗਿਆ।

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥* ਅੰਗ - ੧੪੫

ਅੰਧੇਰੇ ਵਿਚ ਕੋਈ ਰਾਹ ਨਹੀਂ ਲੱਭਦਾ, ਸੰਸਾਰ ਦੁਖੀ ਹੋ ਰਿਹਾ ਹੈ। ਜੰਮਦਾ-ਮਰਦਾ ਹੈ, ਮਰਦਾ-ਜੰਮਦਾ ਹੈ, ਹਉਮੈ ਦੇ ਅੰਦਰ ਤੇ ਸ਼ਾਂਤੀ ਵਿਚ ਨਹੀਂ ਆ ਰਿਹਾ ਮਨੁੱਖ। ਮਨੁੱਖ ਭਟਕ ਗਿਆ, ਜਾਓ ਇਹਨੂੰ ਜਾ ਕੇ ਤੁਸੀਂ ਸਿੱਧੇ ਰਸਤੇ ਧਰਮ ਦੇ ਪਾਓ। ਜਿਹੜੀ ਆਹ ਕੁਬੱਧ ਲੋਕਾਂ 'ਚ ਆ ਗਈ ਹੈ, ਹਟਾਓ ਇਹ ਕਰਨ ਤੋਂ ਤੇ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਉਸ ਵੇਲੇ ਆਪ ਪਾਤਸ਼ਾਹ, ਲਿਖਦੇ ਨੇ ਕਿ ਜਦੋਂ ਇਹ ਉੱਚਤਾ ਨੂੰ (magnitute) ਦੇਖਿਆ ਅਸੀਂ ਕੰਮ ਦਾ, ਇਹ ਤਾਂ ਸਾਰਾ ਸੰਸਾਰ ਹੀ ਉਲਟ ਰਾਹਾਂ ਤੇ ਪਿਆ ਹੈ। ਇਹ ਤਾਂ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ, ਜਿਹੜਾ ਕਿਸੇ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਵੇਂ ਰੋਕਿਆ ਜਾਏਗਾ। ਉਸ ਵੇਲੇ ਕਹਿੰਦੇ ਅਸੀਂ ਖੜ੍ਹੇ ਹੋ ਗਏ ਅਕਾਲ ਪੁਰਖ ਦੇ ਅੱਗੇ।

***ਠਾਢ ਭਯੋ ਮੈ ਜੋਰਿ ਕਰ***
***ਬਚਨ ਕਹਾ ਸਿਰ ਨਿਆਇ।***

ਦੋਵੇਂ ਹੱਥ ਜੋੜ ਲਏ ਅਸੀਂ। ਸਾਮ੍ਹਣੇ ਖੜ੍ਹੇ ਹੋ ਗਏ ਤੇ ਸਿਰ ਨਿਵਾਇਆ ਤੇ ਬਚਨ ਕਿਹਾ।

***ਪੰਥ ਚਲੈ ਤਬ ਜਗਤ ਮੈ***
***ਜਬ ਤੁਮ ਕਰਹੁ ਸਹਾਇ।***

ਹੇ ਪ੍ਰਭੂ ਜਿਹੜਾ ਤੇਰਾ ਰਸਤਾ ਹੈ, ਤੈਨੂੰ ਮਿਲਣ ਦਾ ਜੋ ਰਾਹ ਹੈ, ਇਹ ਤਾਂ ਦੁਨੀਆਂ ਤਾਂ ਆਉਗੀ ਇਸ ਰਸਤੇ ਦੇ ਉਤੇ ਜੇ ਤੁਸੀਂ ਮੇਰੀ ਸਹਾਇਤਾ ਕਰੋਂਗੇ। ਨਿਰਮਾਣਤਾ ਦੇ ਵਿਚ ਆਪ ਨੇ ਬੇਨਤੀ ਕਰੀ ਤੇ ਸੰਸਾਰ ਤੇ ਆ ਕੇ ਜੋ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ ਹਾਂ, ਮੈਂ ਰਾਜ ਲੈਣ ਨਹੀਂ ਆਇਆ, ਮੈਂ ਪਾਖੰਡ ਕਰਾਉਣ ਨਹੀਂ ਆਇਆ। ਮੈਂ ਅੱਖਾਂ ਹੀ ਮਿਚਾ ਕੇ ਨਹੀਂ ਤੁਹਾਨੂੰ ਬਿਠਾਉਣਾ। ਨਾ ਮੈਂ ਕੋਈ ਮੂੰਡ ਮੁੰਡਾਉਣੇ ਨੇ, ਨਾ ਮੈਂ ਕੋਈ ਟੋਪੀਆਂ ਦੇਣੀਆਂ ਨੇ, ਨਾ ਕੋਈ ਰੂਪ ਰੇਖਾ ਬਦਲਣੀ ਹੈ। ਸੁਭਾਵਿਕ ਜਿਵੇਂ ਮਨੁੱਖ ਪੈਦਾ ਹੋਇਆ ਹੈ, ਠੀਕ ਹੈ ਉਹ ਪੈਦਾ ਹੋਇਆ ਹੈ, ਉਹਦੇ ਵਿਚ ਕੋਈ ਪਰਿਵਰਤਨ ਨਹੀਂ ਕਰਨਾ ਤੇ ਮੈਂ ਇਸ ਕੰਮ ਵਾਸਤੇ ਆਇਆ ਹਾਂ -

***ਹਮ ਇਹ ਕਾਜ ਜਗਤ ਮੋ ਆਏ।***
***ਧਰਮ ਹੇਤ ਗੁਰਦੇਵ ਪਠਾਏ।***
***ਜਹਾਂ ਤਹਾਂ ਤੁਮ ਧਰਮ ਬਿਥਾਰੋ।***
***ਦੁਸਟ ਦੋਖੀਅਨਿ ਪਕਰਿ ਪਛਾਰੋ।***

ਦੂਜਾ ਇਹ ਕਿ ਜੋ ਦੁਸ਼ਟਤਾਈ ਕਰਦੇ ਨੇ, ਉਨ੍ਹਾਂ 'ਚੋਂ ਦੁਸ਼ਟਤਾਈ ਕੱਢਣੀ ਹੈ, ਜੋ ਦੋਖੀ ਨੇ ਉਨ੍ਹਾਂ ਵਿਚੋਂ ਦੋਖਪੁਣੇ ਦਾ ਜੋ ਅਵਗੁਣ ਹੈ, ਉਹ ਵੀ ਕੱਢਣਾ ਹੈ। ਸੋ ਭਾਈਓ! ਕਿਤੇ ਧੋਖਾ ਨਾ ਖਾ ਜਾਇਓ। ਅਸਲੀ ਗੱਲ ਭੁੱਲ ਕੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਨਾ ਕਹਿਣ ਲੱਗ ਜਾਇਓ।

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***
***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***
***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***
***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ।***

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰੱਖਿਓ ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ ਉਹਨੂੰ ਰੱਬ ਨਹੀਂ ਮਿਲਣਾ। ਨਰਕਾਂ ਦੇ ਵਿਚ ਜਾਏਗਾ, ਕਿਉਂਕਿ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਦਾ ਤੇ ਸਾਧੂਆਂ ਦਾ ਫਰਕ ਨਹੀਂ ਹੁੰਦਾ। ਲੇਕਿਨ ਪ੍ਰਮੇਸ਼ਰ ਬਹੁਤ-ਬਹੁਤ ਵੱਡਾ ਹੈ। ਜਿਹਦਾ ਕੋਈ ਪਾਰਾਵਾਰ ਨਹੀਂ ਹੈ। ਗਿਲਾਸ ਦਾ ਪਾਣੀ ਤੇ ਸਮੁੰਦਰ ਦਾ ਪਾਣੀ ਭੇਦ ਦੋਹਾਂ 'ਚ ਨਹੀਂ ਹੋਇਆ ਕਰਦਾ, ਪਾਣੀ ਦੇ ਰੂਪ ਨਾਲ ਇਕੋ ਨੇ, ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਸਮੁੰਦਰ ਹੈ, ਸਮੁੰਦਰ ਦੀ ਉਪਾਧੀ ਉਹਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ, ਚੁਬੱਚੇ ਦਾ ਪਾਣੀ ਹੈ, ਟੋਭਾ ਹੈ ਉਹ। ਟੋਭੇ ਦੀ ਆਪਣੀ ਸੀਮਾ ਹੁੰਦੀ ਹੈ, ਝੀਲ ਦੀ ਆਪਣੀ ਤੇ ਸਮੁੰਦਰ ਦੀ ਆਪਣੀ ਹੱਦ ਹੁੰਦੀ ਹੈ। ਲੇਕਿਨ ਝੀਲ ਦਾ ਤੇ ਸਮੁੰਦਰ ਦਾ ਫਰਕ ਤਾਂ ਕੋਈ ਨਹੀਂ ਹੁੰਦਾ। ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* ਅੰਗ - ੩੯੭

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਕੋਈ ਉਨ੍ਹਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ। ਕਿਉਂਕਿ ਕਿਸੇ ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਅਸੀਂ ਜਦੋਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਹਦੇ ਸਰੀਰ ਨੂੰ ਮੁੱਖ ਰੱਖ ਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ। ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਹਾਂਗੇ। ਸੋ ਇਸ ਗੱਲ ਤੋਂ ਵਰਜ ਦਿਤਾ ਮਹਾਰਾਜ ਨੇ, ਦੇਖਿਓ ਸਾਡੇ ਸਰੀਰ ਨੂੰ ਕਿਤੇ ਪ੍ਰਮੇਸ਼ਰ ਕਹੋਂ।

ਜਿਹੜਾ ਨਾਉਂ ਸੰਸਾਰ ਨੇ ਸਾਡਾ ਧਰਿਆ ਹੈ, ਕਿਤੇ ਇਸ ਨਾਉਂ ਨੂੰ ਪ੍ਰਮੇਸ਼ਰ ਨਾ ਕਹਿਓ ਤੇ ਜਿਹੜਾ ਇਸ ਸਿਧਾਂਤ ਤੇ ਆਏਗਾ, ਉਹਨੂੰ ਰਾਹ ਨਹੀਂ ਲੱਭਣਾ।

***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***
***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***

ਫਸਣ ਵਾਸਤੇ ਨਹੀਂ ਮੈਂ ਆਇਆ ਜਗਤ ਵਿਚ। ਮੈਂ ਇਕ ਖੇਲ੍ਹ ਖੇਲ੍ਹਣ ਆਇਆ ਹਾਂ, ਖੇਲ੍ਹ ਦੇਖਣ ਆਇਆ ਹਾਂ। ਸੋ ਇਸ ਤਰ੍ਹਾਂ ਦੇ ਨਾਲ -

***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।***

ਮੈਨੂੰ ਜਿਹੜੇ ਆਦੇਸ਼ ਦਿਤੇ ਨੇ ਉਹ ਮੈਂ ਕਹਿ ਦੇਣੇ ਨੇ, ਸੰਸਾਰ ਨੂੰ।

ਮੈਂ ਚੁੱਪ ਨਹੀਂ ਕਰਨਾ, ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ ਹੈ, ਮੇਰੀ ਡਿਊਟੀ ਨਹੀਂ ਇਹ, ਮੈਂ ਬੋਲ ਕੇ ਦੱਸਣਾ ਹੈ ਸਾਰਿਆਂ ਨੂੰ। ਐਸੇ ਗੁਰੂ ਦਸ਼ਮੇਸ਼ ਪਿਤਾ ਜਿਨ੍ਹਾਂ ਦੇ ਬਾਰੇ ਆਪਾਂ ਵਿਚਾਰ ਕਰੀ ਹੈ, ਉਹ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦਾ ਕੰਮ ਕਰਨ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ ਇਨ੍ਹਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ ਉਨ੍ਹਾਂ ਨੂੰ ਜਰਨੈਲ ਕਹਿੰਦਾ ਹੈ। ਵੱਡਾ ਯੋਧਾ ਉਨ੍ਹਾਂ ਨੂੰ ਯੋਧਾ ਕਹਿੰਦਾ ਹੈ, ਵੱਡਾ ਲਿਖਾਰੀ ਉਨ੍ਹਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਕਵੀ ਜਿਹੜਾ ਹੈ ਉਨ੍ਹਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਜੋ ਫਿਲਾਸਫਰ ਹੈ ਉਹ ਉਨ੍ਹਾਂ ਨੂੰ ਵੱਡਾ ਫਿਲਾਸਫਰ ਕਹਿੰਦਾ ਹੈ। ਆਪਣਾ-ਆਪਣਾ ਪੱਖ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਹੁਪੱਖੀ ਸ਼ਖਸ਼ੀਅਤ ਨੂੰ ਦੇਖ ਕੇ ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸ਼ਮੇਸ਼ ਪਿਤਾ ਕੀ ਸੀ। ਕੁਝ-ਕੁਝ ਸਮਝਣ ਦਾ ਅਸੀਂ ਯਤਨ ਕਰਦੇ ਹਾਂ, ਜਿੰਨੇ ਕੁ ਸਾਡੇ ਸਮਝ ਵਿਚ ਆਉਂਦੇ ਨੇ।

ਗੁਰੂ ਮਹਾਰਾਜ ਨਿਰੀਓ ਪਿਆਰ ਦੀ ਮੂਰਤ ਸੀ, ਕਿਸੇ ਨਾਲ ਉਨ੍ਹਾਂ ਦਾ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ, ਨਾਲ ਇਹ ਵੀ ਸੀ ਕਿ ਕਿਸੇ ਤੋਂ ਡਰਦੇ ਵੀ ਨਹੀਂ ਸੀ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ - ੧੪੨੭***

ਡਰਾਉਂਦੇ ਨਹੀਂ ਸੀ ਕਿਸੇ ਨੂੰ ਡਰ ਪਾ ਕੇ। ਪਿਆਰ ਕਰਦੇ ਸੀ ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ। ਨਿੱਕੇ ਤੋਂ ਵੀ ਨਿੱਕੇ ਬੱਚੇ ਨੂੰ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਹਦਾ ਸੰਸਾਰ 'ਚ ਕੋਈ ਨਹੀਂ ਉਹੋ ਜਿਹੇ ਬੰਦਿਆਂ ਨੂੰ ਵੀ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਸ ਵਕਤ ਗੁਰੂ ਮਹਾਰਾਜ ਮਾਲਵੇ 'ਚ ਜਾਂਦੇ ਨੇ। ਡੱਲ੍ਹੇ ਦੇ ਕੋਲ ਆਪ ਠਹਿਰੇ ਹੋਏ ਨੇ। ਉਥੇ ਭਾਈ ਭਗਤੂ ਦੀ ਓਲਾਦ ਦੇ ਵਿਚੋਂ ਭਾਈ ਜੀਵਨ ਦੇ ਪੁੱਤਰ ਆਉਂਦੇ ਨੇ। ਮਹਾਰਾਜ ਜੀ ਕਹਿਣ ਲੱਗੇ, ਭਾਈ ਫਤਹਿ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਫਤਹਿ ਸਿੰਘ ਰਾਮ ਸਿੰਘ ਤ੍ਰਿਲੋਕ ਸਿੰਘ, ਤਖਤ ਸਿੰਘ ਚਾਰ ਭਰਾ ਸੀਗੇ, ਦੋ ਮਾਵਾਂ ਤੋਂ। ਕਹਿੰਦੇ, ਬਈ ਤੁਹਾਡੇ ਪਿੰਡ ਚੱਲਣਾ ਹੈ ਅਸੀਂ, ਕਦੇ ਮਹਾਰਾਜ ਨੇ ਕਿਸੇ ਨੂੰ ਨਹੀਂ ਸੀ ਕਿਹਾ ਕਿ ਤੇਰੇ ਪਿੰਡ ਜਾਣਾ ਹੈ। ਉਹ ਹੈਰਾਨ ਹੋ ਗਏ, ਕਹਿੰਦੇ, "ਸੱਚੇ ਪਾਤਸ਼ਾਹ! ਆਹ ਮਾਲਵਾ ਕਿਤੇ ਰਹਿਣ ਵਾਲਾ ਥਾਉਂ ਹੈ? ਇਥੇ ਤਾਂ ਐਨੀ ਧੁੱਪ ਪੈਂਦੀ ਹੈ, ਐਨੀ ਓਡਾਰ ਹੈ, ਰੇਤਾ ਉਡਦਾ ਹੈ ਕਿ ਅਸੀਂ ਤਾਂ ਰੋਟੀ ਨਹੀਂ ਲਾਹ ਸਕਦੇ। ਸਾਰੇ ਦਰਵਾਜ਼ੇ ਬੰਦ ਕਰਕੇ, ਝੀਥਾਂ ਦੇ ਵਿਚ ਕੱਪੜੇ ਦਿੰਦੇ ਹਾਂ, ਕੋਠੇ ਦੇ ਮੋਘੇ ਬੰਦ ਕਰਦੇ ਹਾਂ, ਫੇਰ ਸੱਚੇ ਪਾਤਸ਼ਾਹ! ਰੋਟੀ ਖਾ ਲਈਏ ਤਾਂ ਖਾ ਲਈਏ, ਨਹੀਂ ਤਾਂ ਦੰਦ ਨਹੀਂ ਲਗਦੇ ਐਨੀ ਧੂੜ ਅੰਦਰ ਆ ਜਾਂਦੀ ਹੈ। ਫੇਰ ਗਰਮੀ ਕਿੰਨੀ ਹੈ, ਬੇਅੰਤ ਗਰਮੀ ਹੈ ਸੱਚੇ ਪਾਤਸ਼ਾਹ। ਸਹਿ ਨਹੀਂ ਹੁੰਦੀ, ਐਨੀ ਜ਼ਿਆਦਾ ਗਰਮੀ ਹੈ। ਆਹ ਤਾਂ ਬੜਾ ਸੋਹਣਾ ਥਾਉਂ ਹੈ, ਜਵਾਬ ਦੇ ਦਿਤਾ ਉਨ੍ਹਾਂ ਨੇ।

ਮਹਾਰਾਜ ਕਹਿੰਦੇ, ਨਹੀਂ ਫਤਹਿ ਸਿੰਘਾ! ਅਸੀਂ ਤੇਰੇ ਪਿੰਡ ਆਉਣਾ ਜ਼ਰੂਰ ਹੈ। ਕੋਈ ਪਤਾ ਨਹੀਂ ਸੀ ਕਿ ਗੁਰੂ ਮਹਾਰਾਜ ਕਿਉਂ ਕਹਿੰਦੇ ਨੇ। ਕਹਿੰਦੇ, ਜਾਓ ਤਿਆਰੀ ਕਰੋ। ਬਠਿੰਡੇ ਤੋਂ ਆਪ ਨੇ ਤਿਆਰੀ ਕਰਾ ਦਿਤੀ। ਉਨ੍ਹਾਂ ਨੇ ਇਕ ਦਰਖਤ ਵੱਢ-ਵੱਢ ਕੇ ਆਲੇ-ਦੁਆਲੇ ਵਾੜ ਬਹੁਤ ਸੰਘਣੀ ਕਰ ਦਿਤੀ। ਸਰਕੜਾ ਲਾ ਦਿਤਾ ਕਿ ਅੰਦਰ ਨਾ ਜਾਵੇ ਰੇਤਾ ਮਹਾਰਾਜ ਜੀ ਤੱਕ। ਓਡਾਰ ਨਾ ਪਹੁੰਚੇ। ਰੇਤੇ ਦੇ ਉਤੇ ਐਨਾ ਪਾਣੀ ਛਿੜਕਿਆ, ਆਲੇ-ਦੁਆਲੇ ਹਵਾ ਬੰਦ ਕਰ ਦਿਤੀ ਤੇ ਉਹ ਐਉਂ ਲਗਦਾ ਹੈ ਬਹੁਤ ਠੰਢਾ ਜਿਵੇਂ Air condition ਘਰ ਹੁੰਦਾ ਹੈ। ਝੌਂਪੜੀ ਦੇ ਅੰਦਰ ਗੁਰੂ ਮਹਾਰਾਜ ਜਾ ਕੇ ਬਿਰਾਜ ਗਏ, ਕਹਿਣ ਲੱਗੇ, ਪਿਆਰਿਓ! ਤੁਸੀਂ ਤਾਂ ਕਹਿੰਦੇ ਸੀ ਇਥੇ ਤਾਂ ਅੱਗ ਵਰ੍ਹਦੀ ਹੈ, ਆਹ ਤਾਂ ਪਾਉਂਟੇ ਸਾਹਿਬ ਦਾ ਨਜ਼ਾਰਾ ਦਿੰਦੀ ਹੈ, ਆਹ ਜਿਹੜੀ ਝੁੱਗੀ ਬਣਾਈ ਹੈ ਤੁਸੀਂ। ਸਾਨੂੰ ਤਾਂ ਇਹ ਪਿਆਰੀ ਲਗਦੀ ਹੈ। ਦੋ ਦਿਨ ਰਹਿਣ ਤੋਂ ਬਾਅਦ ਮਹਾਰਾਜ ਕਹਿੰਦੇ, ਫਤਹਿ ਸਿੰਘ! ਅੱਜ ਪ੍ਰਸ਼ਾਦਾ ਅਸੀਂ ਤੁਹਾਡੇ ਘਰ ਛਕਾਂਗੇ। ਉਸ ਵੇਲੇ ਮਹਾਰਾਜ ਜੀ ਘੋੜੇ ਤੇ ਸਵਾਰ ਹੁੰਦੇ ਨੇ। ਪ੍ਰਸ਼ਾਦਾ ਤਿਆਰ ਹੋ ਗਿਆ। ਫਤਹਿ ਸਿੰਘ ਅੱਗੇ-ਅੱਗੇ ਜਾਂਦਾ ਹੈ। ਰਾਮ ਸਿੰਘ ਅੱਗੇ-ਅੱਗੇ ਜਾਂਦਾ ਹੈ ਤੇ ਮਹਾਰਾਜ ਜੀ ਨੂੰ ਘਰ ਲਿਜਾ ਰਹੇ ਨੇ, ਲੇਕਿਨ ਮਹਾਰਾਜ ਜੀ ਜਾਂਦੇ-ਜਾਂਦੇ ਇਕ ਦਮ ਘੋੜੇ ਤੋਂ ਉਤਰ ਗਏ। ਪਿੱਛੇ ਮੁੜ ਕੇ ਦੇਖਿਆ, ਕਹਿੰਦੇ ਸੱਚੇ ਪਾਤਸ਼ਾਹ ਸਾਡੇ ਪਿਛੇ-ਪਿਛੇ ਆ ਜਾਓ ਆਪਣਾ ਘਰ ਤਾਂ ਅੱਗੇ ਹੈ।

ਇਹ ਨਹੀਂ ਆਪਣਾ ਘਰ। ਗੁਰੂ ਮਹਾਰਾਜ ਘੋੜੇ ਤੋਂ ਉਤਰ ਕੇ ਇਕ ਗਰੀਬ ਜਿਹੇ ਘਰ ਵਿਚ, ਕੱਚੇ ਘਰ ਤਾਂ ਸੀਗੇ ਸਾਰਿਆਂ ਦੇ। ਉਹ ਬਹੁਤਾ ਕੋਈ ਵੱਡਾ ਘਰ ਨਹੀਂ ਸੀ, ਛੋਟਾ ਜਿਹਾ ਘਰ ਸੀ। ਉਸ ਘਰ ਦੇ ਵਿਚ ਦਾਖਲ ਹੋ ਜਾਂਦੇ ਨੇ। ਦਰਵਾਜ਼ੇ ਦੇ ਓਹਲੇ ਇਕ ਬੀਬੀ ਖੜ੍ਹੀ ਹੈ, ਮੋਢੇ ਤੇ ਖੇਸ ਰੱਖਿਆ ਹੋਇਆ ਹੈ, ਹੱਥ ਜੋੜੇ ਹੋਏ ਨੇ। ਅੱਖਾਂ 'ਚੋਂ ਜਲ ਜਾਂਦਾ ਹੈ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਮੈਂ ਗਰੀਬਣੀ ਹਾਂ, ਮੇਰਾ ਕੋਈ ਨਹੀਂ। ਤੁਸੀਂ ਵੱਡਿਆਂ-ਵੱਡਿਆਂ ਦੇ ਆਏ ਓਂ, ਕ੍ਰਿਪਾ ਕਰੋ ਮੇਰੇ ਘਰ ਚਰਨ ਪਾ ਦਿਓ। ਇਧਰੋਂ ਫਤਹਿ ਸਿੰਘ ਆਵਾਜ਼ ਦਿੰਦਾ ਹੈ ਕਿ ਮਹਾਰਾਜ! ਆਪਣਾ ਘਰ ਅੱਗੇ ਹੈ। ਕਹਿੰਦੇ, ਠਹਿਰੋ। ਪਿਆਰ ਦਿਤਾ ਮਹਾਰਾਜ ਨੇ, ਸੀਸ ਤੇ ਹੱਥ ਰੱਖਿਆ, ਕਹਿੰਦੇ ਬੇਟਾ! ਕੀ ਚਾਹੁੰਦੀ ਹੈਂ, ਮਹਾਰਾਜ! ਮੇਰੇ ਵੀ ਪ੍ਰਸ਼ਾਦਾ ਛਕੋ। ਕਹਿੰਦੇ, ਅਸੀਂ ਤੇਰੇ ਵੀ ਆਵਾਂਗੇ। ਕੱਲ੍ਹ ਦਾ ਪ੍ਰਸ਼ਾਦਾ ਅਸੀਂ ਤੇਰੇ ਹੀ ਛਕਾਂਗੇ। ਤਿਆਰ ਕਰਕੇ ਰੱਖੀਂ।

ਮਹਾਰਾਜ! ਆਹ ਮੈਂ ਭੇਟਾ ਬਣਾਈ ਹੈ, ਇਕ-ਇਕ ਤੰਦ ਦੇ ਉਤੇ ਤੇਰਾ ਨਾਮ ਜਪਿਆ ਹੈ, ਤੇਰਾ ਧਿਆਨ ਧਰਿਆ ਹੈ, ਉਹਦੀ ਮੈਂ ਭੇਟਾ ਹਾਜ਼ਰ ਕਰਦੀ ਹਾਂ, ਖੇਸ ਬਣਾਇਆ ਹੈ, ਮਹਾਰਾਜ ਕਹਿੰਦੇ, ਖੇਸ ਵੀ ਅਸੀਂ ਕੱਲ੍ਹ ਨੂੰ ਹੀ ਲਵਾਂਗੇ। ਉਨ੍ਹਾਂ ਦੇ ਚਲੇ ਜਾਂਦੇ ਨੇ ਜਾ ਕੇ ਮਹਾਰਾਜ ਕਹਿੰਦੇ, ਕਿੱਥੇ ਰਹੀਏ ਬਈ? ਕਹਿੰਦੇ, ਮਹਾਰਾਜ! ਚੁਬਾਰਾ ਹੈ ਉਤੇ। ਨਾਲ ਦੇ ਘਰ ਜਿਹੜਾ ਤਖਤ ਸਿੰਘ ਦਾ ਤੇ ਉਨ੍ਹਾਂ ਦਾ ਸੀ, ਉਸ ਘਰ ਦੇ ਵਿਚ ਲੈ ਕੇ ਨਹੀਂ ਗਏ ਕਿਉਂਕਿ ਸ਼ਰੀਕ ਸੀ, ਸ਼ਰਾਕਤ ਬੜੀ ਮਾੜੀ ਗੱਲ ਪਿੰਡਾਂ 'ਚ ਹੁੰਦੀ ਹੈ। ਈਰਖਾ ਹੁੰਦੀ ਹੈ, ਦੋ ਮਾਵਾਂ ਦੇ ਪੁੱਤਰ ਸੀ ਤੇ ਓਧਰ ਨਹੀਂ ਜਾਣ ਦਿੱਤੇ, ਉਨ੍ਹਾਂ ਦੇ ਘਰ ਨੂੰ ਪੌੜੀ ਲੱਗੀ ਹੋਈ ਸੀ ਕੱਚੀ। ਮਹਾਰਾਜ ਨੂੰ ਲੱਕੜੀ ਦੀ ਪੌੜੀ ਤੇ ਚੜ੍ਹਾ ਦਿਤਾ, ਮਹਾਰਾਜ ਜੀ ਨੇ ਉਪਰ ਚੜ੍ਹ ਕੇ ਜਦੋਂ ਨਿਗ੍ਹਾ ਮਾਰੀ, ਕਹਿੰਦੇ ਓ ਰਾਮ ਸਿੰਘਾ! ਐਨੀ ਈਰਖਾ ਤੁਹਾਡੇ ਅੰਦਰ। ਆਹ ਤੁਹਾਡੇ ਭਰਾਵਾਂ ਦੇ ਪੌੜੀਆਂ ਦੂਜੀਆਂ ਲੱਗੀਆਂ ਹੋਈਆਂ ਨੇ ਤੇ ਗੁਰੂਆਂ ਪੀਰਾਂ ਨੂੰ ਐਡੇ ਔਖੇ ਥਾਉਂ ਤੋਂ ਲੰਘਾਇਆ, ਪੌੜੀ ਲੱਕੜ ਦੀ ਚੜ੍ਹਾਅ ਕੇ। ਰਾਤ ਕੱਟੀ, ਦੂਸਰੇ ਦਿਨ ਮਹਾਰਾਜ ਜੀ ਪਰਲੇ ਵਿਹੜੇ ਵਿਚ ਉਤਰ ਗਏ। ਉਤਰ ਕੇ ਦੀਵਾਰਾਂ ਸੀ ਵਿਚ, ਮਹਾਰਾਜ ਨੇ ਉਹ ਦੀਵਾਰ ਤੋੜ ਦਿਤੀ, ਸਾਰੇ ਇਕੱਠੇ ਹੋ ਗਏ, ਕਹਿੰਦੇ ਮਹਾਰਾਜ! ਪ੍ਰਸ਼ਾਦਾ ਤਿਆਰ ਹੈ।

ਮਹਾਰਾਜ ਕਹਿੰਦੇ, "ਪਹਿਲਾਂ ਈਰਖਾ ਛੱਡੋ ਤੁਸੀਂ, ਤੁਹਾਡਾ ਪ੍ਰਸ਼ਾਦਾ ਤਾਂ ਹੀ ਛਕਾਂਗੇ, ਜਦੋਂ ਤੁਹਾਡੇ ਵਿਚ ਵੈਰ ਨਹੀਂ ਰਹੇਗਾ ਕੋਈ। ਅਸੀਂ ਮਿਲਾਉਣ ਆਏ ਹਾਂ ਕਿ ਤੋੜਨ ਆਏ ਹਾਂ।"

ਭਰਾਵਾਂ ਦਾ ਮੇਲ ਕਰਾ ਕੇ ਅੱਗੇ ਚਲੇ ਗਏ ਮਹਾਰਾਜ, ਦੂਸਰੇ ਪਾਸੇ ਕੰਧ ਦੇ ਵਿਚ ਇਕ ਦਰਵਾਜ਼ਾ ਬੰਦ ਕਰਿਆ ਹੋਇਆ ਸੀ। ਮਹਾਰਾਜ ਜੀ ਨੇ ਜ਼ੋਰ ਦੀ ਲੱਤ ਮਾਰੀ, ਸਾਰੀਆਂ ਇੱਟਾਂ ਗਿਰ ਗਈਆਂ। ਕਹਿੰਦੇ, ਸਾਡੇ ਪਿੱਛੇ ਆ ਜਾਓ ਸਾਰੇ। ਅੱਗੇ ਕੀਹਦਾ ਘਰ ਹੈ, ਮਾਈ ਦੇਸਾਂ ਦਾ। ਬੈਠੀ ਹੈ ਪ੍ਰਸ਼ਾਦਾ ਤਿਆਰ ਕਰ ਲਿਆ, ਥਾਲ ਵਿਚ ਪਾ ਦਿਤਾ, ਰੁਮਾਲ ਦੇ ਨਾਲ ਢਕ ਦਿਤਾ। ਇਕ ਚੌਕੀ ਦੇ ਉਤੇ ਖੇਸ ਰੱਖ ਦਿਤਾ, ਇੰਤਜ਼ਾਰ ਕਰਦੀ ਹੈ, ਅੰਦਰ ਹੀ ਅੰਦਰ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾ ਰਹੀ ਹੈ। ਮਹਾਰਾਜ ਜੀ! ਅਛੋਪਲੇ ਹੀ ਜਾ ਕੇ ਪੀੜ੍ਹੀ ਤੇ ਬੈਠ ਗਏ, ਪੀੜ੍ਹੀ ਤੇ ਜਿਹੜਾ ਪ੍ਰਸ਼ਾਦਾ ਤਿਆਰ ਕਰਕੇ ਰੱਖਿਆ ਹੋਇਆ ਸੀ ਚੌਕੀ ਤੇ ਆਰਾਮ ਨਾਲ ਛੱਕਣ ਲੱਗ ਗਏ, ਉਹਨੂੰ ਕੋਈ ਪਤਾ ਨਹੀਂ ਹੈ। ਜਦੋਂ ਪ੍ਰਸ਼ਾਦਾ ਛਕ ਹਟੇ ਕਹਿੰਦੇ ਬੀਬਾ! ਪਾਣੀ ਤਾਂ ਲਿਆ ਦਿਓ। ਹੈਰਾਨ ਹੋ ਗਈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਪ੍ਰਸ਼ਾਦਾ ਤਾਂ ਛਕ ਹੀ ਲਿਆ ਆਪੇ ਹੀ, ਮੈਨੂੰ ਪਤਾ ਹੀ ਨਹੀਂ ਲੱਗਿਆ। ਬੜਾ ਰੋਣ ਲੱਗੀ, ਕਹਿੰਦੇ ਨਾ ਵੈਰਾਗ ਨਾ ਕਰ, ਦੇਖ ਅਸੀਂ ਆਪ ਆ ਗਏ ਹਾਂ, ਆ ਕੇ ਅਸੀਂ ਪ੍ਰਸ਼ਾਦਾ ਛਕ ਲਿਆ, ਹੁਣ ਪਾਣੀ ਪਿਲਾ ਦਿਓ। ਉਹ ਚਾਰੋ ਭਰਾ ਵੀ ਅੰਦਰ ਬੁਲਾ ਲਏ। ਕਹਿੰਦੇ, ਆਹ ਬੀਬੀ ਨੂੰ ਤੁਸੀਂ, ਤੁਹਾਡੀ ਤਾਈ, ਚਾਚੀ ਲੱਗਦੀ ਹੈ, ਤੁਸੀਂ ਐਸ ਤਰ੍ਹਾਂ ਦਾ ਸਲੂਕ ਇਹਦੇ ਨਾਲ ਕਰਦੇ ਓਂ। ਆਹ ਤਾਂ ਬਈ ਗੁਰਸਿੱਖੀ 'ਚ ਨਹੀਂ ਭਾਉਂਦਾ। ਗੁਰਸਿੱਖੀ ਜਿਹੜੀ ਹੈ ਉਹ ਹੋਰ ਚੀਜ਼ ਹੈ। ਉਹ ਸਾਰਿਆਂ ਦਾ ਭਲਾ ਮੰਗਦੀ ਹੈ। ਹਰ ਰੋਜ਼ ਕਹਿੰਦੀ ਹੈ -

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਸੋ ਐਸੇ ਪਿਆਰਾਂ ਦੇ ਕੌਤਕ ਗੁਰੂ ਮਹਾਰਾਜ ਦੇ ਜੀਵਨ ਵਿਚ ਇਕ-ਦੋ ਚਾਰ ਨਹੀਂ, ਆਪ ਨੇ ਇਹ ਗੱਲ ਫੁਰਮਾਨ ਕੀਤੀ ਹੈ, ਕਿ ਜੇ ਰੱਬ ਨੂੰ ਮਿਲਣਾ ਹੈ ਸਭ ਤੋਂ ਸੁਖਾਲਾ, ਉਹ ਐਵੇਂ ਨਾ ਆਪਣਾ ਸਰੀਰ ਹਿਮਾਲੀਆ 'ਚ ਬੈਠ ਕੇ ਬਰਫਾਂ 'ਚ ਬੈਠ ਕੇ ਗਾਲਿਓ। ਭੋਰਿਆਂ 'ਚ ਬੈਠ-ਬੈਠ ਕੇ ਨਿਕੰਮੇ ਨਾ ਹੋ ਜਾਇਓ। ਪਿਆਰਿਓ! ਐਉਂ ਰੱਬ ਨਹੀਂ ਮਿਲਦਾ। ਰੱਬ ਤਾਂ ਪਿਆਰ ਦੀ ਚੀਜ਼ ਹੈ।

ਸੋ ਮਹਾਰਾਜ! ਬੱਚਿਆਂ ਨੂੰ ਨਾਲ ਲੈ ਕੇ ਬਹੁਤ ਹੀ ਕੌਤਕ ਕਰਦੇ ਨੇ। ਉਥੇ ਦਾ ਜੋ ਹਾਕਮ ਸੀ ਮੁਸਲਮਾਨ ਹਾਕਮ ਉਹਨੂੰ ਵੀ ਨਵਾਬ ਰਹੀਮ ਖਾਂ ਕਿਹਾ ਜਾਂਦਾ ਸੀ ਤਾਂ ਕਹਿਣ ਲੱਗੇ ਕਿ ਸਲਾਮ ਨਹੀਂ ਕਰਨੀ। ਸੱਤ ਸਲਾਮਾਂ ਝੁਕ ਕੇ ਕਰਦੇ ਹੁੰਦੇ ਸੀ। ਕਹਿੰਦੇ ਸਲਾਮ ਨਹੀਂ ਕਰਨੀ। ਕਿਸੇ ਨੇ ਨਹੀਂ ਕਰਨੀ। ਸਗੋਂ ਚਿੜਾਉਂਦੇ ਨੇ, ਉਹ ਪਿਛੇ ਦੌੜਦੇ

ਨੇ ਆਪ ਗਲੀਆਂ ਦੇ ਵਿਚ ਹੀ ਛਾਈਂ ਮਾਈਂ ਹੋ ਜਾਂਦੇ ਨੇ। ਅਖੀਰ ਨਵਾਬ ਨਾਲ ਐਸਾ ਕੌਤਕ ਵਰਤਿਆ ਕਿ ਨਵਾਬ ਆਪ ਦਾ ਸ਼ਰਧਾਲੂ ਬਣ ਗਿਆ।

ਅੱਜ ਗੁਰੂ ਮਹਾਰਾਜ ਗੁਰੂ ਨੌਵੇਂ ਪਾਤਸ਼ਾਹ, ਆਪ ਜੀ ਏਧਰ ਅਨੰਦਪੁਰ ਸਾਹਿਬ ਵਿਚ ਬੈਠੇ ਨੇ ਤੇ ਆਪ ਨੇ ਹੁਕਮ ਦੇ ਦਿਤਾ ਕਿ ਵਾਪਸ ਲੈ ਆਓ ਆਨੰਦਪੁਰ ਸਾਹਿਬ। ਜਿਸ ਵਕਤ ਆਪ ਚੱਲਣ ਲੱਗੇ, ਓਸ ਵੇਲੇ ਜਿੰਨਾਂ ਪਿਆਰ ਪਟਨੇ ਵਿਚ ਆਪ ਦਾ ਪਿਆ ਸੀ, ਜਿੰਨੀ ਗੁਰਸਿੱਖੀ ਸੀ ਸਾਰਿਆਂ ਦੇ ਨੇਤਰਾਂ 'ਚੋਂ ਝੜੀਆਂ ਲੱਗ ਗਈਆਂ। ਬਾਰ-ਬਾਰ ਅਰਦਾਸਾਂ ਕਰਦੇ ਨੇ। ਸਾਰਿਆਂ ਤੋਂ ਵੱਧ ਜੋ ਹਾਲ ਸੀ ਉਹ ਸ਼ਿਵਦੱਤ ਬ੍ਰਾਹਮਣ ਦਾ, ਨਵਾਬ ਰਹੀਮ ਖਾਂ ਦਾ ਜਿਨ੍ਹਾਂ ਦਾ ਬਿਰਹਾ ਠਹਿਰਦਾ ਹੀ ਨਹੀਂ ਸੀ ਤੇ ਰਾਣੀ ਜੋ ਹੈ ਉਹ ਐਨੀ ਉਦਾਸ ਹੋਈ ਕਿ ਸੁਣਦੇ ਸਾਰ ਮੂਰਛਤ ਹੋ ਕੇ ਗਿਰ ਗਈ। ਹੈਂ ਹੁਣ ਚਲੇ ਜਾਣਗੇ, ਮੁੜ ਸਾਡਾ ਮੇਲਾ ਨਹੀਂ ਹੋਣਾ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥*** ***ਅੰਗ - ੭੦੮***

ਸਹਿ ਨਹੀਂ ਹੁੰਦਾ। ਆਪ ਨੇ ਪੂਰੇ ਵਸਤਰ ਪਹਿਨੇ ਹੋਏ, ਜਿਗਾ ਕਲਗੀ ਲੱਗੀ ਹੋਈ, ਮੋਢੇ ਦੇ ਉਤੇ ਛੋਟੀ ਜਿਹੀ ਕਮਾਨ ਹੈ, ਛੋਟਾ ਜਿਹਾ ਭੱਥਾ ਹੈ, ਆ ਕੇ ਰਾਣੀ ਨੂੰ ਸਾਵਧਾਨ ਕਰਦੇ ਨੇ ਕਿ ਮਾਤਾ! ਮਾਤਾ! ਕਿਉਂ ਐਨਾ ਬਿਰਹੋਂ ਮਹਿਸੂਸ ਕਰਦੇ ਓਂ? ਕਹਿਣ ਲੱਗੀ, ਮੈਂ ਜੀਉਂ ਨਹੀਂ ਸਕਣਾ। ਮੇਰਾ ਜੀਵਨ ਤੂੰ ਹੈਂ। ਕਹਿੰਦੇ, ਐਉਂ ਨਾ ਕਹੋ, ਜਿਸ ਵਕਤ ਬੱਚੇ ਆਉਣਗੇ, ਸਤਿਸੰਗ ਕਰਿਓ ਮੇਰੇ ਪਿਛੋਂ ਤੇ ਘੁੰਗਣੀਆਂ ਦਾ ਪ੍ਰਸ਼ਾਦ ਵਰਤਾਇਓ। ਆਹ ਮੇਰੇ ਜਿਹੜੇ ਸਾਥੀ ਬੱਚੇ ਨੇ ਇਨ੍ਹਾਂ ਨੂੰ ਪਿਆਰ ਕਰਿਓ, ਜਦ ਇਹ ਆਉਣਗੇ ਪ੍ਰਸ਼ਾਦ ਵਰਤਾਓਂਗੇ, ਵਿਚ ਬੈਠਾ ਮੈਂ ਪ੍ਰਸ਼ਾਦ ਲਿਆ ਕਰਾਂਗਾ।

ਰਹੀਮ ਖਾਂ ਨਵਾਬ ਦੋ ਭਰਾ ਸੀਗੇ, ਦੋਵੇਂ ਬਿਰਹੁੰ ਕਰਦੇ ਨੇ ਕਿ ਪਾਤਸ਼ਾਹ! ਅਸੀਂ ਕਿਵੇਂ ਜੀਉਂਏ?

ਕਹਿਣ ਲੱਗੇ, ਜਦੋਂ ਤੁਸੀਂ ਨਮਾਜ਼ ਪੜ੍ਹੋਂਗੇ ਉਸ ਵੇਲੇ ਤੁਹਾਡੇ ਸਾਮ੍ਹਣੇ ਮੈਂ ਖੜ੍ਹਾ ਹੋਇਆ ਕਰਾਂਗਾ। ਪੰਡਤ ਸ਼ਿਵਦੱਤ ਨੇ ਕਿਹਾ ਤਾਂ ਆਪ ਨੇ ਕਿਹਾ ਪੰਡਤ ਜੀ! ਜਦੋਂ ਨੇਤਰ ਬੰਦ ਕਰਕੇ ਗੰਗਾ ਦੇ ਕਿਨਾਰੇ ਆਪ ਬੈਠੋਂਗੇ ਤੇ ਜਦੋਂ ਭਜਨ ਬੰਦਗੀ ਕਰਕੇ ਨੇਤਰ ਖੋਲ੍ਹੋਂਗੇ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹੋਇਆ ਕਰਾਂਗਾ। ਸਾਰਿਆਂ ਨੂੰ ਧਰਵਾਸ ਦਿੰਦੇ ਹੋਏ ਆਪ ਸਨੇ-ਸਨੇ ਚਲਦੇ-ਚਲਦੇ ਘੜਾਮ ਪਿੰਡ ਆ ਜਾਂਦੇ ਨੇ। ਉਥੇ ਹੁਕਮ ਹੋ ਗਿਆ ਕੁਛ ਦਿਨ ਠਹਿਰਨ ਦਾ। ਆਪ ਠਹਿਰੇ ਹੋਏ ਨੇ ਤੇ ਬੱਚੇ ਗੁਰੂ ਪਰਿਵਾਰ ਦੇ ਤੇ ਗੁਰਸਿੱਖਾਂ ਦੇ ਆਪ ਉਨ੍ਹਾਂ ਦੇ ਨਾਲ ਖੇਲ੍ਹ ਰਹੇ ਨੇ। ਸੱਤ ਸਾਲ ਦੀ ਉਮਰ ਹੈ, ਤਾਂ ਪੀਰ ਭੀਖਣਸ਼ਾਹ ਇਲਾਕੇ ਦਾ ਮੰਨਿਆ ਪ੍ਰਮੰਨਿਆ ਪੀਰ ਸੀ ਉਹਨੇ ਜਿਸ ਵਕਤ ਦੇਖਿਆ ਹਾਕੀ ਖੇਲ੍ਹਦਿਆਂ ਨੂੰ, ਉਸ ਵੇਲੇ ਸੱਤ ਸਲਾਮਾਂ ਕੀਤੀਆਂ। ਮੁਰੀਦਾਂ ਨੇ ਕਿਹਾ ਕਿ ਹੈਂ ਸਾਡੇ ਪੀਰ ਨਾਲੋਂ ਵੀ ਕੋਈ ਵੱਡਾ ਆ ਗਿਆ? ਪੀਰ ਜੀ! ਇਹ ਕੀ ਗੱਲ ਹੈ, ਕੀਹਨੂੰ ਤੁਸੀਂ ਸਲਾਮਾਂ ਕੀਤੀਆਂ ਨੇ। ਕਹਿੰਦੇ, ਉਹ ਬਾਲਕ ਜਿਹੜੇ ਦਿਸਦੇ ਨੇ ਤੁਹਾਨੂੰ, ਤੁਹਾਨੂੰ ਬਾਲਕ ਦਿਸਦੇ ਨੇ ਪਰ ਉਹ ਪਰਮ ਪੁਰਖ ਹੈ। ਕਹਿੰਦੇ, ਸਲਾਮਾਂ ਕਿਉਂ ਕੀਤੀਆਂ ਨੇ? ਕਹਿੰਦੇ ਕਿ ਇਸ ਕਰਕੇ ਕਿ ਇਹ ਆਦਰ ਹੈ ਇਨ੍ਹਾਂ ਦਾ। ਚਲੋ ਤੁਹਾਨੂੰ ਦਿਖਾ ਦਿੰਦੇ ਹਾਂ।

ਕਹਿੰਦੇ, ਦੋ ਭਾਂਡੇ ਲਿਆਓ ਮਠਿਆਈ ਦੇ। ਇਕ ਹਿੰਦੂਆਂ ਦਾ ਤੇ ਇਕ ਮੁਸਲਮਾਨਾਂ ਦਾ। ਦੋ ਭਾਂਡੇ ਲੈ ਆਉਂਦੇ ਨੇ, ਖੇਲ੍ਹ ਖਤਮ ਹੋ ਗਈ। ਤੇ ਗੁਰੂ ਮਹਾਰਾਜ ਦੇ ਕੋਲ ਆ ਕੇ ਸਿਜਦਾ ਕੀਤਾ ਤੇ ਸਾਮ੍ਹਣੇ ਦੋ ਭਾਂਡੇ ਰੱਖ ਦਿਤੇ। ਮਹਾਰਾਜ ਕਹਿਣ ਲੱਗੇ, ਇਕ ਹੋਰ ਲਿਆਓ। ਤਿੰਨ ਲੈ ਆਏ। ਮਹਾਰਾਜ ਜੀ ਨੇ ਪਹਿਲਾਂ ਦੋਵੇਂ ਹੱਥ ਇਕ ਦੇ ਉਤੇ ਰੱਖ ਦਿਤੇ। ਫੇਰ ਇਕ-ਇਕ ਹੱਥ ਦੋਹਾਂ ਤੇ ਰੱਖ ਦਿੱਤਾ। ਹੁਣ ਪੀਰ ਸਮਝਦਾ ਹੈ, ਕਰਨੀ ਕਮਾਈ ਵਾਲਾ ਪੀਰ ਸੀ। ਸਿਜਦਾ ਕੀਤਾ। ਉਸ ਵੇਲੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਸਾਡੇ ਤਾਂ ਸਮਝ ਵਿਚ ਨਹੀਂ ਆਈ ਕੁਛ ਗੱਲ? ਸਾਨੂੰ ਵੀ ਸਮਝਾ ਦਿਓ ਕਿ ਕੀ ਤੁਹਾਡੀ ਗੱਲਬਾਤ ਹੋਈ ਹੈ? ਇਸ਼ਾਰੇ ਨਾਲ ਗੱਲਬਾਤ ਹੋਈ ਹੈ, ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕਰੀ ਸੀ ਕਿ ਇਹ ਹਿੰਦੂਆਂ ਦਾ ਹੋਏਗਾ ਜਾਂ ਇਸਲਾਮ ਵਾਲਿਆਂ ਦਾ ਹੋਏਗਾ। ਪਰ ਉਨ੍ਹਾਂ ਨੇ ਇਕ ਬਰਤਨ ਹੋਰ ਮੰਗਾ ਕੇ ਕਿਹਾ ਕਿ ਅਸੀਂ ਦੋਹਾਂ ਵਾਸਤੇ ਇਕ ਸਾਂਝਾ ਰਸਤਾ ਚਲਾਵਾਂਗੇ। ਉਹਦੇ ਉਤੇ ਤਾਂ ਦੋਵੇਂ ਹੱਥ ਰੱਖ ਦਿਤੇ, ਫੇਰ ਮੈਂ ਕਿਹਾ ਕਿ ਹਿੰਦੂਆਂ ਦਾ ਤੇ ਇਸਲਾਮ ਦਾ ਤੁਹਾਡੇ ਨਾਲ ਕੀ ਸਬੰਧ ਹੋਏਗਾ? ਉਸ ਵੇਲੇ ਆਪ ਨੇ ਦੋਵੇਂ ਹੱਥ ਦੋਹਾਂ ਤੇ ਰੱਖ ਦਿਤੇ, ਇਕ ਓਧਰ ਇਕ ਓਧਰ ਕਿ ਸਾਨੂੰ ਸਾਰੇ ਸਮ ਨੇ। ਸਾਡਾ ਕਿਸੇ ਨਾਲ ਵਿਰੋਧ ਨਹੀਂ। ਸਾਡੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਤੁਰਕ ਹੈ।

***ਕੋਊ ਭਇਓ ਮੁੰਡੀਆ ਸੰਨਿਆਸੀ***
***ਕੋਊ ਜੋਗੀ ਭਇਓ***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ***

*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*(ਅਕਾਲ ਉਸਤਿਤ)*

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਬ ਏਕੈ ਬਾਨ*
*ਖਾਕ ਬਾਦ ਆਤਮ ਔ ਆਬ ਕੋ ਰਲਾਉ ਹੈ॥*
*ਅਲਬ ਅਭੇਖ ਸੋਈ ਪੁਰਾਨ ਐ ਕੁਰਾਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
**ਅਕਾਲ ਉਸਤਤਿ**

ਗੁਰੂ ਘਰ ਦੇ ਅੰਦਰ ਜਾਤਾਂ ਨਾਲ ਮਨੁੱਖਾਂ ਦੀ ਵੰਡ ਨਹੀਂ ਹੈ। ਨਾ ਹਿੰਦੂ ਬਹੁਤਾ ਨੇੜੇ ਨਾ ਮੁਸਲਮਾਨ ਦੂਰ, ਸਾਰੇ ਹੀ ਨੇੜੇ ਨੇ। ਨਾ ਮਸਜਿਦ ਦਾ ਤ੍ਰਿਸਕਾਰ, ਦੇਹੁਰਾ ਤੇ ਮਸਜਿਦ ਦੋਵੇਂ ਹੀ ਪ੍ਰਮੇਸ਼ਰ ਦੇ ਬੰਦਗੀ ਕਰਨ ਦੇ ਥਾਉਂ ਨੇ। ਦੋਹਾਂ ਦਾ ਹੀ ਸਤਿਕਾਰ ਬਣਦਾ ਹੈ, ਸੋ ਐਸਾ ਜੋ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਆਦਰਸ਼ ਸੀ, ਆਪ ਨੇ ਸੰਸਾਰ ਵਿਚ ਲਿਆਂਦਾ ਤੇ ਸੰਸਾਰ 'ਚ ਲਿਆ ਕੇ, ਐਸੇ-ਐਸੇ ਕੌਤਕ ਨੇ ਆਪ ਦੇ ਕਿ ਸੰਸਾਰ ਗਿਣਦਾ ਚਲਿਆ ਜਾਵੇ, ਇਕ ਤੋਂ ਇਕ ਉਪਰ ਚੜ੍ਹ ਕੇ।

ਨੌਂ ਸਾਲ ਦੀ ਆਪ ਦੇ ਸਰੀਰ ਦੀ ਉਮਰ ਹੋ ਗਈ ਤੇ ਅੱਜ ਕੀ ਦੇਖਦੇ ਨੇ ਬਾਹਰੋਂ ਖੇਲ੍ਹ ਕੇ ਆਉਂਦੇ ਨੇ। ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ, ਬਹੁਤ ਵੱਡੇ-ਵੱਡੇ ਧੁਰੰਤਰ ਵਿਦਵਾਨ, ਵੱਡੀਆਂ ਹਸਤੀਆਂ ਸਤਿਕਾਰਯੋਗ, ਕਿਉਂਕਿ ਉਨ੍ਹਾਂ ਦਿਨਾਂ ਦੇ ਅੰਦਰ ਬ੍ਰਾਹਮਣ ਪੂਰੇ ਕੇਸਾਧਾਰੀ ਹੋਇਆ ਕਰਦੇ ਸੀ। ਬ੍ਰਾਹਮਣ ਵਾਸਤੇ ਜ਼ਰੂਰੀ ਸੀ ਕੇਸ ਰੱਖਣੇ ਤੇ ਬਹੁਤ ਸੋਹਣੀ ਸ਼ਕਲਾਂ ਸੂਰਤਾਂ, ਚੰਗੇ ਬੰਦੇ ਗੁਰੂ ਮਹਾਰਾਜ ਦੇ ਹਜ਼ੂਰ ਬੈਠੇ ਨੇ। ਲੇਕਿਨ ਸਾਰਿਆਂ ਦੇ ਹੱਥਾਂ 'ਚ ਰੁਮਾਲ ਨੇ। ਥੋੜ੍ਹੀ-ਥੋੜ੍ਹੀ ਦੇਰ ਤੋਂ ਬਾਅਦ ਅੱਖਾਂ ਤੇ ਰੁਮਾਲ ਚਲੇ ਜਾਂਦੇ ਨੇ। ਇਕ ਵਾਰਤਾ ਸੁਣਾਉਂਦਾ ਹੈ, ਗੁਰੂ ਮਹਾਰਾਜ ਧਿਆਨ ਦੇ ਨਾਲ ਸਰਵਣ ਕਰਦੇ ਨੇ ਕਿ ਮਹਾਰਾਜ! ਹੁਣ ਤਾਂ ਜੀਉਣ ਦਾ ਹੀ ਕੋਈ ਹੱਜ ਨਾ ਰਿਹਾ। ਧਰਮ ਖਤਰੇ 'ਚ ਹੋ ਗਿਆ, ਖਤਰਾ ਹੀ ਨਹੀਂ ਧਰਮ ਖਤਮ ਹੋ ਰਿਹਾ ਹੈ। ਕਸ਼ਮੀਰ ਦੇ ਨੇ ਹਾਲਤ ਦੱਸੀ ਕਿ ਜ਼ਾਲਮ ਖਾਨ ਸ੍ਰੀ ਨਗਰ ਦਾ ਜੋ ਗਵਰਨਰ ਹੈ, ਉਹਨੇ ਇਹ ਕੰਮ ਫੜਿਆ ਹੈ ਕਿ ਸੌ ਵੱਡੇ ਮਹਾਂਪੁਰਸ਼ ਜਿਹੜੇ ਹਿੰਦੂ ਨੇ ਉਨ੍ਹਾਂ ਨੂੰ ਫੜ ਕੇ ਜੇਲ੍ਹਮ ਦਰਿਆ ਦੇ ਕੰਢੇ ਤੇ ਲੈ ਆਂਦਾ ਹੈ ਤੇ ਉਥੇ ਬੇਅੰਤ ਮੁਲਖਈਆ ਇਕੱਠਾ ਹੋਇਆ ਹੁੰਦਾ ਹੈ ਤੇ ਉਨ੍ਹਾਂ ਨੂੰ ਸਾਰਿਆਂ ਦੇ ਸਾਮ੍ਹਣੇ ਪੁੱਛਿਆ ਜਾਂਦਾ ਹੈ ਕਿ ਧਰਮ ਤਿਆਗ ਕਰਦੇ ਓਂ? ਧਰਮ ਨਾਲੋਂ ਜਾਨ ਦੇਣੀ ਤਰਜੀਹ ਬਹੁਤੇ ਕਰਦੇ ਨੇ। ਸੱਚੇ ਪਾਤਸ਼ਾਹ! ਉਥੇ ਸੰਗਲ ਦੇ ਨਾਲ ਇਕੋ ਭਰਾ ਬੰਨ੍ਹ ਲਿਆ ਜਾਂਦਾ ਹੈ ਸਾਰੇ ਬੰਦਿਆਂ ਦਾ, ਧੱਕ ਕੇ ਦਰਿਆ ਦੇ ਵਿਚ ਕਰ ਦਿੰਦੇ ਨੇ, ਉਹ ਪਾਣੀ ਹੈ ਕਿਸੇ ਦੇ ਗਲ-ਗਲ ਆਉਂਦਾ ਹੈ, ਕਿਸੇ ਦੇ ਮੂੰਹ ਵਿਚ ਪੈਣ ਲਗਣਾ ਸ਼ੁਰੂ ਹੋ ਜਾਂਦਾ ਹੈ। ਉਹ ਡੁੱਬਦੇ ਨੇ, ਹੱਥ ਪੈਰ ਮਾਰਦੇ ਨੇ ਬਚਣ ਵਾਸਤੇ ਤੇ ਅਖੀਰ ਇਹ ਹੁੰਦਾ ਹੈ ਕਿ ਸਾਰੇ ਹੀ ਡੁੱਬ ਜਾਂਦੇ ਨੇ ਤੇ ਅੱਗੇ ਜਾ ਕੇ ਸੰਗਲ ਖੋਲ੍ਹ ਲਿਆਉਂਦੇ ਨੇ ਤੇ ਬੰਦੇ ਰੁੜ੍ਹ ਜਾਂਦੇ ਨੇ। ਆਹ ਸਾਡਾ ਹਾਲ ਹੋ ਗਿਆ -

*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥*
*ਅੰਗ - ੧੩੭੯*

ਇੱਜ਼ਤ ਸਾਡੀ ਕੋਈ ਨਹੀਂ ਹੈ, ਡੋਲਾ ਆਉਂਦਾ ਹੈ ਪਹਿਲੇ ਦਿਨ ਹੀ ਚਲਿਆ ਜਾਂਦਾ ਹੈ ਹਾਕਮਾਂ ਦੇ ਘਰ। ਨਾ ਕੋਈ ਬੱਚੀ ਦਾ ਸਤਿ ਧਰਮ ਕਾਇਮ ਹੈ, ਨਾ ਕਿਸੇ ਹੋਰ ਦਾ ਹੈ। ਨਾ ਅਸੀਂ ਪੂਜਾ ਕਰ ਸਕਦੇ ਹਾਂ, ਨਾ ਸੰਖ ਵਜਾ ਸਕਦੇ ਹਾਂ। ਪੂਜਾ ਤੇ ਪਾਬੰਦੀਆਂ ਲਗ ਗਈਆਂ, ਕੋਈ ਬਚਨ ਨਹੀਂ ਕਰ ਸਕਦੇ, ਕੋਈ ਸ਼ਾਸਤਰ ਨਹੀਂ ਪੜ੍ਹ ਸਕਦੇ, ਸ਼ਾਸਤਰ ਖੋਹ ਲਏ ਜਾਂਦੇ ਨੇ। ਜਾਲ ਦਿਤੇ ਜਾਂਦੇ ਨੇ।

ਪਾਤਸ਼ਾਹ! ਸਾਰੇ ਦੁਖੀ ਹੋ ਕੇ ਅਮਰਨਾਥ ਦੀ ਗੁਫਾ 'ਚ ਗਏ ਤੇ ਉਥੇ ਜਾ ਕੇ ਸ਼ਿਵਜੀ ਮਹਾਰਾਜ ਕੋਲ ਬੜੀਆਂ ਪੁਕਾਰਾਂ ਕੀਤੀਆਂ, ਹੇ ਪ੍ਰਭੂ! ਹੁਣ ਤੀਸਰਾ ਨੇਤਰ ਖੋਲ੍ਹ ਤੇ ਇਨ੍ਹਾਂ ਦੁਸ਼ਟਾਂ ਦਾ ਖਾਤਮਾ ਕਰ। ਮਹੀਨਾ ਲੰਘ ਗਿਆ ਪਾਤਸ਼ਾਹ! ਅਰਦਾਸਾਂ ਕਰਦਿਆਂ ਨੇ। ਕਿਸੇ ਨੇ ਜਵਾਬ ਨਹੀਂ ਦਿਤਾ, ਕੋਈ ਜਵਾਬ ਨਹੀਂ ਆਇਆ। ਐਉਂ ਲੱਗਿਆ ਜਿਵੇਂ ਰੱਬ ਹੁੰਦਾ ਹੀ ਨਹੀਂ, ਬੋਲਾ ਹੋ ਗਿਆ ਹੁੰਦਾ ਹੈ ਰੱਬ, ਕੁਛ ਨਹੀਂ ਸੁਣ ਰਿਹਾ। ਇਕ ਦਿਨ ਆਵਾਜ਼ ਆਈ ਹੈ, ਸਾਡੇ ਸਿਆਣਿਆਂ ਵਿਚੋਂ ਸੁਣੀ ਹੈ, ਸਾਰਿਆਂ ਨੇ ਨਹੀਂ ਸੁਣੀ। ਉਹ ਇਹ ਆਈ ਹੈ ਕਿ ਐ ਪੰਡਤੋ! ਐਸ ਵੇਲੇ ਹਿੰਦੂ ਧਰਮ ਦਾ ਰਾਖਾ ਕੋਈ ਦੇਵੀ ਦੇਵਤਾ ਨਹੀਂ ਰਿਹਾ। ਕਿਉਂਕਿ ਯੁੱਗ ਬਦਲ ਚੁੱਕਿਆ ਹੈ, ਕਲਜੁਗ ਆ ਚੁੱਕਿਆ ਹੈ। ਸੋ ਦੇਵਤੇ ਨੇ ਕਿਸੇ ਨੇ ਮਦਦ ਨਹੀਂ ਕਰਨੀ। ਨਾ ਸ਼ਿਵ ਜੀ ਨੇ ਕਰਨੀ ਹੈ, ਨਾ ਕਿਸੇ ਹੋਰ ਦੇਵਤੇ ਨੇ ਕਰਨੀ ਹੈ। ਹੁਣ ਤੁਹਾਡਾ ਰਾਖਾ ਅਨੰਦਪੁਰ ਸਾਹਿਬ ਗੁਰੂ ਨਾਨਕ ਦੀ ਗੱਦੀ ਤੇ ਨੌਵਾਂ ਸਰੂਪ ਧਾਰ ਕੇ ਬੈਠਾ ਹੈ। ਜਾਓ ਉਹਦੀ ਸ਼ਰਨ ਦੇ ਵਿਚ। ਉਨ੍ਹਾਂ ਕੋਲ ਬੇਨਤੀ ਕਰੋ।

ਸੋ ਸੱਚੇ ਪਾਤਸ਼ਾਹ! ਸਾਰੇ ਭਾਰਤ ਵਰਸ਼ ਵਿਚੋਂ ਕ੍ਰਿਪਾ ਰਾਮ ਨੂੰ ਅਸੀਂ ਮੁਖੀ ਬਣਾ ਕੇ ਲਿਆਏ ਹਾਂ। ਜੋ ਗੁਰੂ ਘਰ ਦਾ ਪੰਡਤ ਵੀ ਹੈ ਤੇ ਆਪ ਦਾ ਵਿਸ਼ਵਾਸ਼ਪਾਤਰ ਵੀ ਹੈ।

ਸੱਚੇ ਪਾਤਸ਼ਾਹ! ਐਸ ਵੇਲੇ ਸਾਡੀ ਬਾਂਹ ਫੜੋ, ਕੋਈ ਸੰਸਾਰ ਤੇ ਬਾਂਹ ਫੜਨ ਵਾਲਾ ਨਹੀਂ ਹੈ। ਓਸ ਵੇਲੇ ਗੁਰੂ ਦਸ਼ਮੇਸ਼ ਪਿਤਾ, ਬਾਹਰੋਂ ਖੇਲ੍ਹਦੇ ਹੋਏ ਬਾਹਰੋਂ ਆ ਜਾਂਦੇ ਨੇ, ਗੁਰੂ ਮਹਾਰਾਜ ਦਾ ਚੌਂਤਰੇ ਤੇ ਆਸਣ ਲੱਗਿਆ ਹੋਇਆ ਹੈ। ਸਟੇਜ ਜਿਹਨੂੰ ਅੱਜਕਲ੍ਹ ਕਹਿੰਦੇ ਨੇ ਤੇ ਸਾਰੇ ਜਿੰਨੇ ਵੀ ਨੁਮਾਇੰਦੇ ਆਏ ਨੇ, ਹਿੰਦੂ ਧਰਮ ਦੇ, ਭਾਰਤ ਵਰਸ਼ ਵਿਚੋਂ ਸਾਰੇ ਮੁਖੀ-ਮੁਖੀ ਪੁਰਸ਼ ਬੈਠੇ, ਬਹੁਤ ਉਦਾਸ ਗਮਗੀਨ ਬੈਠੇ ਨੇ ਤੇ ਦਿਲ ਤੋੜਨ ਵਾਲੀਆਂ ਕਥਾਵਾਂ ਕਹਿ ਰਹੇ ਨੇ। ਮਹਾਰਾਜ ਵੀ ਬਹੁਤ ਡੂੰਘੇ ਧਿਆਨ ਦੇ ਨਾਲ ਸਰਵਣ ਕਰਦੇ ਖਾਮੋਸ਼ ਨੇ। ਇਸ ਖਾਮੋਸ਼ੀ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਪਿਛਲੇ ਪਾਸਿਓਂ ਸਟੇਜ ਤੇ ਚੜ੍ਹੇ, ਚੜ੍ਹ ਕੇ ਆ ਕੇ ਪਹਿਲਾਂ ਖੜ੍ਹੇ ਦੇਖਦੇ ਰਹੇ। ਥੋੜ੍ਹੀ ਦੇਰ ਤੋਂ ਬਾਅਦ ਦੋਵੇਂ ਬਾਹਵਾਂ ਪਿਤਾ ਦੇ ਗਲ ਵਿਚ ਪਾਈਆਂ। ਇਸ ਤੋਂ ਪਹਿਲਾਂ ਕੁਛ ਉਹ ਕਹਿੰਦੇ ਤੇ ਆਪ ਇਕ ਦਮ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਨੇ ਨੇਤਰ ਖੋਲ੍ਹ ਤੇ ਉਨ੍ਹਾਂ ਵਲ ਨੇਤਰ ਕਰੇ। ਬੜੇ ਭੇਦ ਭਰੇ ਢੰਗ ਦੇ ਨਾਲ ਇਕ ਦੂਜੇ ਨੂੰ ਦੇਖਿਆ, ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਪਾਤਸ਼ਾਹ! ਗੁਰੂ ਪਿਤਾ ਜੀ! ਕੀ ਗੱਲ ਹੈ? ਐਨੀ ਉਦਾਸੀ? ਕੌਣ ਨੇ ਇਹ ਲੋਕ? ਕੀ ਮੰਗਦੇ ਨੇ, ਕਿਹੜੀ ਚੀਜ਼ ਹੈ ਜਿਹੜੀ ਤੁਹਾਡੇ ਕੋਲ ਨਹੀਂ ਹੈ ਇਨ੍ਹਾਂ ਨੂੰ ਦੇਣ ਵਾਸਤੇ? ਓਸ ਵੇਲੇ ਸਾਰੀ ਵਿਥਿਆ ਦੱਸੀ ਕਿ ਐਸ ਤਰ੍ਹਾਂ ਇਹ ਕਹਿੰਦੇ ਨੇ, ਬੜੀ ਆਸਾ ਨਾਲ ਆਏ ਨੇ।

ਕਹਿਣ ਲੱਗੇ ਕਿ ਮਹਾਰਾਜ! ਇਨ੍ਹਾਂ ਦਾ ਇਲਾਜ ਆਪ ਨੇ ਕੀ ਸੋਚਿਆ ਹੈ?

ਆਪ ਨੇ ਕਿਹਾ ਕਿ ਇਸਦਾ ਇਲਾਜ ਜੋ ਹੈ, ਉਹ ਇਹ ਹੈ ਕਿ ਕੋਈ ਪੂਰਨ ਮਹਾਂਪੁਰਸ਼ ਬਲੀ ਦੇਵੇ ਆਪਣੇ ਸੀਸ ਦੀ। ਆਹ ਪਹਾੜ ਦਾ ਜਿਹੜਾ ਹੜ੍ਹ ਚਲ ਰਿਹਾ ਹੈ, ਇਹਦੇ ਅੱਗੇ ਛਾਤੀ ਤਾਣ ਕੇ ਖੜ੍ਹਾ ਹੋ ਜਾਵੇ। ਉਹ ਇਸ ਹੜ੍ਹ ਨੂੰ ਠੱਲ੍ਹ ਸਕਦਾ ਹੈ, ਉਹਦਾ ਵਗਿਆ ਹੋਇਆ ਖੂਨ, ਹੋਰ ਕੋਈ ਤਰੀਕਾ ਨਹੀਂ ਹੈ। ਉਸ ਵੇਲੇ ਆਪ ਨੇ ਬਹੁਤਾ ਨਹੀਂ ਸੋਚਿਆ। ਇਕ ਦਮ ਚਰਨਾਂ 'ਚ ਬੇਨਤੀ ਕਰ ਦਿਤੀ।

ਕਹਿਣ ਲੱਗੇ, ਪਿਤਾ ਜੀ! ਗੁਰੂ ਘਰ ਦਾ ਅਸੂਲ ਹੈ-

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

ਆਪ ਦੀ ਸ਼ਰਨ ਆਏ ਨੇ, ਜਿਸ-ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਕਿਉਂਕਿ ਆਪ ਜੀ ਦੀ ਕੇਵਲ ਪਿਤਾ ਭਾਵਨਾ ਨਹੀਂ ਸੀ, ਪ੍ਰਮੇਸ਼ਰ ਭਾਵਨਾ ਸੀ। ਜੋ ਵੀ ਆਪ ਦੀ ਸ਼ਰਨ ਵਿਚ ਆਇਆ ਹੈ, ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਉਹ ਫੇਰ ਦੁਖੀ ਨਹੀਂ ਹੋਇਆ ਕਰਦਾ।

ਕਹਿੰਦੇ, ਪੁੱਤਰ ਬਲੀਦਾਨ ਦੇਣਾ ਹੈ।

ਕਹਿੰਦੇ ਹਾਂ, ਤੁਹਾਡੇ ਨਾਲੋਂ ਮਹਾਂਪੁਰਖ ਹੋਰ ਦੁਨੀਆਂ ਤੇ ਹੋਰ ਹੈ ਹੀ ਕੋਈ ਨਹੀਂ। ਤੁਸੀਂ ਆਪਣੇ ਸੀਸ ਦਾ ਬਲੀਦਾਨ ਦੇ ਕੇ ਰੁੜ੍ਹਦੀ ਹਿੰਦ ਨੂੰ ਬਚਾ ਲਓ, ਸੋ ਐਸਾ ਕੌਤਕ ਗੁਰੂ ਮਹਾਰਾਜ ਕਰ ਜਾਂਦੇ ਨੇ, ਸ਼ਹਾਦਤ ਦਾ ਜਾਮ ਆਪ ਦੇ ਹਿੱਸੇ ਆਉਂਦੇ ਹੈ, ਉਸ ਤੋਂ ਬਾਅਦ ਬੜੀ ਛੋਟੀ ਉਮਰ ਹੈ ਗਿਆਰ੍ਹਾਂ ਸਾਲ ਦੀ। ਨੌਂ ਸਾਲ ਦੀ ਜਦੋਂ ਆਪ ਪੰਥ ਦੀ ਵਾਗਡੋਰ ਸੰਭਾਲਦੇ ਨੇ, ਮਸੰਦਾਂ ਨਾਲ ਆਪ ਦਾ ਵਾਹ ਪੈਂਦਾ ਹੈ ਪਹਿਲਾਂ। ਮਸੰਦ ਪੂਜਾ ਦਾ ਧਾਨ ਖਾ-ਖਾ ਕੇ, ਐਨੇ ਖੋਟੀ ਮਤ ਦੇ ਹੋ ਗਏ ਸੀ। ਉਨ੍ਹਾਂ ਵਿਚ ਇਹ ਹੋ ਗਿਆ ਸੀ ਕਿ ਗੁਰੂ ਨੂੰ ਬਣਾ ਦੇਣਾ ਤੇ ਹਟਾ ਦੇਣਾ ਸਾਡੇ ਖੱਬੇ ਹੱਥ ਦੀ ਖੇਲ੍ਹ ਹੈ। ਮਹਾਰਾਜ ਨੇ ਉਹ ਮਸੰਦਪੁਣਾ ਦੂਰ ਕੀਤਾ। ਸਿੱਖਾਂ ਨਾਲ ਸਿੱਧਾ ਸਬੰਧ ਪੈਦਾ ਕਰਕੇ ਆਪ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਅੱਗੇ ਵਾਸਤੇ ਹੁਕਮ ਕੀਤਾ ਕਿ ਹੁਣ ਦੋ ਤਰ੍ਹਾਂ ਦੇ ਸਿੱਖ ਸੀਗੇ ਪਹਿਲਾਂ। ਇਕ ਨੂੰ ਤਾਂ ਪਹਿਲਾਂ ਗੁਰੂ ਕੇ ਕਿਹਾ ਜਾਂਦਾ ਸੀ, ਜਿਹੜੇ ਗੁਰੂ ਕੇ ਸਿੱਖ ਸੀ ਉਹ ਮਸੰਦਾਂ ਦੇ ਸਿੱਖ ਹੋਇਆ ਕਰਦੇ ਸੀ। ਮਸੰਦ ਨਾਮ ਦਿੰਦੇ ਸੀ ਉਨ੍ਹਾਂ ਨੂੰ। ਮਸੰਦ ਕਿਉਂਕਿ ਕਰਨੀ ਕਮਾਈ ਤੋਂ ਹੀਣੇ ਐਨੇ ਹੋ ਚੁੱਕੇ ਸੀ, ਉਨ੍ਹਾਂ ਦੀਆਂ ਗੱਲਾਂ ਕਰਨ ਵਿਚ ਵੀ ਮਹਿਸੂਸ ਹੁੰਦਾ ਸੀ ਕਿ ਸਮਾਂ ਬਰਬਾਦ ਕਰਨਾ ਹੈ। ਐਨੇ ਗਿਰੇ ਹੋਏ ਜੀਵਨ ਗੁਰੂ ਮਹਾਰਾਜ ਵੇਲੇ ਹੋ ਗਏ। ਉਨ੍ਹਾਂ ਨੂੰ ਤਾਂ ਕਹਿੰਦੇ ਸੀ ਗੁਰੂ ਕੇ। ਇਕ ਨੂੰ ਖਾਲਸਾ ਕਹਿੰਦੇ ਸੀ, ਜਿਹੜੇ ਸਿੱਧੇ ਗੁਰੂ ਤੋਂ ਨਾਮ ਲੈਂਦੇ ਸੀ।

ਹੁਣ ਗੁਰੂ ਮਹਾਰਾਜ ਨੇ ਕਿਹਾ ਪਿਆਰਿਓ! ਇਹ ਵਿਚਾਲੇ ਜਿਹੜੀ ਇਕ ਦੀਵਾਰ ਬਣੀ ਹੋਈ ਹੈ ਇਹ ਦੀਵਾਰ ਨਹੀਂ ਰਹਿਣ ਦੇਣੀ ਤੇ ਤੁਸੀਂ ਸਾਰੇ ਹੁਣ ਤਿਆਰੀ ਕਰਕੇ ਅੰਮ੍ਰਿਤ ਛਕੋ।

***ਹਰਿ ਸੱਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੂ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ।***
***ਭਾਈ ਗੁਰਦਾਸ ਜੀ, ਵਾਰ 41/1***

ਗੁਰੂਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਸੀ ਰਹਿਣਾ ਜੇ ਗੁਰੂ ਮਹਾਰਾਜ ਖੰਡੇ ਬਾਟੇ ਦੇ ਅੰਮ੍ਰਿਤ ਦੀ ਰੀਤ ਨਾ ਤੋਰਦੇ। ਦੂਜਾ ਇਹ ਸੀ ਕਿ ਬ੍ਰਹਮਗਿਆਨ ਦੇ ਵਿਚ ਤਾਂ ਗੁਰਸਿੱਖ ਪੂਰੇ ਹੋ ਗਏ ਸੀ। ਦੇਹ-ਅਧਿਆਸ ਟੁੱਟ ਚੁੱਕਿਆ ਸੀ। ਦੇਹ ਨੂੰ ਵੀ ਕਿਸੇ ਕੰਮ ਵਿਚ ਲਾਉਣ ਵਾਸਤੇ ਆਪ ਨੇ ਬੀਰ ਰਸ ਦਾ ਟੀਕਾ ਲਾਇਆ ਕਿ ਜ਼ੁਲਮ ਨੂੰ ਚੁੱਪ ਕਰਕੇ ਨਹੀਂ ਸਹਿਣਾ। ਧਰਮ ਦੀ ਹਾਨੀ ਹੁੰਦੀ ਦੇਖ ਕੇ ਨੱਠਣਾ-ਭੱਜਣਾ ਨਹੀਂ, ਉਥੇ ਆਪਣੀ ਦੇਹ ਦਾ ਬਲੀਦਾਨ ਦੇਣਾ ਹੈ।

ਪਹਿਲਾਂ ਦਿਵਾ ਕੇ ਦਿਖਾਇਆ ਆਪਣੇ ਪਿਤਾ ਦਾ। ਫੇਰ ਆਪਣੇ ਚਾਰੇ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਾ ਕੇ ਦਿਖਾਇਆ। ਬੇਅੰਤ ਆਪਣੇ ਪਿਆਰੇ ਗੁਰਸਿੱਖਾਂ ਦਾ, ਰਿਸ਼ਤੇਦਾਰਾਂ ਦਾ, ਮਾਤਾ ਜੀ ਦਾ ਪਿਤਾ ਜੀ ਦਾ। ਸਾਰੇ ਬਲੀਦਾਨ ਦੇ ਕੇ ਪਹਿਲਾਂ ਦਿਖਾਏ। ਜਾਚ ਸਿਖਾਈ ਕਿ ਪਿਆਰਿਓ! ਨਾ ਕਿਸੇ ਨੂੰ ਡਰਾਉਣਾ ਹੈ ਤੇ ਨਾ ਕਿਸੇ ਤੋਂ ਡਰਨਾ ਹੈ। ਨਾਲ ਇਹ ਫੁਰਮਾਨ ਕੀਤਾ ਕਿ ਤੁਸੀਂ ਕਿਸੇ ਹੋਰ ਦਾ ਜਾਪ ਨਹੀਂ ਕਰਨਾ, ਹੋਰ ਕੋਈ ਮੰਤਰ ਨਹੀਂ ਸਿਮਰਨਾ। ਅਕਾਲ ਪੁਰਖ ਜਾਗਦੀ ਜੋਤ ਹੈ ਹਰੇਕ ਦੇ ਨਾਲ ਹੈ। ਘਟ-ਘਟ ਵਿਚ ਵਿਆਪਕ ਹੈ। ਅੰਦਰ ਬਾਹਰ ਓਹੀ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ - ੨੯੩*

ਐਸਾ ਜੋ ਅਕਾਲਪੁਰਖ ਹੈ, ਤੁਹਾਡੇ ਨਾਲ ਰਹਿਣ ਵਾਲਾ, ਤੁਹਾਡੀ ਸਾਸ-ਸਾਸ ਪ੍ਰਤਿਪਾਲਣਾ ਕਰਨ ਵਾਲਾ, ਹਰ ਥਾਂ ਤੇ ਤੁਹਾਡੀ ਸਹਾਇਤਾ ਕਰਨ ਵਾਲਾ, ਉਹਦਾ ਧਿਆਨ ਧਰੋ, ਹੋਰ ਨਾ ਕਿਸੇ ਨੂੰ ਜਪਿਓ -

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ***
***ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਦੋ ਗੱਲਾਂ ਮਹਾਰਾਜ ਕਹਿੰਦੇ, ਇਕ ਤਾਂ ਪੂਰੀ ਪ੍ਰਤੀਤ ਹੋਵੇ, ਵਾਹਿਗੁਰੂ ਮੇਰੇ ਨਾਲ ਸਦਾ ਅੰਗ ਸੰਗ ਹੈ। ਇਕ ਖਾਲੀ ਨਾ ਹੋਵੇ, ਪਿਆਰ ਵੀ ਉਹਦੇ ਨਾਲ ਹੋਵੇ। ਬਾਕੀ ਕਿਸੇ ਕਬਰ ਨੂੰ, ਕਿਸੇ ਮੜ੍ਹੀ ਨੂੰ, ਕਿਸੇ ਗੁਫਾ ਨੂੰ ਕਿਸੇ ਨੂੰ ਮੱਥਾ ਨਹੀਂ ਟੇਕਣਾ, ਜਦ ਸੀਸ ਗੁਰੂ ਨੂੰ ਦੇ ਦਿਤਾ। ਇਹ ਸੀਸ ਜਾਂ ਤਾਂ ਗੁਰੂ ਦੇ ਪਿਆਰਿਆਂ ਅੱਗੇ ਨਿਵੇਗਾ ਜਾਂ ਗੁਰੂ ਅੱਗੇ ਨਿਵੇਗਾ, ਹੋਰ ਕਿਸੇ ਅੱਗੇ ਨਹੀਂ ਨਿਵਣਾ, ਨਾ ਦੁਨੀਆਂ ਦੇ ਬਾਦਸ਼ਾਹਾਂ ਦੇ ਅੱਗੇ ਨਿਵਣਾ ਹੈ, ਕਿਉਂਕਿ ਸਿੱਖ ਬੇਗਰਜ਼ ਹੁੰਦਾ ਹੈ -

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਬੁਰਾ ਕਿਸੇ ਦਾ ਨਹੀਂ ਕਰਨਾ, ਭਲਾ ਸਭ ਦਾ ਮਨਾਉਣਾ ਹੈ, ਦਿਲੋਂ ਅਰਦਾਸ ਕਰਨੀ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿਸੇ ਨਾਲ ਦ੍ਵੈਖ ਨਹੀਂ ਕਰਨੀ, ਕਿਸੇ ਦਾ ਬੁਰਾ ਨਹੀਂ ਚਿਤਵਣਾ, ਕਿਸੇ ਦੀ ਨਿੰਦਿਆ ਨਹੀਂ ਕਰਨੀ, ਈਰਖਾ 'ਚ ਨਹੀਂ ਆਉਣਾ, ਜਿਹੜਾ ਈਰਖਾ ਦੇ ਵਿਚ ਆਉਂਦਾ ਹੈ ਸਿੱਖ, ਉਹ ਸਿੱਖ ਹੀ ਨਹੀਂ ਹੈ, ਜਿਹੜਾ ਗੁਰਸਿੱਖ ਗੁਰਸਿੱਖ ਦੀ ਨਿੰਦਿਆ ਕਰਦਾ ਹੈ, ਉਹ ਸਿੱਖ ਹੀ ਨਹੀਂ ਹੈਗਾ ਕਿਉਂਕਿ ਉਹਨੂੰ ਪਤਾ ਹੀ ਨਹੀਂ, ਸਿਧਾਂਤ ਦਾ ਹੀ ਨਹੀਂ ਪਤਾ ਗੁਰੂ ਦੇ ਕਿ ਗੁਰੂ ਮਹਾਰਾਜ ਕਹਿੰਦੇ ਕੀ ਨੇ। ਐਵੇਂ ਹੀ ਹੁੰਦੇ ਨੇ ਉਤੋਂ ਭੇਖ ਧਾਰੇ ਹੋਏ। ਉਂਞ ਨਿੰਦਿਆ ਕਰਦੇ, ਚੁਗਲੀਆਂ ਕਰਦੇ, ਈਰਖਾ ਕਰਦੇ। ਈਰਖਾ ਦੇ ਨਾਲ ਸ਼ਬਦ-ਕੁਸ਼ਬਦ ਬੋਲਦੇ ਨੇ। ਮਹਾਰਾਜ ਕਹਿੰਦੇ ਐਉਂ ਗੁਰਸਿੱਖ ਦਾ ਜੀਵਨ ਨਹੀਂ ਹੁੰਦਾ। ਗੁਰਸਿੱਖ ਨੇ ਤਾਂ ਅਕਾਲ ਪੁਰਖ ਨੂੰ ਘਟ-ਘਟ 'ਚ ਵਿਆਪਕ ਦੇਖਣਾ ਹੈ।

***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***

ਇਕ ਨਾਮ ਤੋਂ ਬਗੈਰ ਹੋਰ ਕਿਸੇ ਚੀਜ਼ ਦੀ ਮਹਾਨਤਾ ਨਾ ਲਿਆਵੇ ਮਨ ਵਿਚ। ਜਦ ਪੂਰਨ ਜੋਤ ਜਗ ਜਾਏ ਸਾਰੇ ਤੇ ਅੰਦਰ ਬਾਹਰ ਸਾਰੇ ਪ੍ਰਮੇਸ਼ਰ ਦੇ ਦਰਸ਼ਨ ਹੋਣ ਲਗ ਜਾਣ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - ੪੦੭*

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥* *ਅੰਗ - ੨੯੩*

ਇਹ ਜਦੋਂ ਮਨ ਦੇ ਪ੍ਰਕਾਸ਼ ਦੀ ਜੋਤ ਜਗ ਪਵੇ ਨਾ ਅੰਦਰ ਕਹਿੰਦੇ -

***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਉਨ੍ਹਾਂ ਨਖਾਲਸ ਬੰਦਿਆਂ 'ਚੋਂ ਓਸ ਨੂੰ ਖਾਲਸਾ ਜਾਣੋ। ਸੋ ਇਸ ਤਰ੍ਹਾਂ ਦਾ ਉਪਦੇਸ਼ ਦੇਣ ਤੋਂ ਬਾਅਦ ਮਹਾਰਾਜ ਕਹਿੰਦੇ ਪਿਆਰਿਓ! ਜੇ ਤੁਸੀਂ ਅਕਾਲ ਪੁਰਖ ਦੇ ਲੜ ਲੱਗੋਂਗੇ। ਗੁਰੂ ਦੇ ਨਾਲ ਮਿਲ ਕੇ ਰਹੋਂਗੇ ਤਾਂ ਗੁਰੂ ਦੀ ਸ਼ਕਤੀ ਤੁਹਾਡੇ ਵਿਚ ਪ੍ਰਵੇਸ਼ ਕਰਦੀ ਰਹੇਗੀ ਤੇ ਮੇਰਾ ਤੇਜ ਤੁਹਾਡੇ ਵਿਚ ਵਰਤੇਗਾ-

***ਖਾਲਸਾ ਅਕਾਲ ਪੁਰਖ ਕੀ ਫੌਜ।***

*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।*
*ਜਬ ਲਗ ਖ਼ਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ।*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਐਸੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਹਨੇ ਆਪਣਾ ਤੇਜ ਵੀ ਦੇ ਦਿਤਾ, ਆਪਣੀ ਸ਼ਕਤੀ ਵੀ ਦੇ ਦਿਤੀ, ਇਥੇ ਹੀ ਨਹੀਂ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜ ਸਿੰਘਾਂ ਨੂੰ ਦੇ ਦਿਤੀ। ਅਧਿਕਾਰ ਦੇ ਦਿਤਾ ਕਿ ਤੁਸੀਂ ਅੱਗੇ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਕੰਮ ਕਰੋ। ਨਾਮ ਦੀ ਦਾਤ ਦੇਵੋ।

ਮਹਾਰਾਜ! ਸਾਡੇ ਉਤੇ ਔਕੜਾਂ ਆਉਂਦੀਆਂ ਨੇ, ਵਿਘਨ ਆਉਂਦੇ ਨੇ? ਮੰਤਰਾਂ-ਜੰਤਰਾਂ ਵਾਲੇ ਸਾਨੂੰ ਤੰਗ ਕਰਦੇ ਨੇ, ਕੋਈ ਵਿਧੀ ਦੱਸੋ। ਮਹਾਰਾਜ ਕਹਿੰਦੇ ਜਿਥੇ ਪੰਜ ਸਿੰਘ ਕਰਨੀ ਕਮਾਈ ਵਾਲੇ ਆ ਕੇ ਪ੍ਰਵੇਸ਼ ਕਰਨਗੇ ਉਨ੍ਹਾਂ ਦੀ ਸੇਵਾ ਕਰੋ, ਪ੍ਰਸ਼ਾਦ ਛਕਾਓ। ਜੋ ਮੰਗਣਾ ਹੈ ਉਨ੍ਹਾਂ ਤੋਂ ਮੰਗ ਲਓ, ਮੈਂ ਉਨ੍ਹਾਂ ਦੀ ਰਸਨਾ ਤੇ ਹੋਵਾਂਗਾ।

*ਪੰਥ ਖਾਲਸਾ ਖੇਤੀ ਮੇਰੀ*
*ਕਰਹੂੰ ਸੰਭਾਲ ਮੈ ਤਿਸ ਕੇਰੀ।*

ਮੈਂ ਸੰਭਾਲ ਕਰਨੀ ਹੈ ਛੱਡ ਕੇ ਨਹੀਂ ਚਲਿਆ ਜਾਣਾ ਕਿ ਹਾਕਾਂ ਮਾਰੋ ਮੈਨੂੰ। ਸ਼ਬਦ ਦੇ ਵਿਚ ਮੈਂ ਆਪਣੇ ਆਪ ਨੂੰ ਲੀਨ ਕਰ ਲਵਾਂਗਾ। ਸ਼ਬਦ ਦੀ ਕਮਾਈ ਕਰੋ, ਸ਼ਬਦ ਨੂੰ ਸਮਝੋ, ਸ਼ਬਦ ਨੂੰ ਹਿਰਦੇ ਵਿਚ ਵਸਾਓ, ਫੇਰ ਤੁਹਾਡਾ ਇਥੇ ਹੀ ਰਾਜ ਨਹੀਂ ਹੋਣਾ, ਰਾਜ ਤੁਹਾਡਾ ਆਕਾਸ਼ਾਂ ਵਿਚ ਵੀ ਹੋਏਗਾ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* ਅੰਗ - ੧੮੬

ਲੇਕਿਨ ਖਾਲਸਾ ਬਣ -

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥*

ਜੋ ਆਤਮ ਰਸੀਆ ਹੋ ਗਿਆ, ਜਿਹਨੇ ਦ੍ਵੈਤ ਦੀ ਕੰਧ ਢਾਹ ਦਿਤੀ, ਇਕੋ ਪ੍ਰਮੇਸ਼ਰ ਸਾਰਿਆਂ ਵਿਚ ਦੇਖਣ ਲੱਗ ਗਿਆ। ਕਹਿੰਦੇ, ਜੋ ਆਤਮਾ ਦੇ ਮੰਡਲ ਦੇ ਵਿਚ ਪ੍ਰਵੇਸ਼ ਕਰਕੇ ਓਸ ਮਹਾਨ ਰਸ ਨੂੰ ਮਾਣਦਾ ਹੈ, ਉਹ ਖਾਲਸਾ ਹੋਇਆ ਕਰਦਾ ਹੈ। ਭੇਖ ਨੂੰ ਖਾਲਸਾ ਨਹੀਂ ਕਿਹਾ ਕਿ ਖਾਲਸਾ ਹੋ ਗਿਆ ਜੀ। ਖਾਲਸਾ ਉਹ ਹੈ ਜਿਹਦੇ ਅੰਦਰ ਗਿਆਨ ਹੈ। ਜਿਹਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ। ਕਹਿੰਦੇ, ਉਹ ਖਾਲਸਾ ਹੈ -

*ਪ੍ਰਭ ਮਹਿ, ਮੋਹ ਮੈ ਤਾਸ ਮਹਿ*
*ਰੰਚਕ ਨਾਹਨ ਭੇਦ।*

ਮੇਰੇ ਵਿਚ ਤੇ ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਾ ਜਾਣੇ। ਅਸੀਂ ਇਕੋ ਰੂਪ ਹਾਂ ਤਿੰਨੋ। ਸੋ ਇਸ ਤਰ੍ਹਾਂ ਦੇ ਸਿਧਾਂਤ ਗੁਰੂ ਮਹਾਰਾਜ ਨੇ ਸੰਸਾਰ ਨੂੰ ਦਿਤੇ। ਜਿਨ੍ਹਾਂ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ ਸਾਧਸੰਗਤ ਜੀ। ਕੋਈ ਤਾਂ ਉਨ੍ਹਾਂ ਦੇ ਯੁੱਧਾਂ ਦਾ ਹੀ ਹਾਲ ਦੱਸੀ ਜਾਂਦਾ ਹੈ ਕਿ ਐਉਂ ਉਨ੍ਹਾਂ ਨੇ ਕੁਰਬਾਨੀਆਂ ਦਿਤੀਆਂ, ਐਉਂ ਲੜਾਈ ਲੜੀ, ਐਉਂ ਲੜੀ। ਬੜੇ ਜਰਨੈਲਾਂ ਨੇ ਲੜੀਆਂ ਪਰ ਉਨ੍ਹਾਂ ਦੀ ਵਿਸ਼ੇਸ਼ਤਾ ਸੀ। ਸ਼ਹੀਦੀਆਂ ਵੀ ਬਹੁਤ ਨੇ ਦਿਤੀਆਂ ਨੇ, ਇਸਲਾਮ ਵਾਲਿਆਂ ਨੇ ਬਹੁਤ ਸ਼ਹੀਦੀਆਂ ਦਿਤੀਆਂ ਨੇ, ਲੇਕਿਨ ਇਹ ਇਕ ਨਿਵੇਕਲੀ ਜਿਹੀ ਚੀਜ਼ ਹੈ ਕਿ ਹੋਣ ਤਾਂ ਬ੍ਰਹਮਗਿਆਨੀ ਤੇ ਸੰਸਾਰ ਦੇ ਵਿਚੋਂ ਨੱਠਣ ਨਾ, ਭੱਜਣ ਨਾ, ਵਿਚ ਰਹਿਣ ਤੇ ਰਾਖੀ ਕਰਨ। ਜਦੋਂ ਸੰਸਾਰ ਤੇ ਕੋਈ ਦੁੱਖ ਆ ਪਵੇ, ਫੇਰ ਇਹ ਨਹੀਂ ਕਿ ਦੂਰੋਂ ਬੈਠੇ ਦੇਖਦੇ ਰਹਿਣ। ਨਾਹ ਵਿਚ ਜਾਣ ਉਹਦੇ। ਦੁਖੀਆਂ ਦੇ ਨਾਲ ਮਿਲਣ, ਉਨ੍ਹਾਂ ਦਾ ਦੁੱਖ ਦੂਰ ਕਰਨ। ਜਿਥੇ ਤੱਕ ਤਾਣ ਦਿਤਾ ਹੈ -

*ਜੈਸਾ ਬਿਤੁ ਤੈਸਾ ਹੋਇ ਵਰਤੈ*
*ਅਪੁਨਾ ਬਲੁ ਨਹੀ ਹਾਰੈ ॥* ਅੰਗ - ੬੭੯

ਜਿੰਨਾਂ ਕੁ ਤਾਣ ਦਿਤਾ ਹੈ ਸਾਂਝਾ ਕਰਨ ਸਾਰਿਆਂ ਦੇ ਨਾਲ, ਆਪਣੇ ਸੁਖ ਨੂੰ ਛੱਡਣ ਥੋੜ੍ਹਾ-ਥੋੜ੍ਹਾ। ਖਾਲਸੇ ਦਾ ਧਰਮ ਹੁੰਦਾ ਹੈ ਦੁਖਾਂ ਨੂੰ ਨਵਿਰਤ ਕਰਨਾ, ਉਨ੍ਹਾਂ ਦੇ ਵਿਚ ਜਾਣਾ। ਉਨ੍ਹਾਂ ਦੇ ਦੁਖਾਂ ਨੂੰ ਅਨੁਭਵ ਕਰਕੇ ਆਪਣੇ ਬਣਾਉਣਾ। ਸੋ ਇਹ ਆਦਰਸ਼ ਹੈ। ਜਦੋਂ ਇਹ ਆਦਰਸ਼ ਫੈਲੇਗਾ, ਸਾਰੇ ਸੰਸਾਰ ਨੂੰ ਆਪਣੇ ਕਲਾਵੇ 'ਚ ਲੈ ਲਏਗਾ। ਲੌਸਐਂਜਲਸ (ਅਮਰੀਕਾ) 'ਚ ਭੁਚਾਲ ਆ ਗਏ। ਬਹੁਤ ਸਾਰੇ ਘਰ ਹਜ਼ਾਰਾਂ ਦੀ ਤਾਦਾਦ ਵਿਚ ਗਿਰ ਗਏ, ਕਰੋੜਾਂ ਮਿਲੀਅਨ ਅਰਬਾਂ ਡਾਲਰਾਂ ਦਾ ਨੁਕਸਾਨ ਹੋ ਗਿਆ। ਦਰਦ ਹੋਣਾ ਦਰਦਵੰਦਾਂ ਦੇ ਮਨਾਂ ਵਿਚ ਕਿ ਮਾੜਾ ਹੋਇਆ। ਅਮਰੀਕਾ ਵਿਚ ਅਸੀਂ ਚਾਹੇ ਜਾਣਦੇ ਹਾਂ, ਚਾਹੇ ਨਹੀਂ ਜਾਣਦੇ। ਪਰ ਖਾਲਸੇ ਦੇ ਮਨ ਵਿਚ ਦਰਦ ਹੈ ਕਿ ਕਿਵੇਂ ਕਰਿਆ ਜਾਵੇ, ਕਿਵੇਂ ਉਨ੍ਹਾਂ ਦੀ ਮਦਦ ਕੀਤੀ ਜਾਵੇ। ਜੇ ਅੰਦਰ ਇਹ ਜਜ਼ਬਾ ਨਹੀਂ ਨਾ ਤਾਂ ਆਦਮੀ ਪਸ਼ੂ ਬਰਾਬਰ ਹੋਇਆ ਕਰਦਾ ਹੈ। ਉਹ ਖੁਦਗਰਜ਼ ਹੋਇਆ ਕਰਦਾ ਹੈ। ਆਪਣੇ ਵਾਸਤੇ ਜੀਉਂਦਾ ਹੈ, ਮਨੁੱਖ ਵਿਸ਼ਵ-ਵਾਦੀ (universal man) ਨਹੀਂ ਹੁੰਦਾ। ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ ਨੂੰ ਵਿਸ਼ਵ-ਵਾਦੀ ਮਨੁੱਖ (universal man) ਬਣਾਇਆ ਹੈ। ਇਹਦਾ ਜੋ ਸਿਧਾਂਤ ਹੈ ਸਾਰੇ ਵਿਸ਼ਵ (Universe) ਵਾਸਤੇ ਹੈ, ਅੱਜ ਦੀ ਦੁਨੀਆਂ ਨੂੰ ਜੇ ਸ਼ਾਂਤੀ ਦੇ ਸਕਦਾ ਹੈ ਤਾਂ ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਸਿਧਾਂਤ ਸ਼ਾਂਤੀ ਦੇ ਸਕਦਾ ਹੈ। ਵੈਰ ਨਹੀਂ ਕਰਨਾ -

*ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ*

*ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥* *ਅੰਗ - ੧੨੯੯*

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਮਾਛੀਵਾੜੇ ਜਾਂਦੇ ਨੇ। ਉਥੇ ਗਵਾਹੀਆਂ ਲੈਂਦੇ ਨੇ ਕਿ ਇਹ ਗੁਰੂ ਗੋਬਿੰਦ ਸਿੰਘ ਹੈ, ਕੌਣ ਹੈ? ਗਵਾਹੀ ਦੇਣ ਵਾਲੇ ਕੌਣ ਆਉਂਦੇ ਨੇ? ਉਹ ਮੁਸਲਮਾਨ ਆਉਂਦੇ ਨੇ। ਮੰਜਾ ਚੁੱਕਣ ਵਾਲੇ ਕੌਣ ਆਉਂਦੇ ਨੇ, ਮੁਸਲਮਾਨ ਆਉਂਦੇ ਨੇ। ਜਿਥੇ ਜਾ ਕੇ ਮਹਾਰਾਜ ਤਿੰਨ ਚਾਰ ਮਹੀਨੇ ਰਹੇ, ਰਾਏ ਕੱਲੇ ਦੇ ਪਾਸ, ਉਹ ਕੌਣ ਸੀ? ਮੁਸਲਮਾਨ ਸੀ। ਪਰਵਾਹ ਨਹੀਂ ਕਰੀ ਕਿ ਉਪਰੋਂ ਹੁਕਮ ਆਉਣਗੇ, ਮੈਂ ਰਾਜਾ ਹਾਂ ਮੇਰਾ ਰਾਜ ਜ਼ਬਤ ਹੋ ਜਾਏਗਾ। ਨਾਹ! ਐਨੀ ਗੁਰੂ ਦਸ਼ਮੇਸ਼ ਪਿਤਾ ਦੀ ਸ਼ਖਸ਼ੀਅਤ ਹਿੰਦੂਆਂ ਤੇ ਮੁਸਲਮਾਨਾਂ ਸਭ ਦੇਸ਼ ਵਾਸੀਆਂ ਦੇ ਮਨਾਂ ਵਿਚ ਘਰ ਕਰ ਗਈ ਸੀ ਕਿ ਆਪਣੇ ਆਪ ਨੂੰ ਵੱਡੀ ਤੋਂ ਵੱਡੀ ਤਕਲੀਫ ਵਿਚ ਪਾ ਕੇ ਵੀ ਗੁਰੂ ਮਹਾਰਾਜ ਦੀ ਮਦਦ ਕਰਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਇਕੋ ਆਸ਼ਾ ਸੀ। ਸੋ ਐਸੀ ਸ਼ਖਸ਼ੀਅਤ ਸੰਸਾਰ ਦੇ ਅੰਦਰ ਬਹੁਤ ਘੱਟ ਆਉਂਦੀ ਹੈ।

ਸੋ ਅਸੀਂ ਭਾਗਾਂ ਵਾਲੇ ਕਹਿ ਸਕਦੇ ਹਾਂ ਆਪਣੇ ਆਪ ਨੂੰ ਕਿ ਅਸੀਂ ਓਸ ਖਾਨਦਾਨ ਨਾਲ ਸਬੰਧ ਰਖਦੇ ਹਾਂ, ਸਾਡਾ ਸਬੰਧ ਹੈ, ਸਬੰਧ ਵੀ ਕਿੰਨਾ ਹੈ ਕਿ ਸਾਡਾ ਨਾਦੀ ਪਿਤਾ ਹੈ ਗੁਰੂ ਦਸ਼ਮੇਸ਼ ਪਿਤਾ, ਮਾਤਾ ਸਾਹਿਬ ਕੌਰ ਸਾਡੀ ਮਾਤਾ ਹੈ। ਅਨੰਦਪੁਰ ਦੇ ਅਸੀਂ ਵਾਸੀ ਹਾਂ। ਕਿੰਨਾ ਨੇੜੇ ਆ ਕੇ, ਫੇਰ ਦੂਰ ਹੋਏ ਫੇਰ ਇਕ ਦੂਜੇ ਦਾ ਵਿਸ਼ਵਾਸ਼ ਨਾ ਕਰੇ, ਇਕ ਦੂਜੇ ਦੀ ਨਿੰਦਿਆ ਕਰੇ ਤਾਂ ਉਹ ਮੂਰਖ ਨਹੀਂ ਤਾਂ ਹੋਰ ਕੀ ਹੈ? ਮਹਾਂਮੂਰਖ ਹੈ, ਉਹਨੇ ਗੁਰਸਿੱਖੀ ਨੂੰ ਜਾਣਿਆ ਹੀ ਨਹੀਂ ਕਿ ਗੁਰਸਿੱਖੀ ਕੀ ਹੁੰਦੀ ਹੈ? ਸੋ ਇਸ ਕਰਕੇ ਸਾਧਸੰਗਤ ਜੀ! ਆਪ ਨੇ ਸਾਰਿਆਂ ਨੇ ਗੁਰੂ ਦਸ਼ਮੇਸ਼ ਪਿਤਾ ਬਾਰੇ ਜਿੰਨਾ ਕੁ ਵੀ ਹੋ ਸਕਿਆ ਹੈ, ਸਰਵਣ ਕਰਿਆ ਹੈ।

(********************************************************************************************)

*(ਪੰਨਾ 6 ਦੀ ਬਾਕੀ)*

ਨਵੇਂ ਵਰ੍ਹੇ ਨੂੰ ਦੁਨੀਆਂ ਉਡੀਕ ਰਹੀ ਹੁੰਦੀ ਹੈ, ਚਮਕ-ਦਮਕ ਰੋਸ਼ਨੀਆਂ ਦੀ ਭਰਮਾਰ ਹੈ। ਪਰ ਅਸਲੀ ਰੋਸ਼ਨੀ ਗੁਰਬਾਣੀ ਦੀ ਹੈ -

*ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥*
*ਅੰਗ- ੬੭*

ਗੁਰਬਾਣੀ ਦੀ ਰੋਸ਼ਨੀ ਲੈ ਕੇ ਨਾਮ ਤੇ ਗਿਆਨ ਦਾ ਪ੍ਰਕਾਸ਼ ਲਿਆਈਏ। ਫਿਰ ਇਹੀ ਸਮਾਂ ਸਾਨੂੰ ਸਭਨਾਂ ਨੂੰ ਰੋਸ਼ਨੀ ਦੇਵੇਗਾ ਅਤੇ ਸਾਰਥਕ ਹੋ ਜਾਵੇਗਾ।

ਅਦਾਰਾ 'ਆਤਮ ਮਾਰਗ' ਤੇ ਟਰੱਸਟ ਰਤਵਾੜਾ ਸਾਹਿਬ ਦੇ ਵਰਤਮਾਨ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਆਪ ਸਭਨਾਂ ਲਈ ਅਰਦਾਸ ਹੈ ਕਿ ਤੁਹਾਡਾ ਸਭਨਾਂ ਦੇ ਜੀਵਨ ਅੰਦਰ ਨਾਮ-ਬਾਣੀ ਤੇ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋਵੇ। ਸਦਾ ਦਾ ਖੇੜਿਆਂ ਭਰਿਆ ਜੀਵਨ ਪ੍ਰਾਪਤ ਹੋਵੇ। ਨਵੇਂ ਵਰ੍ਹੇ 2019 ਦੀ ਆਮਦ ਤੇ ਸਭਨਾਂ ਲਈ ਸ਼ੁਭ ਕਾਮਨਾਵਾਂ ਤੇ ਅਰਦਾਸ। 2019 ਵਿਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਵਾਂ ਪ੍ਰਕਾਸ਼ ਪੁਰਬ ਵੀ ਬੜੇ ਉੱਚੇ ਪੱਧਰ ਤੇ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਟਰੱਸਟ ਰਤਵਾੜਾ ਸਾਹਿਬ ਵਲੋਂ ਵੀ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣੇ ਹਨ। ਸਮੂੰਹ ਪਾਠਕ ਜਨਾਂ ਨੂੰ ਆਪੋ ਆਪਣੇ ਸੁਝਾਅ ਭੇਜਣ ਲਈ ਬੇਨਤੀ ਹੈ।

*(ਪੰਨਾ 10 ਦੀ ਬਾਕੀ)*

ਆਪ ਨੂੰ ਇਕ ਕਾਮਯਾਬ ਇਨਸਾਨ ਮੰਨਦਾ ਹੈ।

ਬਾਹਰੋਂ ਝੂਠੀ ਸ਼ੋਭਾ ਸੁਣ ਕੇ ਉਹ ਮਾਇਆ ਵਿਚ ਮਸਤ ਰਹਿੰਦਾ ਹੈ ਪਰ ਗੁਰੂ ਜੀ ਉਸ ਦੀ ਸਚਾਈ ਪ੍ਰਗਟ ਕਰਦੇ ਦਸਦੇ ਹਨ -

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*
*ਅੰਗ - ੪੧੭*

ਗੁਰੂ ਜੀ ਅਨੁਸਾਰ ਅਸਲ ਤੇ ਸੱਚਾ ਗਿਆਨ ਗੁਰੂ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ, ਜਿਸ ਨਾਲ ਆਪਣੇ ਅਸਲ ਸਰੂਪ ਦੀ ਪਛਾਣ ਹੁੰਦੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਅੰਗ - ੪੪੧*

ਅਸਲ ਗਿਆਨਵਾਨ ਓਹੀ ਹੈ ਜਿਸਨੂੰ ਪਰਮਾਤਮਾ ਦਇਆ ਕਰਕੇ ਸੱਚੇ ਨਾਮ ਦੀ ਬਖਸ਼ਿਸ਼ ਕਰਦਾ ਹੈ। ਸਾਧ-ਸੰਗਤ ਵਿਚ ਨਾਮ-ਅਭਿਆਸ ਰਾਹੀਂ ਕੀਤੀ ਘਾਲਣਾ ਨੂੰ ਗੁਰੂ ਮਿਹਰ ਦਾ ਫਲ ਲਗਦਾ ਹੈ ਤੇ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ। ਐਸੇ ਗੁਰਮੁਖ ਨਾਮ-ਅਭਿਆਸੀਆਂ ਤੋਂ ਗੁਰੂ ਜੀ ਕੁਰਬਾਨ ਜਾਂਦੇ ਹਨ। ਮਾਘ ਦੇ ਮਹੀਨੇ ਵਿਚ ਅਸਲ ਸੱਚੇ ਤੇ ਸੁੱਚੇ, ਸੁਘੜ ਸਿਆਣੇ ਤੇ ਸੁਜਾਨ ਪੁਰਸ਼ ਓਹੀ ਹਨ ਜਿਹੜੇ ਗੁਰੂ ਕਿਰਪਾ ਦੇ ਪਾਤਰ ਬਣਦੇ ਹਨ ਅਤੇ ਪ੍ਰਭੂ ਨਾਮ ਵਿਚ ਲਿਵ ਜੋੜੀ ਰਖਦੇ ਹਨ।

*ਮੁੱਖ ਸੰਪਾਦਕ*
*ਡਾ. ਜਗਜੀਤ ਸਿੰਘ*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-27)*

ਇਸੇ ਤਰ੍ਹਾਂ ਨਾਲ ਅੰਦਰਲੀਆਂ ਮਾਨਸਿਕ ਸ਼ਕਤੀਆਂ ਜੋ ਬੰਦਗੀ ਕਰਨ ਉਪਰੰਤ ਪ੍ਰਾਪਤ ਹੋ ਜਾਂਦੀਆਂ ਹਨ, ਉਹ ਸਿੱਧੀਆਂ ਕਹਾਉਂਦੀਆਂ ਹਨ। ਵੱਡੀਆਂ-ਵੱਡੀਆਂ ਸਿਧੀਆਂ ਅੱਠ ਹੁੰਦੀਆਂ ਹਨ। ਦੱਸ ਹੋਰ ਛੋਟੀਆਂ ਰਲਾ ਕੇ ਕੁਲ 18 ਹੋ ਜਾਇਆ ਕਰਦੀਆਂ ਹਨ। ਜਦੋਂ ਸਾਧਕ ਦੀ ਸੁਰਤ ਸਹੰਸਰਾਰ ਦਲ ਕਮਲ ਵਿਚ ਪਹੁੰਚਦੀ ਹੈ ਉਸ ਵੇਲੇ ਕੁਦਰਤੀ ਹੀ ਇਹ ਸ਼ਕਤੀਆਂ ਅੰਦਰੋਂ ਹੀ ਪ੍ਰਗਟ ਹੋ ਜਾਇਆ ਕਰਦੀਆਂ ਹਨ। ਇਨ੍ਹਾਂ ਵਿਚ ਜੇ ਸਾਧਕ ਪਰਚ ਜਾਵੇ ਤਾਂ ਉਸ ਨੂੰ ਉਸੇ ਤਰ੍ਹਾਂ ਮੋਹ ਲਿਆ ਕਰਦੀਆਂ ਹਨ ਜਿਸ ਤਰ੍ਹਾਂ ਦੇ ਨਾਲ ਮੋਹਣੀਆਂ ਇਸਤ੍ਰੀਆਂ ਪ੍ਰਤੱਖ ਰੂਪ ਵਿਚ ਮੋਂਹਦੀਆਂ ਹਨ। ਇਹ ਚਾਰ ਪ੍ਰਕਾਰ ਦੀ ਮਾਇਆ ਬਹੁਤ ਪ੍ਰਬਲ ਹੈ ਜਿਸ ਨੂੰ ਮਹਾਰਾਜ ਜੀ ਨੇ ਨਾਗਣੀ ਦਾ ਰੂਪ ਦੇ ਕੇ ਦਸਿਆ ਹੈ ਕਿ ਇਹ ਸੰਸਾਰ ਨੂੰ ਹੀ ਖਾ ਜਾਂਦੀ ਹੈ।

***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ॥*** *ਅੰਗ - 643*

ਪਹਿਲੀ ਕਿਸਮ ਦੀ ਮਾਇਆ ਸਥੂਲ ਰੂਪ ਵਿਚ ਹੋਇਆ ਕਰਦੀ ਹੈ ਜੋ ਪੈਸੇ ਟਕੇ ਜਾਇਦਾਦ, ਅਨੇਕਾਂ ਕਿਸਮ ਦੇ ਵਣਜ ਵਪਾਰ, ਅਨੇਕ ਕਿਸਮ ਦੀਆਂ ਮਾਣਤਾਵਾਂ ਇਸ ਜੀਵ ਨੂੰ ਆਪਣਾ ਮੋਹਣੀ ਰੂਪ ਵਿਖਾ ਕੇ ਪ੍ਰਮੇਸ਼ਰ ਵਲੋਂ ਪੂਰਨ ਰੂਪ ਵਿਚ ਭੁਲਾ ਕੇ ਰਖਦੀ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਮਾਇਆ ਦਾ ਸਰੂਪ ਦਸਦਿਆਂ ਫੁਰਮਾਇਆ ਹੈ ਕਿ ਇਹ ਮਾਇਆ ਸ਼ਕਤੀ attachment (ਮੋਹ) ਪੈਦਾ ਕਰਦੀ ਹੈ ਅਤੇ ਰਾਗ ਦਾ ਕਲੇਸ਼ ਮਨ ਵਿਚ ਪੂਰੀ ਤਰ੍ਹਾਂ ਨਾਲ ਪਸਰ ਜਾਂਦਾ ਹੈ ਜੋ ਮਨ ਵਿਚੋਂ ਲੰਘ ਕੇ, ਬੁੱਧੀ, ਚਿਤ ਅਤੇ ਮੈਂ ਭਾਵ ਦੇ ਨਾਲ ਚਿੰਬੜ ਜਾਂਦਾ ਹੈ। ਦ੍ਵੈਤ ਹਿਰਦੇ ਵਿਚ ਪੈਦਾ ਹੋ ਜਾਂਦੀ ਹੈ। ਵਾਹਿਗੁਰੂ ਜੀ ਨੂੰ ਪੂਰੀ ਤਰ੍ਹਾਂ ਭੁਲਿਆ ਰਹਿੰਦਾ ਹੈ। ਜੇ ਕਿਤੇ ਇਹ ਯਾਦ ਵੀ ਕਰਦਾ ਹੈ ਤਾਂ ਰਸ ਤੋਂ ਵਿਹੂਣਾ, ਭਰੋਸੇ ਤੋਂ ਵਿਹੂਣਾ ਕੇਵਲ ਇਕ un-concerned object (ਨਿਰਸਬੰਧਿਤ ਫਾਲਤੂ ਵਸਤੂ) ਵਾਂਗੂੰ ਯਾਦ ਵਿਚੋਂ ਲੰਘ ਜਾਂਦਾ ਹੈ। ਵਾਹਿਗੁਰੂ ਨੂੰ ਛੱਡ ਕੇ ਦੂਜੇ ਭਾਵ ਵਿਚ ਇਸ ਦਾ ਚਿਤ ਹਰ ਵਕਤ ਲਿਪਟਿਆ ਰਹਿੰਦਾ ਹੈ। ਜਦੋਂ ਦੂਜਾ ਭਾਵ ਹਿਰਦੇ ਵਿਚ ਜਾਗਦਾ ਹੈ ਤਾਂ ਵਾਹਿਗੁਰੂ ਜੀ ਦੀ ਸਤਤਾ, ਪਰੀਪੂਰਨਤਾ ਅਤੇ ਏਕਵਾਦ ਉਪਰ ਕੋਈ ਵੀ ਵਿਸ਼ਵਾਸ਼ ਨਹੀਂ ਰਿਹਾ ਕਰਦਾ। ਭਜਨ ਬੰਦਗੀ ਕਰਦਾ ਹੋਇਆ ਵੀ, ਨਮਾਜ਼ ਪੜ੍ਹਦਾ ਹੋਇਆ, ਗਿਰਜੇ 'ਚ ਜਾ ਕੇ ਦੁਆ ਕਰਦਾ ਹੋਇਆ, ਪ੍ਰਭੂ ਦੇ ਨਾਲ ਅੰਦਰੋਂ ਨਹੀਂ ਜੁੜਦਾ ਕਿਉਂਕਿ ਇਸ ਦਾ ਚਿੱਤ ਮਾਇਆ ਨੇ ਮੋਹ ਲਿਆ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥***
*ਪੰਨਾ - 921*

ਅਤੇ ਇਕ ਹੋਰ ਥਾਂ ਆਪ ਜੀ ਦਾ ਫੁਰਮਾਨ ਹੈ ਕਿ -

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ॥*** *ਅੰਗ - 857*

ਸੋ ਇਹ ਮਾਇਆ ਮੋਹਣੀ ਜਦੋਂ ਜੀਵ ਸੰਸਾਰ ਵਿਚ ਪੈਦਾ ਹੋ ਕੇ ਪਹਿਲਾ ਸਾਹ ਹੀ ਲੈਂਦਾ ਹੈ ਉਸੇ ਵੇਲੇ ਵਿਆਪ ਜਾਇਆ ਕਰਦੀ ਹੈ। ਮਾਤਾ ਦੇ ਗਰਭ ਵਿਚ ਜਿਸ ਨਾਮ ਧੁਨ ਦੇ ਆਸਰੇ ਪੁਠਾ ਲਟਕ ਕੇ ਵੀ ਦੁਖ ਮਹਿਸੂਸ ਨਹੀਂ ਸੀ ਕਰਦਾ ਉਹ ਪੈਦਾ ਹੁੰਦੇ ਹੀ ਜਦੋਂ ਸੰਸਾਰ ਦੀ ਰੋਸ਼ਨੀ ਵੇਖਦਾ ਹੈ ਤਾਂ ਉਸ ਨੂੰ ਪੇਟ ਭਰਨ ਲਈ ਫੁਰਨਾ ਹੁੰਦਾ ਹੈ। ਉਸ ਨੂੰ ਮਾਂ ਦਾ ਦੁਧ ਖਿਚ ਪਾਉਂਦਾ ਹੈ। ਓਹਦਾ ਪਿਆਰ ਦੁਧ ਨਾਲ ਲਗ ਜਾਂਦਾ ਹੈ। ਇਸ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਪਹਿਲੈ ਪਿਆਰਿ ਲਗਾ ਥਣ ਦੁਧਿ॥***
*ਅੰਗ - 137*

ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਸ਼ੰਕਾ ਹੁੰਦਾ ਹੈ ਕਿ ਸ਼ਾਇਦ ਬੱਚੇ ਨੂੰ ਦੁਧ ਨਾ ਖਿਚਦਾ ਹੋਵੇ। ਪਰ ਐਸਾ ਨਹੀਂ, ਮਾਂ ਦਾ ਥਣ ਮੂੰਹ ਵਿਚ ਪਾਉਂਦਿਆਂ ਹੀ ਉਸ ਦਾ ਮੂੰਹ ਹਰਕਤ ਵਿਚ ਆ ਜਾਂਦਾ ਹੈ, ਉਸ ਨੂੰ ਕਿਸੇ ਨੇ ਵੀ ਟਰੇਨਿੰਗ ਨਹੀਂ ਦਿਤੀ ਕਿ ਮੂੰਹ ਨੂੰ ਇਸ ਤਰ੍ਹਾਂ ਦਬ, ਤਾਂ ਦੁੱਧ ਨਿਕਲੇਗਾ, ਇਹ ਸਾਰਾ ਇੰਤਜ਼ਾਮ ਕੁਦਰਤ ਵਲੋਂ ਪਹਿਲਾਂ ਹੀ ਹੋਇਆ ਕਰਦਾ ਹੈ।

ਇਕ ਹੱਡਬੀਤੀ ਇਥੇ ਦਸਣੀ ਕੁਥਾਂਹ ਨਹੀਂ ਹੋਵੇਗੀ। 1948 ਵਿਚ ਅਸਾਡੇ ਪਰਿਵਾਰ ਨੇ ਤਰਾਈ ਦੇ ਇਲਾਕੇ ਜ਼ਿਲਾ ਰਾਮਪੁਰ ਵਿਚ ਹੋਰ ਅਬਾਦਕਾਰਾਂ ਸਮੇਤ ਮੁਰੱਬੇ ਮੁੱਲ ਲੈ ਲਏ ਪਰ ਜਿਥੇ ਅਸੀਂ ਵਸਦੇ ਸੀ ਉਥੇ ਚਾਰੇ ਪਾਸੇ ਘਣਾਂ ਜੰਗਲ, ਵੱਡੇ-ਵੱਡੇ ਦਰਖਤ, ਝਾੜੀਆਂ ਅਤੇ tiger grass ਬਹੁਤ ਸੰਘਣਾ ਸੀ। ਹਰ ਰੋਜ਼ ਅਸਾਡਾ ਵਾਹ ਜੰਗਲੀ ਜਾਨਵਰਾਂ ਨਾਲ ਪੈਂਦਾ ਸੀ। ਜਿਥੇ ਅਸੀਂ ਆਪਣੇ ਰਹਿਣ ਲਈ ਝੌਂਪੜੀਆਂ ਪਾਈਆਂ ਸਨ ਉਥੋਂ ਸ਼ੇਰ ਹਰ ਰੋਜ਼ ਲੰਘ ਕੇ ਜਾਇਆ ਕਰਦਾ ਸੀ। ਸਾਰੀ ਰਾਤ ਮਿਉਂਸਪੈਲਟੀ ਦੇ ਲੈਂਪਾਂ ਵਾਂਗੂੰ ਲੈਂਪ ਜਲਦੇ ਰਿਹਾ ਕਰਦੇ ਸਨ ਜਿਸ ਕਰਕੇ ਉਹ ਅਸਾਡੀ ਛੋਟੀ ਜਿਹੀ

ਅਬਾਦੀ ਵਿਚ ਨਹੀਂ ਸੀ ਆਉਂਦਾ। ਉਸ ਦੇ ਨਾਲ ਹੀ ਚੀਤੇ, ਲਗੜਬੱਗੇ ਅਤੇ ਬਘਿਆੜ ਆਦਿ ਵੀ ਘੁੰਮਦੇ ਰਹਿੰਦੇ ਸਨ ਅਤੇ ਜੰਗਲ ਬਹੁਤ ਸੰਘਣਾ ਤੇ ਲੰਬਾ-ਚੌੜਾ ਸੀ। ਅਜੇ ਪੰਜਾਬੀਆਂ ਨੇ ਜ਼ਮੀਨਾਂ ਪੂਰੀ ਤਰ੍ਹਾਂ ਅਬਾਦ ਨਹੀਂ ਸੀ ਕੀਤੀਆਂ। ਸੋ ਜਦੋਂ ਕਦੇ ਅਸਾਡਾ ਕੋਈ ਬਲਦ ਜਾਂ ਮੱਝ ਖੁਲ੍ਹ ਕੇ ਜੰਗਲ ਵਿਚ ਚਲੀ ਜਾਂਦੀ ਤਾਂ ਉਸ ਨੂੰ ਮਾਰ ਕੇ ਖਾ ਲਿਆ ਕਰਦੇ ਸਨ। ਕਈ ਵਾਰੀ ਬਾਹਰ ਆ ਕੇ ਵੀ ਝਪਟਾ ਮਾਰਿਆ ਕਰਦੇ ਸਨ। ਪਰ ਬੰਦਿਆਂ ਦਾ ਬੋਲ-ਬਰਾਲਾ ਉਸ ਨੂੰ ਅਬਾਦੀ ਤੋਂ ਥੋੜ੍ਹਾ ਦੂਰ ਰੱਖਿਆ ਕਰਦਾ ਸੀ। ਉਥੋਂ ਦੇ local (ਸਥਾਈ ਰਹਿਣ ਵਾਲੇ) ਬੰਦੇ ਜਦੋਂ ਅਸਾਡੇ ਜੰਗਲ ਵਿਚੋਂ ਲੰਘਿਆ ਕਰਦੇ ਸਨ ਤਾਂ ਉਨ੍ਹਾਂ ਦੇ ਗਾਉਣ ਦੀ ਉਚੀ-ਉਚੀ ਅਵਾਜ਼ ਆਉਂਦੀ ਸੀ, ਉਨ੍ਹਾਂ ਦੇ ਹੱਥਾਂ ਵਿਚ ਜਲਦੀਆਂ ਮਿਸਾਲਾਂ ਹੋਇਆ ਕਰਦੀਆਂ ਸਨ ਜਿਸ ਨੂੰ ਵੇਖ ਕੇ ਜੰਗਲੀ ਜਾਨਵਰ ਦੂਰ ਹੀ ਰਿਹਾ ਕਰਦੇ ਸਨ। ਪਰ ਉਂਝ ਅਸੀਂ ਇਹ ਤਜਰਬਾ ਕੀਤਾ ਹੋਇਆ ਸੀ ਕਿ ਸ਼ੇਰ ਬਿਨਾਂ ਮਤਲਬ ਨਾ ਹੀ ਜਾਨਵਰ ਨੂੰ ਮਾਰਦਾ ਹੈ, ਨਾ ਹੀ ਬੰਦੇ ਨੂੰ ਹੀ ਮਾਰਿਆ ਕਰਦੇ ਸਨ। ਮਨੁੱਖਾਂ ਨੂੰ ਇਨ੍ਹਾਂ ਤੋਂ ਡਰ ਘੱਟ ਹੀ ਲਗਦਾ ਸੀ ਪਰ ਹੋਰ ਬਲਾਵਾਂ ਬਹੁਤ ਸਨ ਜਿਵੇਂ ਕਿ ਵਿਸ਼-ਖਪਰਾ, ਉਹ ਕਿਰਲੇ ਤੋਂ ਵੱਡਾ ਹੋਇਆ ਕਰਦਾ ਹੈ। ਜੇ ਉਹ ਪਉਂਚਾ ਪੈਰ ਤੇ ਮਾਰ ਦੇਵੇ ਤਾਂ ਉਸ ਦੀ ਜ਼ਹਿਰ ਦਾ ਕੋਈ ਇਲਾਜ ਨਹੀਂ ਸੀ ਹੋਇਆ ਕਰਦਾ। ਉਸ ਤੋਂ ਬਚ ਕੇ ਚਲਣਾ ਪੈਂਦਾ ਸੀ। ਅਸਾਡੇ ਫਾਰਮ ਵਿਚ 22 ਫੁੱਟ ਲੰਬੀਆਂ ਅਤੇ ਡੇਢ ਫੁੱਟ ਚੌੜੀਆਂ ਸਰਾਲਾਂ ਆਮ ਹੀ ਦਿਖਣ ਨੂੰ ਮਿਲ ਜਾਇਆ ਕਰਦੀਆਂ ਸਨ। ਉਹ ਹਰਨਾਂ ਨੂੰ ਫੜ ਲੈਂਦੀਆਂ ਸਨ ਜਾਂ ਹੋਰ ਛੋਟੇ ਜਾਨਵਰ ਬਕਰੀਆਂ ਵਗੈਰਾਂ ਨੂੰ ਫੜ ਕੇ ਅੰਦਰ ਲੰਘਾ ਲਿਆ ਕਰਦੀਆਂ ਸੀ। ਪਰ ਗੁਰੂ ਮਹਾਰਾਜ ਜੀ ਦੇ ਆਸਰੇ ਅਸੀਂ ਉਹ ਜੰਗਲ ਪੁੱਟਦੇ ਰਹਿੰਦੇ ਸਾਂ। ਜਿਉਂ-ਜਿਉਂ ਧਰਤੀ ਸਾਫ ਹੋ ਕੇ ਦੂਰ ਤਾਂਈ ਖੁਲ੍ਹਦੀ ਜਾਂਦੀ ਸੀ, ਡਰ ਵੀ ਘਟ ਜਾਇਆ ਕਰਦਾ ਸੀ। ਇਕ ਵਾਰੀ ਐਸਾ ਹੋਇਆ ਕਿ ਅਸਾਡੀ ਮੱਝ ਜੋ ਸੂਣ ਵਾਲੀ ਸੀ ਉਹ ਰਾਤ ਨੂੰ ਰੱਸਾ ਤੁੜਾ ਕੇ ਜੰਗਲ ਵਿਚ ਚਲੀ ਗਈ। ਸੰਘਣੇ ਜੰਗਲ ਹੋਣ ਕਰਕੇ ਅਸੀਂ ਉਸ ਦੀ ਬਹੁਤ ਤਲਾਸ਼ ਨਾ ਕੀਤੀ। ਨੇੜੇ-ਨੇੜੇ ਘੁੰਮ ਫਿਰ ਆਏ ਅਤੇ ਸਮਝ ਲਿਆ ਕਿ ਉਸ ਨੂੰ ਸ਼ੇਰ ਆਦਿਕ ਜਾਨਵਰਾਂ ਨੇ ਖਾ ਲਿਆ ਹੈ ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ਦੇਖਿਆ ਕਿ ਮੱਝ ਆਪਣੇ ਕਟਰੂ ਸਮੇਤ ਜੰਗਲ 'ਚੋਂ ਬਾਹਰ ਨਿਕਲ ਕੇ ਆ ਕੇ ਰਿੰਗ ਰਹੀ ਹੈ। ਕਟਰੂ ਬੜਾ ਤੰਦਰੁਸਤ ਸੀ। ਅਸੀਂ ਇਹ ਸੋਚਿਆ ਕਿ ਜੇ ਅਸਾਡੇ ਸਾਮ੍ਹਣੇ ਲਵੇਰਾ ਸੂਏ ਤਾਂ ਉਸ ਦੇ ਕਟਰੂ ਬਛਰੂ ਨੂੰ ਫੜ ਕੇ ਉਂਗਲੀ ਚਟਾਉਂਦੇ ਹਾਂ, ਫੇਰ ਥਣ ਉਸ ਦੇ ਮੂੰਹ ਵਿਚ ਦਿੰਦੇ ਹਾਂ ਪਰ ਜੰਗਲ ਵਿਚ ਸੂਈ ਮੱਝ ਦੇ ਕਟਰੂ ਨੂੰ ਕਿਸੇ ਨੇ ਨਹੀਂ ਸਿਖਾਇਆ, ਉਸ ਨੂੰ ਪੈਦਾ ਹੁੰਦੇ ਸਾਰ ਥੋੜ੍ਹੀ ਦੇਰ ਬਾਦ ਭੁੱਖ ਲੱਗੀ, ਦੁਧ ਦੀ ਸੁਗੰਧੀ ਨੇ ਉਸ ਨੂੰ ਆਪਣੇ ਵਲ ਖਿੱਚ ਲਿਆ ਅਤੇ ਉਸ ਨੇ ਦੁੱਧ ਪੀ ਲਿਆ ਅਤੇ ਇਸੇ ਤਰ੍ਹਾਂ ਨਾਲ ਪੰਜ ਛੇ ਦਿਨ ਉਹ ਆਪ ਹੀ ਦੁੱਧ ਪੀਂਦਾ ਰਿਹਾ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਨੇ ਇਹ ਫੁਰਮਾਨ ਕੀਤਾ ਹੈ ਕਿ ਬੱਚਾ ਮਾਂ ਨੂੰ ਜਾਨਣ ਤੋਂ ਪਹਿਲਾਂ ਦੁੱਧ ਨਾਲ ਪਿਆਰ ਪਾਉਂਦਾ ਹੈ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥ ਅੰਗ - 137*

ਜਿਸ ਨਾਮ ਧੁਨ ਦੇ ਆਸਰੇ ਮਾਤਾ ਦੇ ਪੇਟ ਵਿਚ ਪੁੱਠਾ ਲਟਕ ਕੇ ਵੀ ਇਹ ਤਕਲੀਫ ਨਹੀਂ ਸੀ ਮੰਨਦਾ ਉਸ ਨੂੰ ਪੈਦਾ ਹੁੰਦੇ ਸਾਰ ਇਕ ਦਮ ਭੁੱਲ ਗਿਆ ਅਤੇ ਮਾਇਆਵੀ ਚੀਜ਼ਾਂ ਨਾਲ ਭਾਵੇਂ ਉਹ ਦੁੱਧ ਹੈ, ਭਾਵੇਂ ਮਾਂ-ਬਾਪ ਹਨ, ਭਾਵੇਂ ਭਰਾ ਤੇ ਰਿਸ਼ਤੇਦਾਰ ਹਨ, ਨਾਲ ਚੰਗੀ ਤਰ੍ਹਾਂ ਪਰਚ ਗਿਆ। ਜਿਉਂ-ਜਿਉਂ ਉਮਰ ਦੇ ਵਿਚ ਵੱਡਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਉਹਦੀ ਸੁਰਤ ਉਸੇ ਹਿਸਾਬ ਨਾਲ ਬਹੁਤ ਵੱਡੇ ਫੈਲਾਓ ਵਿਚ ਤਾਰੀਆਂ ਲਾਉਣ ਲਗ ਜਾਂਦੀ ਹੈ। ਸੋ ਇਹ ਅਸਰ ਮਾਇਆ ਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ*
*ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥ ਅੰਗ- 921*

ਦੂਸਰੀ ਕਿਸਮ ਦੀ ਮਾਇਆ, ਆਪਣੇ ਬੱਚੇ ਇਸਤ੍ਰੀ ਆਦਿ ਚੇਤਨ ਮਾਇਆ ਕਹਾਉਂਦੀ ਹੈ ਜਿਸ ਦੀ ਸ਼ਕਤੀ ਜੜ੍ਹ ਮਾਇਆ ਨਾਲੋਂ ਬਹੁਤ ਵਧੇਰੇ ਹੈ, ਪਰਾਈ ਇਸਤ੍ਰੀ ਦੇ ਵਾਰ ਤੋਂ ਬਚਣਾ ਕਿਸੇ ਸੂਰਮੇ ਦਾ ਹੀ ਕੰਮ ਹੋਇਆ ਕਰਦਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ ਇਸ ਵਾਰ ਨੂੰ ਨਾ ਸਹਾਰ ਸਕੇ। ਮਛੰਦਰਨਾਥ ਰਾਜੇ ਅਮਰੂ ਦੇ ਮਿਰਤਕ ਸਰੀਰ ਵਿਚ ਪ੍ਰਵੇਸ਼ ਕਰਕੇ ਵਿਸ਼ੇ-ਵਿਕਾਰਾਂ ਵਿਚ ਪਰਚਿਆ ਰਿਹਾ। ਜੈਮਨੀ ਰਿਸ਼ੀ ਵਿਆਸ ਜੀ ਦੇ ਬਾਰ-ਬਾਰ ਮਨ੍ਹਾ ਕਰਨ ਤੇ ਵੀ ਕਾਮ ਦੇ ਬਾਣ ਨਾਲ ਘਾਇਲ ਹੋ ਗਿਆ। ਇਸੇ ਤਰ੍ਹਾਂ ਨਾਲ ਸ਼ਰਿੰਗੀ ਰਿਸ਼ੀ ਆਪਣੇ ਪਿਤਾ ਨੂੰ ਛੱਡ ਕੇ ਇਕ ਵੇਸਵਾ ਦੇ ਘਰ ਗ੍ਰਿਹਸਤੀ ਬਣ ਕੇ ਰਹਿਣ ਲੱਗ ਗਿਆ। ਕਾਮ ਬਾਣ ਆਦਮੀ ਦੀ ਸੁਧ ਬੁਧ ਗੁਆ ਦਿੰਦੇ ਹਨ। ਉਸ ਨੂੰ ਭਲੇ ਬੁਰੇ ਦਾ ਪਤਾ ਨਹੀਂ ਰਹਿੰਦਾ ਅਤੇ ਗੁਰੂ ਮਹਾਰਾਜ ਜੀ ਵੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ-

*(ਬਾਕੀ ਪੰਨਾ 38 'ਤੇ)*

# ਬਿਨੁ ਹਰਿ ਭਜਨ ਨਾਹੀ ਛੁਟਕਾਰਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ ਅਕਤੂਬਰ ਅੰਕ, ਪੰਨਾ-22)*

ਸੋ ਐਸੇ ਸੰਸਕਾਰ ਹੁੰਦੇ ਨੇ।

ਜਦੋਂ ਮੈਂ ਨੌਕਰੀ ਕਰਦਾ ਸੀ, ਉਸ ਵੇਲੇ ਇਕ ਪ੍ਰੇਮੀ ਦਸ ਹਜ਼ਾਰ ਰੁਪਿਆ, (ਅੱਜ ਦਾ ਦਸ ਲੱਖ) ਸਿਰਫ ਇਸ ਗੱਲ 'ਤੇ ਦਿੰਦਾ ਸੀ ਮੈਨੂੰ ਕਿ ਤੁਸੀਂ ਅੱਧੇ ਦਿਨ ਦੀ ਛੁੱਟੀ ਲੈ ਲਓ। ਛੁੱਟੀ ਡਾਕਟਰ ਤੋਂ ਮਨਜ਼ੂਰ ਕਰਾ ਕੇ ਉਤਲੇ ਅਫਸਰ ਤੋਂ ਲਿਆ ਦਿਤੀ। ਕਹਿੰਦਾ, ਦਸਤਖਤ ਕਰ ਦਿਓ। ਆਹ ਦਸ ਹਜ਼ਾਰ ਲੈ ਲਓ। ਤਿੰਨ ਕੋਠੀਆਂ ਪੈ ਜਾਣਗੀਆਂ। ਤਿੰਨ ਹਜ਼ਾਰ 'ਚ ਉਹਨਾਂ ਦਿਨਾਂ 'ਚ ਤਿੰਨ ਕਮਰਿਆਂ ਵਾਲੀ ਕੋਠੀ ਪੈ ਜਾਂਦੀ ਸੀ।

ਮੇਰੇ ਸਾਮ੍ਹਣੇ ਕੀ ਸੀ? ਉਹ ਇਹ ਸੀ ਕਿ ਕੋਠੀਆਂ ਤਾਂ ਪੈ ਜਾਣਗੀਆਂ, ਅਮੀਰੀ ਵੀ ਹੋ ਜਾਏਗੀ। ਪਰ ਗੱਲ ਗਲਤ ਹੈ। ਉਹ ਕਹਿਣ ਲੱਗਿਆ, ਤੁਹਾਡੇ ਉਪਰ ਤਾਂ ਕੋਈ ਗੱਲ ਆਉਣੀ ਹੀ ਨਹੀਂ ਹੈ। ਤੁਸੀਂ ਤਾਂ ਅੱਧਾ ਦਿਨ ਸੀਟ ਖਾਲੀ ਕਰ ਦਿਓ। ਹੁਕਮ ਚੰਦ ਨਾਂ ਸੀ ਉਹਦਾ। ਮੈਂ ਕਿਹਾ, ਹੁਕਮਚੰਦਾ! ਮੈਨੂੰ ਇਹ ਪਤਾ ਹੈ ਕਿ ਮੈਂ ਸੀਟ ਖਾਲੀ ਤਾਂ ਕਰ ਰਿਹਾ ਹਾਂ ਕਿ ਮੇਰੀ ਗੈਰਹਾਜ਼ਰੀ 'ਚ ਗਲਤ ਕੰਮ ਹੋ ਜਾਵੇ। ਜਦੋਂ ਮੈਨੂੰ ਪਤਾ ਹੈ ਫੇਰ ਤਾਂ ਨਹੀਂ ਇਹ ਗੱਲ ਹੁੰਦੀ। ਮੈਂ ਕਿਹਾ, ਨਾ ਇਹ ਕੋਠੀਆਂ ਮੇਰੇ ਤੋਂ ਛੱਡ ਹੋਣੀਆਂ ਨੇ, ਮੇਰਾ ਮਾਨਸ ਜਨਮ ਐਵੇਂ ਹੀ ਲੰਘ ਜਾਣੈ। ਇਹਦੇ ਵਿਚ ਮੈਂ ਐਸਾ ਬੁਰੀ ਤਰ੍ਹਾਂ ਫਸ ਜਾਣੈ, ਇਹਨਾਂ ਨੇ ਫੇਰ ਅਗਾਂਹਾਂ ਵਧਣੈ। ਤਿੰਨ ਕੋਠੀਆਂ ਜਿਹਦੇ ਕੋਲ ਹੋਣ ਉਹਨਾਂ ਦਾ ਕਿਰਾਇਆ, ਉਹਨਾਂ ਦੀ ਆਮਦਨ ਲੱਖਾਂ ਹੀ ਰੁਪਈਆਂ ਹੋ ਜਾਣੈ। ਜੇ ਦਸ ਲੱਖ ਅੱਜ ਦਾ ਹੈ, ਹੁਣ ਨੂੰ ਕਰੋੜ ਦੀਆਂ ਹੋ ਜਾਂਦੀਆਂ। ਮੈਂ ਕਿਹਾ ਇਹ ਗੱਲ ਨਹੀਂ ਮੈਂ ਕਰਨੀ ਹੈ। ਕਿਉਂਕਿ ਫਸ ਜਾਣੈ ਇਹਦੇ ਵਿਚ। ਫਸਿਆ ਹੋਇਆ ਬੰਦਾ ਨਿਕਲਣਾ ਔਖਾ ਹੋ ਜਾਂਦੈ।

ਸੋ ਇਹ ਦਲੇਰੀ ਹੈ, ਉਸ ਨੇ ਦਲੇਰੀ ਕਰੀ। ਸਾਰੀ ਜਾਇਦਾਦ ਵੇਚ ਦਿਤੀ। ਜਿੱਥੇ-ਜਿੱਥੇ ਪਤਾ ਹੈ। ਬਾਕੀ ਸਾਰੀ ਦੇ ਦਿਤੀ। ਕੋਈ ਸਵਾ ਡੇਢ ਮਹੀਨੇ ਬਾਅਦ ਜਦੋਂ ਆਇਆ। ਦੇਖ ਲਿਆ, ਕਹਿੰਦਾ ਅੱਜ ਤੁਸੀਂ ਕਿਵੇਂ ਆਏ? ਨੌਕਰੀ ਵਗੈਰਾ ਛੱਡ ਦਿਤੀ। ਸਾਧੂਆਂ ਦੇ ਚਲਿਆ ਗਿਆ, ਜਾ ਕੇ ਬੰਦਗੀ ਕਰਨ ਲੱਗ ਗਿਆ। ਕਿਉਂਕਿ ਦਿਲੋਂ ਸੱਚਾ ਸੀ ਬੰਦਾ। ਦੇਖ ਲਿਆ ਉਹਨੇ ਸਭ ਕੁਛ।

ਕਹਿਣ ਲੱਗਿਆ, ਹੁਣ ਤੇਰੇ ਸਾਰੇ ਹੀ ਪਾਪ ਜ਼ੀਰੋ ਬਣ ਗਏ ਨੇ। ਤੇਰੇ ਪੁੰਨ ਜਿਹੜੇ ਨੇ ਪਾਪਾਂ ਤੋਂ ਵੱਧ ਹੋਣ ਕਰਕੇ, ਉਹ ਪਾਪ ਰੱਦ ਹੋ ਗਏ। ਤੇਰਾ ਜੀਵਨ ਜਿਹੜਾ ਹੈ ਉਹ ਪੁੰਨਾਂ ਦਾ ਚਲ ਰਿਹਾ ਹੈ। ਤੂੰ ਸਾਧੂਆਂ ਦੀ ਸੰਗਤ ਕਰਕੇ ਪਾਪ ਤੇ ਪੁੰਨ ਤੋਂ ਉੱਚਾ ਹੋ ਜਾ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਪਾਪ ਕਰਦੈ ਤੇ ਉਹਨੂੰ ਠੀਕ ਸਿੱਧ (justify) ਕਰਦੈ। ਪਰ ਜਦੋਂ ਲੇਖਾ ਦੇਣਾ ਪੈਂਦਾ ਹੈ, ਫੇਰ ਔਖਾ ਹੋਣਾ ਪੈਂਦੈ।

ਸੋ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਉਹ ਬੀਬੀ-

*ਗਨਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਐਨੇ ਪਾਪ ਕਰ ਲਏ ਕਿ ਮਾਨੋ ਗਲ ਵਿਚ ਪਾਪਾਂ ਦਾ ਹਾਰ ਹੀ ਪੈ ਗਿਆ ਤੇ ਉਹਨੂੰ ਪਿਆਰ ਕਰ ਰਹੀ ਹੈ ਵੱਡੀ ਬਾਤ ਇਹ ਸੀ। ਦਿਲ 'ਚ ਗਿਲਾਨੀ ਨਹੀਂ ਆਉਂਦੀ। ਅਚਾਨਕ ਐਸੀ ਘਟਨਾ ਹੋਈ, ਕੋਈ ਉਹਦੇ ਪੁੰਨ ਜਿਹੜੇ ਪਿਛਲੇ ਜਨਮਾਂ ਦੇ ਕੀਤੇ ਹੋਏ ਸੀ, ਉਹ ਜਾਗਦੇ ਨੇ। ਜਾਗਣ ਦੇ ਨਾਲ ਅੰਦਰ ਐਸਾ ਵਾਹਿਗੁਰੂ ਜੀ ਵਲੋਂ ਹੋਇਆ ਕਿ ਬਾਰਿਸ਼ ਹੋ ਰਹੀ ਹੈ, ਇਕ ਮਹਾਤਮਾ ਜਾਂਦੇ-ਜਾਂਦੇ, ਹੱਥ ਵਿਚ ਇਕ ਪਿੰਜਰਾ ਹੈ, ਤੋਤਾ ਫੜਿਆ ਹੋਇਆ ਹੈ, ਬੀਤ ਰਾਗ ਅਵਸਥਾ ਦੇ ਮਹਾਤਮਾ, ਬ੍ਰਹਮਗਿਆਨ ਦੇ ਪੂਰੇ; ਉਹ ਅਚਾਨਕ ਆ ਕੇ ਉਸ ਦੇ ਦਰਵਾਜ਼ੇ ਮੂਹਰੇ ਰੁਕ ਗਏ।

ਜੇ ਅਸੀਂ ਕਹੀਏ ਕਿ ਮੌਕਾ ਬਣ ਗਿਆ ਕਿ ਮੀਂਹ ਦਾ ਛਰਾਟਾ ਆਇਆ ਤਾਂ ਰੁਕ ਗਏ। ਐਸੀ ਬਾਤ ਨਹੀਂ ਹੈ। ਭਾਈ ਸਾਹਿਬ ਨੇ ਲਿਖਿਆ ਹੈ ਕਿ ਐਸਾ ਕੋਈ ਕਾਰਨ ਨਹੀਂ ਸੀ ਉਹ ਅਚਾਨਕ ਹੀ ਆ ਕੇ, ਉਹਦੇ ਦਰ ਦੇ ਉਤੇ ਆ ਕੇ ਰੁਕ ਗਏ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੰਤ ਰੁਕ ਗਏ ਦੁਆਰੇ ਆ ਕੇ ਗਨਕਾ ਦੇ,*
*ਸੁੱਤੇ ਉਹਦੇ ਭਾਗ ਜਾਗ ਪਏ।*

ਅਚਾਨਕ ਰੁਕ ਜਾਣਾ, ਪੂਰੇ ਭਾਗ ਜਾਗਣ ਦੀ ਨਿਸ਼ਾਨੀ ਹੋਇਆ ਕਰਦੀ ਹੈ। ਕੋਈ ਐਸਾ ਉੱਚਾ ਕਰਮ ਉਸਦਾ ਪਿਛਲੇ ਜਨਮਾਂ 'ਚ ਕੀਤਾ ਹੋਇਆ ਸੀ, ਜੋ ਫਲ ਦੇਣ ਵਾਸਤੇ ਤਤਪਰ ਹੋ ਰਿਹਾ ਸੀ। ਮਹਾਰਾਜ ਕਹਿੰਦੇ, ਜਿੰਨੀ ਦੇਰ ਤਕ ਕਰਮ ਨਾ ਜਾਗੇ, ਸਾਧੂ ਦਾ ਦਰਸ਼ਨ ਤੇ ਸਾਧੂ ਦਾ ਮਿਲਾਪ ਨਹੀਂ ਹੋਇਆ ਕਰਦਾ। ਇਹ ਗੁਰਮਤਿ ਦਾ ਸਿਧਾਂਤ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥ ਅੰਗ- ੨੦੪*

ਮਿਲਣ ਨਾਲ ਕੀ ਹੁੰਦੈ -

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*

*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਦਰਸ਼ਨ ਕਰਦੇ ਸਾਰ ਆਦਮੀ ਦੇ ਉਤੇ ਅਸਰ ਹੋਣਾ ਸ਼ੁਰੂ ਹੋ ਜਾਂਦੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

ਮਹਾਂਪੁਰਸ਼ ਦਾ ਦਰਸ਼ਨ ਐਵੇਂ ਨਹੀਂ ਹੋਇਆ ਕਰਦਾ। ਉਹਦੇ ਵਿਚ ਅਸਰ ਹੋਇਆ ਕਰਦੈ। ਸੁਰਤੀ ਨੂੰ ਬਦਲ ਦਿੰਦੈ। ਦੁਰਮਤ ਜਿਹੜੀ ਹੈ ਉਹਨੂੰ ਖਤਮ ਕਰ ਦਿੰਦੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਵਲ ਨੂੰ ਜਦੋਂ ਇਕੱਠੇ ਹੋ ਕੇ ਪਟਿਆਲੇ ਤੋਂ ਮੇਰੇ ਨਾਲ ਮੇਰੇ ਸਾਥੀ ਜਾਂਦੇ ਹੁੰਦੇ। ਕਈ ਕਿਸਮ ਦੇ ਖਿਆਲਾਂ ਵਾਲੇ ਸੀ, ਸਾਰੇ ਸ਼ਰਧਾਲੂ ਨਹੀਂ ਸੀ ਹੁੰਦੇ। ਜਦੋਂ ਟਰੇਨ ਫੜ ਲੈਣੀ ਦਬਲਾਨ ਦੇ ਸਟੇਸ਼ਨ 'ਤੇ, ਅਗਲਾ ਹੀ ਸਟੇਸ਼ਨ ਸੀ। ਇਕ ਗੱਲ ਮੈਂ ਦੇਖਣੀ, ਕੋਈ ਇਕ ਦੂਜੇ ਨਾਲ ਬੋਲਦਾ ਹੀ ਨਹੀਂ ਸੀ, ਜਦੋਂ ਤਕ ਮਹਾਂਪੁਰਸ਼ਾਂ ਦੇ ਜਾ ਕੇ ਦਰਸ਼ਨ ਨਹੀਂ ਸੀ ਕਰਦੇ, ਬੋਲਦੇ ਨਹੀਂ ਸੀ। ਹੁੰਦਾ ਕੀ ਸੀ, ਉਹ ਅੰਦਰੋਂ ਹੀ ਪ੍ਰਮੇਸ਼ਰ ਦਾ ਨਾਮ ਚੱਲ ਪੈਂਦਾ ਸੀ। ਆਪੇ ਵਾਹਿਗੁਰੂ-ਵਾਹਿਗੁਰੂ ਸਾਰਿਆਂ ਦੇ ਅੰਦਰ ਹੋਣ ਲਗ ਜਾਣਾ। ਕਿਉਂਕਿ ਪੈਰ ਪੁੱਟਿਐ ਸਾਧੂ ਵਲ। ਉਹ ਐਵੇਂ ਹੀ ਨਹੀਂ ਹੋਇਆ ਕਰਦਾ। ਪਾਪ ਵਲ ਪੈਰ ਪੁੱਟੋ, ਉਹਦੇ ਵੀ ਜਿਹੜੇ ਪ੍ਰਭਾਵ ਨੇ ਮਨ ਦੇ ਉਤੇ ਉਸੇ ਵੇਲੇ ਅਸਰ ਕਰਨਾ ਸ਼ੁਰੂ ਕਰ ਦਿੰਦੇ ਨੇ। ਦੋਵੇਂ ਚੀਜ਼ਾਂ ਨੇ।

ਉਥੇ ਜਾ ਕੇ ਜਦੋਂ ਦਰਸ਼ਨ ਕਰਦੈ ਮਹਾਂਪੁਰਸ਼ਾਂ ਦੇ, ਉਸ ਵੇਲੇ ਜਿਹੜੇ ਅੰਦਰ ਚੋਰ ਲੁਕੇ ਹੋਏ ਨੇ, ਇਹ ਛੁਪਣੇ ਸ਼ੁਰੂ ਹੋ ਜਾਂਦੇ ਨੇ -

*ਧਾਰਨਾ - ਪੰਜੇ ਵਸ ਆਉਂਦੇ ਨੇ, ਸੰਤਾਂ ਦਾ ਦਰਸ਼ਨ ਕਰਕੇ।*

ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਭੈੜੀ ਬੀਮਾਰੀ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥* *ਅੰਗ- ੧੨੯੯*

ਕਦੋਂ ਮਿਟੀ ਜਦੋਂ ਪੂਰਨ ਮਹਾਤਮਾ ਦੀ ਸੰਗਤ ਮਿਲੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਗੁਰਸਿੱਖ ਦੇ ਕੋਲੋਂ ਵਿਦਾ ਹੋਣ ਲੱਗੇ। ਉਸ ਨੇ ਕਿਹਾ, ਪਾਤਸ਼ਾਹ! ਇਕ ਮੇਰੇ ਮਨ 'ਚ ਬੜਾ ਸੰਸਾ ਹੈ, ਆਪ ਦੂਰ ਕਰੋ। ਕਹਿੰਦੇ ਕੀ? ਕਹਿੰਦੇ, ਮਹਾਂਪੁਰਸ਼ ਆਉਂਦੇ ਨੇ, ਜਦੋਂ ਮੈਂ ਪੁੱਛਦਾ ਹਾਂ, ਸੰਤ ਦਰਸ਼ਨ ਦਾ ਕੀ ਫਲ ਹੁੰਦੈ। ਉਸ ਵੇਲੇ ਕਈ ਕਿਸਮ ਦੀਆਂ ਗੱਲਾਂ ਮੈਨੂੰ ਦਸਦੇ ਨੇ। ਪਰ ਪਾਤਸ਼ਾਹ ਮੇਰਾ ਮਨ ਨਹੀਂ ਮੰਨਦਾ, ਐਨਾ ਫਲ ਦਸਦੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਤੈਨੂੰ ਅਸੀਂ ਪ੍ਰਤੱਖ ਰੂਪ 'ਚ ਦਿਖਾ ਦਿੰਦੇ ਹਾਂ। ਕੱਲ੍ਹ ਨੂੰ ਅੰਮ੍ਰਿਤ ਵੇਲੇ ਉੱਠੀਂ ਪਹੁ-ਫੁਟਾਲੇ ਦੇ ਨਾਲ। ਜਿਹੜਾ ਪੂਰਬ ਦਿਸ਼ਾ ਦਾ ਸਰੋਵਰ ਹੈ ਰੋਹੀ ਦਾ, ਉਥੇ ਜਾ ਕੇ ਦਰਖਤ ਥੱਲੇ ਖੜ੍ਹਾ ਹੋ ਜਾਈਂ। ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਇਸੇ ਤਰ੍ਹਾਂ ਕੀਤਾ, ਕੁਝ ਦੇਰ ਖੜ੍ਹਿਆ, ਸੂਰਜ ਚੜ੍ਹ ਗਿਆ, ਵਾਪਸ ਆ ਗਿਆ।

ਮਹਾਰਾਜ ਨੇ ਪੁੱਛਿਆ, ਕੀ ਗੱਲ ਪਿਆਰਿਆ! ਕੋਈ ਆਇਆ?

ਕਹਿੰਦਾ, ਮਹਾਰਾਜ! ਕੋਈ ਬੰਦਾ ਨਹੀਂ ਆਇਆ।

ਕੋਈ ਹੋਰ?

ਕਹਿੰਦਾ, ਮਹਾਰਾਜ! ਇਕ ਕਾਉਂ ਦਾ ਜੋੜਾ ਸੀ ਸਾਮ੍ਹਣੇ ਟਾਹਣੇ 'ਤੇ, ਉਹ ਬਸ ਕਾਂ-ਕਾਂ ਕਰੀ ਗਏ ਨੇ।

ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ।

ਦੂਜੇ ਦਿਨ ਗਿਆ, ਮਹਾਰਾਜ ਨੇ ਕਿਹਾ ਅੱਜ?

ਕਹਿੰਦਾ, ਮਹਾਰਾਜ! ਅੱਜ ਤਾਂ ਫੇਰ ਕੋਈ ਨਹੀਂ ਆਇਆ।

ਕਾਵਾਂ ਦੀ ਥਾਂ 'ਤੇ ਬਗਲੇ ਬੈਠੇ ਸੀ।

ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ।

ਤੀਸਰੇ ਦਿਨ ਜਦੋਂ ਗਿਆ। ਫੇਰ ਵਾਪਸ ਆ ਗਿਆ। ਕੋਈ ਨਾ ਆਇਆ।

ਮਹਾਰਾਜ ਕਹਿੰਦੇ, ਕੀ ਗੱਲ ਭਾਈ?

ਕਹਿੰਦਾ, ਮਹਾਰਾਜ! ਕੋਈ ਨਹੀਂ ਆਇਆ, ਸਿਰਫ ਐਨਾ ਹੀ ਹੋਇਆ, ਜਿੱਥੇ ਬਗਲੇ ਬੈਠੇ ਸੀ, ਉਥੇ ਅੱਜ ਹੰਸਾਂ ਦਾ ਜੋੜਾ ਬੈਠਾ ਸੀ।

ਕਹਿੰਦੇ, ਕੱਲ੍ਹ ਫੇਰ ਜਾਈਂ।

ਹੁਕਮ ਮੰਨਦਾ ਸੀ, ਫੇਰ ਚਲਿਆ ਗਿਆ। ਕੀ ਦੇਖਦੈ ਕਿ ਇਕ ਜੋੜਾ, ਪੁਰਸ਼ ਤੇ ਇਸਤ੍ਰੀ ਬੈਠੇ ਨੇ। ਲੇਕਿਨ ਅਜੀਬ ਨੇ, ਇਸ ਦੇਸ਼ ਦੇ ਨਹੀਂ ਲਗਦੇ। ਜਦੋਂ ਇਹ ਗਿਆ ਤਾਂ ਇਹਦੇ ਚਰਨਾਂ ਦੇ ਉਤੇ ਨਮਸ਼ਕਾਰਾਂ ਕਰਨ ਲੱਗ ਗਏ। ਕਹਿੰਦੇ, ਗੁਰਸਿੱਖਾ! ਤੂੰ ਧੰਨ ਹੈਂ ਤੂੰ ਧੰਨ ਹੈਂ।

ਕਹਿੰਦਾ, ਮੈਂ ਕਿਹੜੀ ਗੱਲ 'ਚ ਧੰਨ ਹਾਂ।

ਕਹਿੰਦੇ, ਤੂੰ ਪੂਰਨ ਗੁਰੂ ਦੇ ਦਰਸ਼ਨ ਕੀਤੇ ਨੇ ਤੇ ਤੇਰੇ ਦਰਸ਼ਨ ਦਾ ਫਲ ਇਹ ਹੋਇਐ ਕਿ ਅਸੀਂ ਪਹਿਲੇ ਦਿਨ ਕਾਂ ਸੀ, ਦੂਸਰੇ ਦਿਨ ਤੇਰੇ ਦਰਸ਼ਨ ਦੇ ਫਲ ਨਾਲ ਬਗਲੇ, ਤੀਸਰੇ ਦਿਨ ਹੰਸ ਤੇ ਅੱਜ ਸਾਨੂੰ ਦੇਵ ਦੇਹੀ ਪ੍ਰਾਪਤ ਹੋ ਗਈ। ਦੇਖਦੇ-ਦੇਖਦੇ ਵਿਬਾਨ ਆਏ, ਚੜ੍ਹ

ਕੇ ਚਲੇ ਗਏ।

ਮਹਾਰਾਜ ਨੇ ਕਿਹਾ ਕਿ ਕੁਛ ਸਮਝਿਆ?

ਨਾ ਮਹਾਰਾਜ ਇਸ ਤੋਂ ਅਗਾਂਹਾਂ ਮੇਰੀ ਸਮਝ 'ਚ ਕੁਛ ਨਹੀਂ। ਮਹਾਰਾਜ ਕਹਿੰਦੇ, ਪਿਆਰਿਆ! ਕਾਂ ਵਾਗੂੰ ਆਦਮੀ ਅੰਦਰੋਂ ਵੀ ਕਾਲਾ ਤੇ ਬਾਹਰੋਂ ਵੀ ਕਾਲਾ। ਨਿੰਦਿਆ ਚੁਗਲੀ ਕਰਦੈ। ਜਿਵੇਂ ਕਾਂ ਗੰਦ-ਮੰਦ ਖਾਂਦੈ ਇਹ ਵੀ ਗੰਦ ਮੰਦ ਖਾਂਦੈ। ਪਾਪ ਕਰਦੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝੂਠ, ਕੱਚ-ਪਿੱਚ ਦੇ ਅੰਦਰ, ਵਿਸ਼ੇ ਭੋਗਾਂ ਦੇ ਅੰਦਰ ਜੀਵਨ ਬਤੀਤ ਕਰਦੈ। ਸਾਧੂਆਂ ਦੀ ਸੰਗਤ ਵਿਚ ਆ ਜਾਵੇ। ਉਹਦੇ ਨਾਲ ਇਹਦਾ ਜੀਵਨ ਬਦਲਦੈ। ਲੋਕ ਕਹਿੰਦੇ ਨੇ ਬੜਾ ਚੰਗਾ ਹੈ ਉਤੋਂ ਬੜੀ ਸੋਹਣੀ ਸਮਾਧੀ ਲਾ ਲਏਗਾ, ਅੱਖਾਂ ਮੀਚ ਲਏਗਾ। ਦੂਜਿਆਂ ਨੂੰ ਲੱਗੇਗਾ ਕਿ ਇਹ ਤਾਂ ਬਹੁਤ ਵਧੀਆ ਹੈ, ਅੱਖਾਂ ਮੀਚ ਕੇ ਬੈਠਾ ਰਹਿੰਦਾ ਹੈ, ਬੋਲਦਾ ਨਹੀਂ ਹੈ। ਪਰ ਅਜੇ ਅੰਦਰਲੇ ਵਿਕਾਰ ਨਹੀਂ ਖਤਮ ਹੋਏ। ਉਹੀ ਕਾਮ, ਓਹੀ ਕ੍ਰੋਧ, ਓਹੀ ਲੋਭ। ਦਬ ਤਾਂ ਗਏ ਪਰ ਅੰਦਰੋਂ ਨਹੀਂ ਸੁੱਚਾ ਹੋਇਆ। ਬਗਲੇ ਵਾਂਗੂੰ ਹੋਇਆ ਕਰਦੈ ਤੇ ਹਿਰਦੇ ਤੋਂ ਹਿਤ ਨਾਲ ਸੰਗਤ ਕਰਦੈ-ਕੁਛ ਲਾਭ ਲੈਣ ਲਈ। ਉਸ ਵੇਲੇ ਸੰਤਾਂ ਦਾ ਬਚਨ ਕਮਾਉਂਦੈ। ਬਚਨ ਕਮਾ ਕੇ ਉਹਦੇ ਅੰਦਰ ਕਰਮ, ਉਪਾਸ਼ਨਾ, ਦੋ ਦਰਜੇ ਲੰਘਣ ਤੋਂ ਬਾਅਦ, ਗਿਆਨ ਦੇ ਮੰਡਲ 'ਚ ਪਹੁੰਚਦੈ। ਗਿਆਨ ਦੇ ਮੰਡਲ 'ਚ ਜਾ ਕੇ ਇਹਨੂੰ ਸਤਿ ਤੇ ਅਸਤਿ ਦੀ ਪਛਾਣ ਹੋ ਜਾਂਦੀ ਹੈ। ਜਿਵੇਂ ਹੰਸ ਦੁੱਧ ਪੀਣ ਵੇਲੇ ਚੁੰਝ ਮਾਰਦੈ, ਪਿੱਛੇ ਹਟ ਕੇ ਬਹਿ ਜਾਂਦੈ। ਦੁੱਧ ਫਟ ਜਾਂਦੈ ਤੇ ਉਹ ਫੁੱਟੀਆਂ ਖਾ ਜਾਂਦੈ ਤੇ ਪਾਣੀ ਛੱਡ ਦਿੰਦੈ। ਇਸੇ ਤਰ੍ਹਾਂ ਗੁਰਮੁਖ ਦਰਜੇ ਨੂੰ ਪਹੁੰਚ ਕੇ ਸਤਿ ਤੇ ਅਸਤਿ ਦੀ ਪਛਾਣ ਕਰਕੇ ਮਾਇਆ ਜਿਹੜੀ ਅਸਤਿ ਹੈ ਇਸ ਤੋਂ ਨਿਰਲੇਪ ਹੋ ਕੇ ਜੋ ਇਥੇ ਆਤਮ ਤੱਤ ਹੈ, ਉਹਦਾ ਪਛਾਣੂ ਹੋ ਕੇ, ਆਤਮ ਤੱਤ ਦੇ ਵਿਚ ਲੀਨ ਹੋ ਜਾਂਦੈ।

ਸੋ ਪਿਆਰਿਆ! ਸੰਤਾਂ ਦਾ ਜੋ ਦਰਸ਼ਨ ਹੈ, ਉਹ ਇਸ ਤਰ੍ਹਾਂ ਪ੍ਰਤੱਖ ਰੂਪ 'ਚ ਹੋਇਆ ਕਰਦੈ।

*ਸੰਤ ਕੀ ਧੂਰਿ ਮਿਟੇ ਅਘ ਕੋਟ ॥* ਅੰਗ- ੧੮੯

ਧੂੜ ਮਿਲ ਜਾਵੇ, ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦੈ।

*ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥* ਅੰਗ- ੧੮੯

ਜੰਮਣ ਮਰਨ ਦਾ ਕਾਰਨ ਹਉਮੈ ਹੋਇਆ ਕਰਦੀ ਹੈ, ਉਸ ਤੋਂ ਛੁਟਕਾਰਾ ਮਿਲ ਜਾਂਦੈ ਕਿਉਂਕਿ ਸੰਤ ਨਾਮ ਦੇ ਮੰਡਲ ਵਿਚ ਪਹੁੰਚ ਦਿੰਦੇ ਨੇ।

*ਸੰਤ ਕਾ ਦਰਸੁ ਪੂਰਨ ਇਸਨਾਨੁ ॥* ਅੰਗ- ੧੮੯

ਅੰਦਰਲਾ ਇਸ਼ਨਾਨ, ਬਾਹਰਲਾ ਇਸ਼ਨਾਨ, ਪੰਜ ਤਰ੍ਹਾਂ ਦੇ ਇਸ਼ਨਾਨ ਹੁੰਦੇ ਨੇ। ਜੇ ਅਸੀਂ ਸਰੀਰ ਦਾ ਇਸ਼ਨਾਨ ਕਰੀਏ ਮਨ ਮੈਲਾ ਰਹਿ ਜਾਂਦੈ। ਬੁੱਧੀ ਮੈਲੀ ਰਹਿ ਜਾਂਦੀ ਹੈ। ਅੰਤਸ਼ਕਰਣ ਵਿਚ ਮੈਲ ਭਰੀ ਪਈ ਹੈ। ਸੋ ਪੂਰੀ ਤਰ੍ਹਾਂ ਵਿਚਾਰ, ਆਚਾਰ ਸਾਰਾ ਉਹਦਾ ਇਸ਼ਨਾਨ ਹੋ ਜਾਇਆ ਕਰਦੈ।

*ਸੰਤ ਕ੍ਰਿਪਾ ਤੇ ਜਪੀਐ ਨਾਮੁ ॥* ਅੰਗ- ੧੮੯

ਜਦੋਂ ਉਹਦੀ ਕ੍ਰਿਪਾ ਹੋਣੀ ਸ਼ੁਰੂ ਹੋ ਜਾਂਦੀ ਹੈ, ਉਸ ਵੇਲੇ ਨਾਮ ਵਲ ਮਨ ਲੱਗਣਾ ਸ਼ੁਰੂ ਹੋ ਜਾਂਦੈ। ਨਾਮ ਵਲ ਮਨ ਤਾਂ ਲਗਦੈ ਜੇ ਅੰਦਰਲੇ ਪਾਪਾਂ ਦਾ ਖਾਤਮਾ ਹੋਵੇ। ਨਹੀਂ ਤਾਂ ਨਾਮ ਦਾ ਰਸ ਨਹੀਂ ਆਇਆ ਕਰਦਾ। ਇਹ ਨਿਸ਼ਾਨੀ ਹੈ ਕਿ ਜਦੋਂ ਪਾਪ ਖਤਮ ਹੋ ਗਏ, ਮੱਲੋ-ਮੱਲੀ ਚਿੱਤ ਕਰੇਗਾ ਕਿ ਛੇਤੀ ਦੇ ਕੇ ਬੈਠ ਕੇ ਨਾਮ ਜਪਣਾ ਸ਼ੁਰੂ ਕਰੀਏ। ਉਸ ਵੇਲੇ ਉਹਦਾ ਅੰਤਸ਼ਕਰਣ ਜਿਹੜਾ ਹੈ ਉਹ ਸ਼ੁੱਧ ਹੋਇਆ ਹੁੰਦੈ -

*ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥* ਅੰਗ- ੧੮੯

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹ ਸਾਰੇ ਮਿਟ ਜਾਇਆ ਕਰਦੇ ਨੇ। ਫੇਰ ਹੁੰਦਾ ਕੀ ਹੈ? ਉਹ ਪੂਰਨ ਗਿਆਨ ਦੇ ਵਿਚ ਪਹੁੰਚ ਕੇ ਉਹਦੀ ਦਿੱਬਯ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ। ਦਿੱਬਯ ਦ੍ਰਿਸ਼ਟੀ ਖੁੱਲ੍ਹਣ ਦੇ ਨਾਲ ਆਹੀ ਸੰਸਾਰ ਪ੍ਰਮੇਸ਼ਰ ਰੂਪ ਹੋ ਕੇ ਨਜ਼ਰ ਆਉਣਾ ਸ਼ੁਰੂ ਹੋ ਜਾਂਦੈ।

*ਦ੍ਰਿਸਟਿ ਆਵੈ ਸਭੁ ਏਕੰਕਾਰੁ ॥*
*ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥* ਅੰਗ - ੧੮੯

ਜਦੋਂ ਸੰਤ ਪ੍ਰਸੰਨ ਹੋ ਗਏ ਤੇ ਉਹਨਾਂ ਦੀ attention (ਧਿਆਨ) ਹੋ ਗਈ ਉਸ ਵੇਲੇ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੈ ਫੇਰ ਉਹ ਅਵਾਰਾ ਨਹੀਂ ਰਹਿੰਦੇ, ਵਸ ਵਿਚ ਆ ਜਾਂਦੇ ਨੇ। ਸੰਜਮ ਦੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੇ ਨੇ -

*ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥* ਅੰਗ - ੧੮੯

ਜਿਹੜਾ ਪ੍ਰਮੇਸ਼ਰ ਦਾ ਨਾਮ ਹੈ, ਉਹਦਾ ਨਿਵਾਸ ਰਿਦੈ ਦੇ ਵਿਚ ਹੋ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਪਿਆਰਿਆ! ਇਹ ਤਾਂ ਪੂਰੀ ਦਇਆ ਹੋਵੇ -

*ਕਹੁ ਨਾਨਕ ਜਾ ਕਾ ਪੂਰਾ ਕਰਮ ॥*
*ਤਿਸੁ ਭੇਟੇ ਸਾਧੂ ਕੇ ਚਰਨ ॥* ਅੰਗ - ੧੮੯

ਉਸ ਨੂੰ ਸਾਧੂ ਦੇ ਚਰਨਾਂ ਨਾਲ ਪ੍ਰੀਤ ਹੋਇਆ ਕਰਦੀ ਹੈ। ਸੋ -

*ਮਹਾਂਪੁਰਖੁ ਅਚਾਨਚੱਕ ਗਨਿਕਾ ਵਾੜੇ ਆਇ ਖਲੋਤਾ।*
*ਭਾਈ ਗੁਰਦਾਸ ਜੀ ਵਾਰ ੧੦/੨੧*

ਅੰਦਰੋਂ ਦੇਖ ਲਿਆ ਉਹਦਾ ਸਾਰਾ ਕਿ ਪਾਪਾਂ ਨਾਲ ਭਰੀ ਪਈ ਹੈ। ਲੇਕਿਨ ਪਿਛਲੇ ਸੰਸਕਾਰ ਇਹਦੇ ਬੜੇ ਉੱਤਮ ਨੇ। ਇਸ ਜਨਮ ਦੇ ਵਿਚ ਭੁੱਲੀ ਹੋਈ ਪਾਪਾਂ ਨੂੰ ਪਿਆਰ ਕਰ ਰਹੀ ਹੈ। ਉਸ ਵੇਲੇ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਹੋਈ, ਉਹਦੇ ਅੰਦਰ ਵੀ ਪਰਿਵਰਤਨ ਹੋਇਆ, ਦਰਸ਼ਨ ਕਰਦੀ ਸਾਰੀ। ਸਾਰੇ ਹੀ ਪਾਪ ਦਸ ਦਿਤੇ ਕਿ

ਮਹਾਂਪੁਰਸ਼ੋ! ਮੈਂ ਤਾਂ ਐਨੀ ਪਾਪਣ ਹਾਂ। ਮੈਨੂੰ ਅੱਜ ਤੁਹਾਡੇ ਦਰਸ਼ਨ ਕਰਨ ਨਾਲ ਪ੍ਰਕਾਸ਼ ਹੋਇਐ। ਉਸ ਪ੍ਰਕਾਸ਼ 'ਚ ਮੈਂ ਦੇਖਿਐ ਕਿ ਮੇਰੇ ਵਰਗੀ ਪਾਪਣ ਦੁਨੀਆਂ 'ਤੇ ਹੋਰ ਵੀ ਹੈ ਕੋਈ? ਤੇ ਮੇਰਾ ਵੀ ਕੀ ਉਧਾਰ ਹੋ ਸਕਦੈ?

ਉਸ ਵੇਲੇ ਮਹਾਂਪੁਰਸ਼ ਪ੍ਰਸੰਨ ਹੋਏ ਤੇ ਉਹਨਾਂ ਨੇ ਉਸ ਬੀਬੀ ਨੂੰ ਬਚਨ ਕੀਤੇ ਕਿ ਬੇਟਾ! ਸਾਧੂਆਂ ਦੇ ਕੋਲ ਉੱਤਮ ਬਚਨ ਹੁੰਦੇ ਨੇ ਤੇ ਉਹਨਾਂ ਬਚਨਾਂ ਦੇ ਉਤੇ ਜੇ ਕੋਈ ਕਮਾਈ ਕਰ ਲਵੇ, ਤਾਂ ਉਹਦਾ ਪਾਰ ਉਤਾਰਾ ਹੋ ਜਾਇਆ ਕਰਦੈ। ਐਸਾ ਮਹਾਰਾਜ ਜੀ ਦਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਤਾਰਦੇ ਨੇ ਸਾਨੂੰ ਬਚਨ ਗੁਰਾਂ ਦੇ।*

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥*
*ਅੰਗ- ੭੪੭*

ਬਚਨ ਦੀ ਕਮਾਈ ਕਰਨੀ ਹੈ ਸੰਤਾਂ ਦੇ ਕੋਲ। ਜਿਹੜਾ ਬਚਨ ਦੀ ਕਮਾਈ ਕਰਦੈ ਉਹ ਲੰਘ ਜਾਂਦੈ। ਜਿਹੜਾ ਨਹੀਂ ਕਰਦਾ ਉਹਦਾ ਮੁਸ਼ਕਲ ਹੈ ਲੰਘਣਾ।

ਸੋ ਆਪ ਨੇ -

*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁੰ ਉਸਨੋ ਦਿਤੋਨੁ ਤੋਤਾ।ਭਾਈ ਗੁਰਦਾਸ ਜੀ ਵਾਰ ੧੦/੨੧*

ਕੋਈ ਸ਼ੁਭ ਮੱਤ ਨਹੀਂ ਉਹਦੀ ਦੇਖੀ। ਦਇਆਲ ਹੋ ਗਏ ਤੇ ਉਹਨੂੰ ਤੋਤਾ ਦੇ ਦਿਤਾ। ਤੋਤਾ ਦੇ ਕੇ ਉਹਨੂੰ ਜੁਗਤੀ ਦਸ ਦਿਤੀ -

*ਧਾਰਨਾ - ਹਥਹੁੰ ਦੇ ਸੰਤਾਂ ਨੇ ਤੋਤਾ,*
*ਜੁਗਤੀ ਦੱਸੀ ਨਾਮ ਦੀ।*

ਸ਼ੁਭ ਮੱਤ ਦੇਖ ਕੇ ਤਾਂ ਦਇਆਲ ਹੁੰਦੇ ਨੇ। ਪਰ ਮਹਾਤਮਾ ਨੇ ਦੇਖ ਕੇ ਕਿ ਇਹਦਾ ਰੋਮ-ਰੋਮ ਪਾਪਾਂ ਨਾਲ ਭਰਿਆ ਹੋਇਐ ਤੇ ਹੁਣ ਇਹ ਪ੍ਰਭੂ ਦੀ ਸ਼ਰਨ ਮੰਗ ਰਹੀ ਹੈ। ਉਸ ਵੇਲੇ ਦਇਆਲ ਹੋ ਗਏ। ਕਹਿੰਦੇ, ਬੇਟਾ! ਕੋਈ ਬਾਤ ਨਹੀਂ। ਰੱਬ ਦਾ ਦਰ ਸਭ ਦੇ ਵਾਸਤੇ ਖੁੱਲ੍ਹਾ ਹੈ। ਇਹ ਤਾਂ ਬਖਸ਼ਿਸ਼ ਕੋਈ ਪਤਾ ਨਹੀਂ ਪਾਪੀਆਂ 'ਤੇ ਪਹਿਲਾਂ ਹੋ ਜਾਵੇ। ਜਿਹੜੇ ਕਹਿੰਦੇ ਨੇ ਕਿ ਅਸੀਂ ਨਾਮ ਜਪਦੇ ਹਾਂ, ਐਨਾ ਚਿਰ ਅਸੀਂ ਜਾਗਦੇ ਹਾਂ, ਐਸਾ ਭਜਨ ਕਰਦੇ ਹਾਂ। ਉਹ ਕਈ ਵਾਰੀ ਸੁੱਕੇ ਹੀ ਰਹਿ ਜਾਂਦੇ ਨੇ। ਕਿਉਂਕਿ 'ਅਸੀਂ' ਨਹੀਂ ਹਟਦੀ ਉਹਨਾਂ ਦੀ। 'ਮੈਂ' ਨਹੀਂ ਹਟਦੀ ਕਿ ਮੈਂ ਨਾਮ ਜਪਦਾ ਹਾਂ, ਮੈਂ ਐਨੀ ਬਾਣੀ ਪੜ੍ਹਦਾ ਹਾਂ। ਬਾਣੀ ਦਾ ਫਲ ਕਿੱਥੇ ਜਾਂਦਾ ਹੈ, ਉਹ ਮੈਂ ਖਾ ਜਾਂਦੀ ਹੈ। ਲਗਦਾ ਨਹੀਂ ਹੈ। ਸਮਰਪਣ ਨਹੀਂ ਆਪਣੇ ਆਪ ਨੂੰ ਕੀਤਾ। ਸ਼ੁਕਰ ਹੁੰਦਾ ਹੈ ਵਾਹਿਗੁਰੂ ਦਾ, ਪਾਤਸ਼ਾਹ ਤੇਰੀ ਮਿਹਰ ਹੈ, ਤੇਰੀ ਮਿਹਰ ਦੇ ਸਦਕੇ ਮੇਰਾ ਨਿਤਨੇਮ ਚੱਲ ਰਿਹਾ ਹੈ। ਤੇਰੀ ਮਿਹਰ ਦੇ ਸਦਕੇ ਤੂੰ ਮੈਨੂੰ ਅੰਮ੍ਰਿਤ ਵੇਲੇ ਦੀ ਜਾਗ ਦਿਤੀ ਹੈ। ਤੇਰੀ ਮਿਹਰ ਦੇ ਸਦਕੇ ਮੇਰਾ ਜਿਹੜਾ ਮਨ ਹੈ ਇਹ ਟਿਕ ਜਾਂਦੈ, ਤੇਰੇ ਨਾਮ ਦੇ ਵਿਚ, ਤੂੰ ਨਾਮ ਦਿੰਦੈਂ ਤਾਂ ਮੈਂ ਜਪਦਾ ਹਾਂ। ਮੇਰੀ ਮਿਹਨਤ ਕਾਹਦੀ ਹੈ। ਦੂਜੇ ਰਹਿ ਜਾਂਦੇ ਨੇ, ਕਈ ਵਾਰੀ ਮਹਾਂ ਪਾਪੀ ਆ ਕੇ ਅੱਗੇ ਨਿਕਲ ਜਾਂਦੇ ਨੇ। ਕਾਰਨ ਹੈ ਇਸ ਚੀਜ਼ ਦਾ। ਇਹ ਮਨ ਦੀ ਖੇਡ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਤਮਾ ਨੇ ਕਿਹਾ ਕਿ ਬੇਟਾ! ਬਚਨ ਕਮਾ ਲਏਂਗੀ। ਕਹਿੰਦੀ, ਹਾਂ ਜੋ ਆਪ ਬਚਨ ਕਰੋ, ਪਰ ਮੇਰੇ ਸਿਰ 'ਤੇ ਹੱਥ ਰੱਖੋ, ਕਿਉਂਕਿ ਮੈਂ ਪਾਪਾਂ ਦੇ ਨਾਲ ਐਨੀ ਬਲਹੀਣ ਹੋ ਚੁੱਕੀ ਹਾਂ ਕਿ ਮੈਂ ਕਿਸ ਤਰ੍ਹਾਂ ਬਚਨ ਕਮਾਉਂਗੀ ਤੁਹਾਡਾ। ਕਹਿੰਦੇ ਨਹੀਂ, ਬਹੁਤ ਸੁਖਾਲਾ ਬਚਨ ਹੈ। ਤੈਨੂੰ ਅਸੀਂ ਕੁਛ ਨਹੀਂ ਕਹਿੰਦੇ, ਇਕ ਬਾਤ ਕਹਿੰਦੇ ਹਾਂ। ਉਹਦੇ ਉਤੇ ਪਹਿਰਾ ਦੇਈਂ। ਕਹਿੰਦੇ, ਤੋਤਾ ਅਸੀਂ ਤੈਨੂੰ ਦਿੰਦੇ ਹਾਂ, ਇਹ ਅੰਮ੍ਰਿਤ ਵੇਲੇ ਤੋਂ ਰਾਮ-ਰਾਮ ਕਹਿੰਦਾ ਹੁੰਦੈ। ਤੂੰ ਉਠ ਕੇ ਇਸ਼ਨਾਨ ਕਰੀਂ, ਇਸ਼ਨਾਨ ਕਰਕੇ ਪਿੰਜਰਾ ਸਾਮ੍ਹਣੇ ਰੱਖ ਲਈਂ ਤੇ ਇਹਨੂੰ ਇਸ ਤਰ੍ਹਾਂ ਕਹੀਂ ਕਿ ਬੋਲ ਗੰਗਾ ਰਾਮਾ! ਰਾਮ-ਰਾਮ। ਇਹ ਰਾਮ-ਰਾਮ ਕਹੇਂਗਾ, ਫੇਰ ਤੂੰ ਕਹੀ ਜਾਈਂ ਰਾਮ-ਰਾਮ। ਇਹ ਨਾਮ ਜਪਣ ਦੀ ਜੁਗਤ ਹੋਇਆ ਕਰਦੀ ਹੈ। ਇਹ ਡਿਊਟੀ ਹੈ ਸੰਤ ਦੀ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਉਹਨਾਂ ਨੇ ਨਾਮ ਜਪਾਉਣੈ ਤੇ ਨਾਮ ਜਪਾਉਣ ਵਾਲੇ ਦਾ ਆਦਰ ਕਿੰਨਾ ਕਰਦੇ ਨੇ ਗੁਰੂ ਸਾਹਿਬ। ਮਹਾਰਾਜ ਕਹਿੰਦੇ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਕਹਿੰਦੇ, ਹੇ ਪ੍ਰਭੂ! ਮੈਨੂੰ ਉਸ ਗੁਰਸਿੱਖ ਦੀ ਧੂੜੀ ਲਿਆ ਦੇ, ਜਿਹੜਾ ਆਪ ਨਾਮ ਜਪਦੈ ਤੇ ਸੰਸਾਰ ਨੂੰ ਜਪਾਉਂਦੈ। ਕਹਿੰਦੇ, ਡਿਊਟੀ ਹੈ। ਪ੍ਰਮੇਸ਼ਰ ਦੇ ਪਿਆਰਿਆਂ ਦੀ ਡਿਊਟੀ ਹੁੰਦੀ ਹੈ। ਸੋ ਉਸ ਵੇਲੇ ਆਪ ਕਹਿਣ ਲੱਗੇ, ਬੇਟਾ! ਇਸ ਰਸਤੇ ਦੇ ਉਤੇ ਬੜੀ ਚੜ੍ਹਾਈ ਹੈ।

*ਗਿਆਨੁ ਧਿਆਨੁ ਸਿਮਰਣੁ ਜੁਗਤਿ*
*ਕੂੰਜ ਕੂਰਮ ਹੰਸ ਵੰਸੁ ਨਵੇਲਾ।*
*ਭਾਈ ਗੁਰਦਾਸ ਜੀ, ਵਾਰ ੭/20*

ਤਿੰਨ ਚੀਜ਼ਾਂ ਹੋਇਆ ਕਰਦੀਆਂ ਨੇ, ਇਕ ਕਰਮ ਹੁੰਦੈ, ਇਕ ਉਪਾਸ਼ਨਾ ਹੁੰਦੀ ਹੈ ਤੇ ਇਕ ਗਿਆਨ ਹੁੰਦੈ। ਕਹਿੰਦੇ, ਜੋ ਕੂੰਜ ਹੈ ਇਹ ਆਪਣੇ ਬੱਚੇ ਦੇ ਆਉਂਦੀ ਹੈ-

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*

*ਮਨ ਮਹਿ ਸਿਮਰਨੁ ਕਰਿਆ ॥ ਅੰਗ - ੧੦*

ਉਹ ਸਿਮਰਨ ਦੀ ਸ਼ਕਤੀ ਦੇ ਨਾਲ ਉਨ੍ਹਾਂ ਬੱਚਿਆਂ ਨੂੰ ਟਰੇਨਿੰਗ ਦਿੰਦੀ ਹੈ। ਅੱਖਾਂ ਮੀਚ ਕੇ ਬੈਠ ਜਾਂਦੀ ਹੈ, ਇਥੋਂ ਹੀ ਬੱਚਿਆਂ ਨੂੰ ਪ੍ਰੇਰਨਾ ਦਿੰਦੀ ਹੈ ਕਿ ਹੁਣ ਆਂਡੇ ਤੋਂ ਬਾਹਰ ਨਿਕਲ ਗਏ, ਹੁਣ ਇਹ ਇਸ ਤਰ੍ਹਾਂ ਚੋਗਾ ਚੁਗਣ। ਬੱਚੇ ਪਲ ਜਾਂਦੇ ਨੇ ਜਾਂਦੀ ਨੂੰ।

ਸੋ ਸਿਮਰਨ ਦੇ ਵਿਚ ਨੌਂਧਾ ਭਗਤੀ ਆਇਆ ਕਰਦੀ ਹੈ। ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ। ਸਰਵਣ ਭਗਤੀ ਹੈ। ਸਰਵਣ ਭਗਤੀ ਬਾਰੇ 'ਜਪੁਜੀ ਸਾਹਿਬ' ਦੀਆਂ ਚਾਰ ਪਉੜੀਆਂ ਦੇ ਅੰਦਰ ਉਹਦੀ ਮਹਾਨਤਾ ਲਿਖੀ ਹੈ। ਫੇਰ ਯਾਦ ਦੀ ਭਗਤੀ ਹੈ ਸਿਮਰਨ ਕਰਨਾ। ਯਾਦ ਦੇ ਵਿਚ ਵਾਹਿਗੁਰੂ ਵਸਾਉਣਾ। ਇਕ ਰਸਨਾ ਦੇ ਨਾਲ ਕਹੀ ਜਾਂਦੇ ਨੇ ਤੇ ਯਾਦ ਦਾ ਖਾਨਾ ਬੰਦ ਰਖਦੇ ਨੇ। ਮਨ ਦੌੜਿਆ ਫਿਰਦੈ, ਕਦੇ ਏਧਰ ਚਲਿਆ ਗਿਆ, ਕਦੇ ਓਧਰ ਚਲਿਆ ਗਿਆ। ਉਹ ਸਿਮਰਨ ਦੀ ਅਵਸਥਾ 'ਚ ਨਹੀਂ ਪਹੁੰਚਦੇ। ਇਕ ਹੱਠ ਕਰਦੇ ਨੇ। ਮੈਡੀਟੇਸ਼ਨ ਹੋਰ ਚੀਜ਼ ਹੁੰਦੀ ਹੈ ਤੇ ਸਿਮਰਨ ਹੋਰ ਚੀਜ਼ ਹੁੰਦਾ ਹੈ। ਮੈਡੀਟੇਸ਼ਨ ਕੇਵਲ ਫੋਕੀ ਕਸਰਤ ਹੁੰਦੀ ਹੈ। ਇਕ ਸ਼ਬਦ ਲੈ ਕੇ ਉਹਦੇ ਉਤੇ ਇਕਾਗਰਤਾ ਕਰੀ ਜਾਣੀ। ਜਿਹੜਾ ਸਿਮਰਨ ਗੁਰੂ ਮਹਾਰਾਜ ਕਹਿੰਦੇ ਨੇ ਉਸ ਸ਼ਬਦ ਦੇ ਪਿੱਛੇ, ਸ਼ਬਦ ਵਾਲੇ ਨੂੰ ਦੇਖੋ। ਉਹਦੇ ਨਾਲ ਪਿਆਰ ਦੀ ਲਹਿਰ ਦੇ ਨਾਲ ਮਿਲਣ ਦਾ ਯਤਨ ਕਰੋ। ਸੁੱਕਾ ਨਾ ਕਰੀ ਜਾਓ। ਨਾਮ ਦੇ ਵਿਚ ਭੇਦ ਹੋਇਆ ਕਰਦੈ -

*ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥*
*ਅੰਗ- ੧੩੭੪*

ਕਹਿੰਦੇ ਤਾਂ ਸਾਰੇ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਨੇ। ਰੌਲਾ ਪਾਈ ਜਾਂਦੇ ਨੇ, ਉੱਚੀ-ਉੱਚੀ ਕਹੀ ਜਾਂਦੇ ਨੇ। ਪਰ ਕੋਈ ਭੇਦ ਹੈ ਇਹਦੇ ਵਿਚ। ਜਿਹੜੇ ਵਾਹਿਗੁਰੂ ਨੂੰ ਵਾਹਿਗੁਰੂ ਕਹਿੰਦੇ ਹੋਂ, ਉਹਦਾ ਜਿਹੜਾ ਆਕਾਰ ਹੈ, ਉਹਦੀ ਜਿਹੜੀ ਹੋਂਦ ਹੈ, ਉਹ ਹਿਰਦੇ 'ਚ ਹੋਣੀ ਚਾਹੀਦੀ ਹੈ, ਉਹ ਹੈ ਪਿਆਰ ਦਾ ਰੂਪ। ਪਿਆਰ, ਪਿਆਰ ਦੇ ਨਾਲ ਮਿਲਿਆ ਕਰਦੈ। ਜਦੋਂ ਸਾਡੇ ਅੰਦਰ ਪਿਆਰ ਦੀ ਤਰੰਗ ਉਠੇਗੀ, ਯਾਦ ਸ਼ਕਤੀ ਵਧੇਗੀ ਤਾਂ ਪ੍ਰਮੇਸ਼ਰ ਦੇ ਦਰ ਤਕ ਪਹੁੰਚ ਜਾਏਗੀ। ਉਸ ਪਿਆਰ ਦੇ ਨਾਲ ਜਦੋਂ ਅਸੀਂ ਵਾਹਿਗੁਰੂ ਕਹਿੰਦੇ ਹਾਂ, ਉਧਰਲੇ ਪਾਸੇ ਵੀ ਹੁੰਦਾ ਹੈ। ਜਦੋਂ ਇਕ ਵਾਰੀ ਕਹਿੰਦੈ, ਉਧਰਲੇ ਪਾਸੇ ਅਸਰ ਜ਼ਿਆਦਾ ਹੁੰਦਾ ਹੈ। ਉਧਰਲੇ ਪਾਸੇ ਵੀ ਯਾਦ ਦੀ ਸ਼ਕਤੀ ਤੁਰ ਪੈਂਦੀ ਹੈ -

*ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,*
*ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।*
*ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,*
*ਸਿਮਰਨ ਤਾਂਹਿ ਬਾਰੰਬਰ ਗੁਰੁ ਹੇਤ ਹੈ।*
*ਕਬਿੱਤ, ਭਾਈ ਗੁਰਦਾਸ ਜੀ*

ਗੁਰੂ ਹੇਤ ਨਾਲ, ਪਿਆਰ ਨਾਲ ਉਹਦੇ ਵਲ ਧਿਆਨ ਦਿੰਦੈ। ਸੋ ਇਹ ਸਿਮਰਨ ਹੋਇਆ ਕਰਦਾ ਹੈ, ਯਾਦ ਦੇ ਨਾਲ ਉਹਦਾ ਨਾਮ ਜਪਣਾ।

ਤੀਸਰਾ ਹੋਇਆ ਕਰਦਾ ਹੈ ਕੀਰਤਨ। ਕੀਰਤਨ, ਕੀਰਤਨ ਦਾ ਰੂਪ ਹੋ ਕੇ ਕਰਨਾ। ਇਕ ਤਾਂ ਹੁੰਦੈ, ਵਾਜੇ ਦੀਆਂ ਸੁਰਾਂ ਘੁੰਮਾਈ ਜਾਣੀਆਂ। ਬੜੇ ਸੋਹਣੇ ਰਸੀਲੇ ਰਾਗ ਗਾਉਂਦੇ ਨੇ, ਆਰਟਿਸਟਾਂ ਨੂੰ ਬਹੁਤ ਵਧੀਆ ਗਾਉਣਾ ਆਉਂਦੈ। ਸਾਜ ਬੜੇ ਵਧੀਆ ਹੁੰਦੇ ਨੇ। ਬੋਲ ਬੜੇ ਸੋਹਣੇ ਉਹਨਾਂ ਨੇ ਕੰਟਰੋਲ 'ਚ ਕਰੇ ਹੁੰਦੇ ਨੇ। ਲੇਕਿਨ ਉਹਦੇ ਨਾਲ ਜਿਹੜੇ ਅੰਦਰਲੇ ਭਾਵ ਨੇ ਉਹ ਸਾਥ ਨਹੀਂ ਦੇ ਰਹੇ। ਆਰਟਿਸਟ ਹੈਗੇ। ਕੀਰਤਨ ਉਹ ਹੈ ਜਿੱਥੇ ਅੰਦਰਲੇ ਭਾਵ ਵੀ ਨਾਲ ਸਾਥ ਦੇਣ। ਸੋ ਮਹਾਰਾਜ ਕਹਿੰਦੇ, ਇਹ ਤੀਸਰੀ ਕਿਸਮ ਦੀ ਭਗਤੀ ਹੋਇਆ ਕਰਦੀ ਹੈ। ਚੌਥੀ ਹੋਇਆ ਕਰਦੀ ਹੈ ਪਾਦ ਸੇਵਨ। ਚਰਨਾਂ ਦੀ ਸੇਵਾ ਕਰਨੀ। ਪੰਜਵੀਂ ਹੁੰਦੀ ਹੈ ਪੂਜਾ ਦੀ। ਛੇਵੀਂ ਹੁੰਦੀ ਹੈ ਨਮਸ਼ਕਾਰ ਕਰਨਾ। ਸੱਤਵੀਂ ਹੁੰਦੀ ਹੈ ਦਾਸ ਬਣ ਜਾਣਾ, ਗੁਲਾਮ ਬਣ ਜਾਣਾ। ਗੁਲਾਮ ਬਣ ਕੇ ਉਹਦੀ ਰਜ਼ਾ 'ਚ ਰਹਿਣਾ, ਆਪਣਾ ਹੱਕ ਜ਼ਿੰਦਗੀ ਦਾ ਖੋ ਦੇਣਾ। ਜੇ ਸੁਖ ਦਿੰਦੈ ਤਾਂ ਵੀ ਉਹਦੀ ਮਿਹਰ ਹੈ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਅੰਗ- ੭੫੭*

ਦੁਖ ਨੂੰ ਪ੍ਰਮੇਸ਼ਰ ਵਲੋਂ ਆਇਆ ਮੰਨਦਾ ਹੈ -

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ- ੫*

ਕੋਈ ਵਿਰਲਾ ਹੈ ਜਿਹੜਾ ਇਸ ਖੇਲ੍ਹ 'ਚ ਖੇਲੇ। ਇਹ ਗੁਲਾਮ ਦਾ ਦਰਜਾ ਹੋਇਆ ਕਰਦੈ। ਗੁਲਾਮ ਦਾ ਕੋਈ ਅਧਿਕਾਰ ਨਹੀਂ ਦੁਨੀਆਂ 'ਚ ਹੋਇਆ ਕਰਦਾ। ਅਧਿਕਾਰ ਦੀ ਥਾਂ 'ਤੇ ਜੋ ਆਗਿਆ ਮਾਲਕ ਦੀ ਹੈ, ਉਹਦੇ ਮੁਤਾਬਿਕ ਉਹਨੂੰ ਚਲਣਾ ਪੈਂਦਾ ਹੈ। ਸੱਤਵੀਂ ਭਗਤੀ ਹੋਇਆ ਕਰਦੀ ਹੈ ਦਾਸ ਭਾਵ ਬਣ ਜਾਣਾ।

ਉਸ ਤੋਂ ਅਗਲੀ ਭਗਤੀ ਹੁੰਦੀ ਹੈ ਮਿੱਤਰ ਭਾਵਨਾ-

*ਮਿਤ੍ਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥ ਖਿਆਲ ਪਾਤਸ਼ਾਹੀ ੧੦*

ਕਿੰਨਾਂ ਪਿਆਰ ਹੈ ਕਿ ਤੇਰੇ ਬਗੈਰ ਮੈਨੂੰ ਰਜਾਈਆਂ ਵੀ ਚੰਗੀਆਂ ਨਹੀਂ ਲਗਦੀਆਂ, ਨਾਗ ਲਗਦੀਆਂ ਨੇ। ਸੋ ਉਸ ਤੋਂ ਬਾਅਦ ਹੋਇਆ ਕਰਦੀ ਹੈ ਪ੍ਰੇਮਾ ਭਗਤੀ। ਸਭ ਕੁਛ ਪ੍ਰਭੂ ਨੂੰ ਸਉਂਪ ਦੇਣਾ। ਸ਼ਰਨਾਗਤ ਭਗਤੀ ਹੁੰਦੀ ਹੈ, ਆਪਣਾ ਕੁਛ ਨਾ ਰੱਖਣਾ ਆਪਣੇ ਕੋਲ। ਤਨ ਵੀ ਉਹਦਾ, ਧਨ ਵੀ ਉਹਦਾ, ਮਨ ਵੀ ਉਹਦਾ। ਸਾਰਾ ਕੁਛ ਉਹਨੂੰ ਸੌਂਪ ਕੇ ਗੁਰੂ ਦੇ ਪਰਨੇ ਹੋ ਜਾਣਾ -

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ ॥ ਅੰਗ - ੯੨੦*

ਸੋ ਕਹਿਣ ਲੱਗੇ, ਬੇਟਾ! ਇਹ ਸਿਮਰਨ ਦੇ ਵਿਚ ਆ ਜਾਂਦੀ ਹੈ। ਯਾਦ ਰੱਖਣ ਵਾਸਤੇ ਮਹਾਂਪੁਰਸ਼ ਜੁਗਤ ਦਸਦੇ ਹਨ ਕਿ ਪਹਿਲਾਂ ਤੂੰ ਕਿਹਾ ਕਰੀਂ ਤੋਤੇ ਨੂੰ ਰਾਮ-ਰਾਮ। ਫੇਰ ਤੋਤਾ ਬੋਲੇਗਾ, ਇਹ ਰਸਨਾ ਦੇ ਨਾਲ ਨਾਮ ਜਪਣਾ ਹੁੰਦਾ ਹੈ। ਜਿਹੜਾ ਰਸਨਾ ਦੇ ਨਾਲ ਨਾਮ ਨਹੀਂ ਜਪਦਾ, ਉਹਦੇ ਬਾਰੇ ਐਸਾ ਫੁਰਮਾਨ ਹੈ ਮਹਾਰਾਜ ਜੀ ਦਾ -

*ਧਾਰਨਾ - ਜਿਹੜੀ ਰਸਨਾ ਨਾਮ ਨਾ ਜਪਦੀ,*
*ਤਿਲ-ਤਿਲ ਕਰ ਕੱਟੀਏ।*
*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥*
*..........................................*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
*ਅੰਗ- ੧੩੬੨*

ਜਿਹੜੇ ਸਤਿਗੁਰ ਦੇ ਦਰਸ਼ਨ ਨਹੀਂ ਕਰਦੇ ਕਦੇ। ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਕਰਦੇ, ਕਹਿੰਦੇ ਉਹ ਨੈਣ ਬੰਦ ਕਰ ਦਿਓ। ਕਿਉਂਕਿ ਐਸਾ ਪ੍ਰਭਾਵ ਪੈਦਾ ਕਰ ਲੈਣਗੇ ਦੇਖ-ਦੇਖ ਕੇ, ਜਿਹਦੇ ਨਾਲ ਬਿਰਤੀ ਗੰਧਲੀ ਹੋ ਜਾਏਗੀ, ਮੈਲੀ ਹੋ ਜਾਏਗੀ ਤੇ ਸਾਧੂਆਂ ਦੇ ਦਰਸ਼ਨ ਕਰਕੇ ਅੰਦਰ ਸ਼ਾਂਤੀ ਆਏਗੀ। ਅੰਦਰਲੇ ਪਾਸੇ ਗਿਆਨ ਆਏਗਾ। ਦਰਸ਼ਨ ਦਾ ਫਲ ਪ੍ਰਾਪਤ ਹੋਏਗਾ। ਕਰਨ ਨ

*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥*
*ਅੰਗ - ੧੩੬੨*

ਜਿਹੜੇ ਕੰਨ ਹਰੀ ਦਾ ਜਸ ਸਰਵਣ ਨਹੀਂ ਕਰਦੇ। ਕਹਿੰਦੇ, ਉਹਨਾਂ ਨੂੰ ਬੰਦ ਕਰ ਦਿਓ, ਨਿੰਦਿਆ ਤਾਂ ਨਹੀਂ ਸੁਣਨਗੇ। ਚੁਗਲੀਆਂ ਦੀ ਗੱਲ ਤਾਂ ਨਹੀਂ ਸੁਣਨਗੇ। ਈਰਖਾ ਦੀਆਂ ਗੱਲਾਂ ਤਾਂ ਨਹੀਂ ਸੁਣਨਗੇ। ਪਾਪ ਹੋ ਜਾਏਗਾ ਜੇ ਇਹੀ ਰਸਨਾ ਜੇ ਇਹਦਾ ਦੁਰ-ਉਪਯੋਗ ਹੋ ਜਾਵੇ। ਕਿੱਡਾ ਵੱਡਾ ਨੁਕਸਾਨ ਕਰਦੀ ਹੈ। ਧਿਆਨ ਨਾਲ ਸੁਣੋ, ਮੈਂ ਕਈ ਵਾਰ ਦੱਸਿਆ ਹੈ, ਹਿਰਦੇ 'ਚ ਵਸਾਓ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਤਿਸੰਗ ਦਾ ਮਹਾਤਮ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਚਲੋ ਸੁਣਨ ਦੀ ਅਵਸਥਾ ਜਿਹੜੀ ਹੈ ਉਹਨੂੰ ਨਾ ਵਿਚਾਰੋ। ਉਹ ਬਹੁਤ ਉਚੀ ਬਾਤ ਹੋਇਆ ਕਰਦੀ ਹੈ ਜਿੱਥੇ ਸੁਣਨ ਦੀ ਬਾਤ ਆਇਆ ਕਰਦੀ ਹੈ। ਕਹਿੰਦੇ ਸੁਣਨ ਮਾਤਰ ਨਾਲ ਕਈ ਕਰੋੜ ਯੱਗਾਂ ਦਾ ਫਲ ਮਿਲ ਜਾਇਆ ਕਰਦਾ ਹੈ। ਜੇ ਪੂਰੀ ਵਿਧੀ ਨਾਲ ਸੁਣੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ- ੬੬੯*

ਥਾਂ ਪੈ ਗਿਆ ਸਾਡਾ ਸਮਝ ਲਓ ਕਿ ਸਾਡੇ ਇਕ-ਇਕ ਦਿਨ ਦੇ ਵਧੇ ਪੁੰਨ ਖਰਬਾਂ 'ਚ ਚਲੇ ਗਏ। ਜ਼ਰਬ ਦਿੰਦੇ ਜਾਓ, ਖਰਬਾਂ 'ਚ ਚਲੇ ਜਾਣਗੇ। ਉਹ ਜਾਂਦੇ ਕਿੱਥੇ ਨੇ ਸਾਡੇ? ਸਾਰੀ ਜ਼ਿੰਦਗੀ ਕੀਰਤਨ ਸੁਣਦਿਆਂ ਦੀ ਲੰਘ ਗਈ, ਸੰਤਾਂ ਦੇ ਦਰਸ਼ਨ ਕਰਦਿਆਂ ਦੀ ਲੰਘ ਗਈ। ਉਹ ਫਲ ਗਿਆ ਕਿੱਥੇ? ਸਾਡੀ ਝੋਲੀ 'ਚ ਤਾਂ ਹੈ ਨਹੀਂ। ਮਹਾਰਾਜ ਕਹਿੰਦੇ, ਦੋਸ਼ ਕੀਹਨੂੰ ਹੈ? ਤੇਰੀ ਝੋਲੀ ਪਾਟੀ ਹੋਈ ਹੈ, ਸ਼ਰਧਾ ਤੋਂ ਹੀਣੀ ਹੈ। ਤੂੰ ਉਹਨਾਂ ਨੂੰ ਸਾਂਭ ਨਹੀਂ ਸਕਿਆ। ਝੋਲੀ ਵਿਚੋਂ ਗਿਰ ਗਏ। ਬਾਕੀ ਜਿਹੜੇ ਤੇਰੇ ਕਿਰਦਾਰ ਨੇ ਉਹ ਐਨੇ ਗਲਤ ਹੋ ਗਏ ਕਿ ਇਹਨਾਂ ਪੁੰਨਾਂ ਨੂੰ ਸੁਆਹ ਬਣਾ ਦਿਤਾ। ਕਿਵੇਂ ਬਣਦੈ? ਕਰੋੜਾਂ ਦੀਆਂ ਰਕਮਾਂ ਲਿਖ ਕੇ ਵੀਹ-ਪੱਚੀ ਕਰੋੜਾਂ ਦੀਆਂ ਰਕਮਾਂ ਲਿਖ ਲਓ ਤੇ ਉਹਨਾਂ ਨੂੰ ਗੁਣਾਂ ਕਰਨ ਲਗ ਜਾਓ ਜਾਂ ਮਲਟੀਪਲਾਈ ਕਰਨ ਲਗ ਜਾਓ। ਕਰੀ ਜਾਓ, ਭਰ ਲਓ ਕਾਗਜ਼। ਆਖਰੀ ਗੱਲ ਉਹਨੇ ਬੋਲੀ ਨਹੀਂ ਟੀਚਰ ਨੇ। ਕੈਲਕੂਲੇਟਰ ਦੀ ਮਦਦ ਨਾਲ ਦੇਈ ਜਾਓ ਜ਼ਰਬਾਂ। ਰਕਮ ਬੇਅੰਤ ਆ ਗਈ, 55 ਸਿਫਰਿਆਂ ਤਕ ਅਸੀਂ ਜਾਣਦੇ ਹਾਂ ਗਿਣਨ, ਉਥੇ ਤਕ ਚਲੀ ਗਈ। ਜਦੋਂ ਸਾਰਾ ਕੁਛ ਕਰ ਲਿਆ, ਕਹਿੰਦੇ ਕੱਢ ਲਿਆ? ਕਹਿੰਦੇ, ਹਾਂ ਜੀ। ਕਹਿੰਦੇ ਹੁਣ ਇਹਨੂੰ ਜ਼ੀਰੋ ਨਾਲ ਜ਼ਰਬ ਦੇ ਦਿਓ। ਕੀ ਬਣ ਗਿਆ? ਜ਼ੀਰੋ ਬਣ ਗਿਆ। ਕਿਉਂਕਿ ਗਲਤ ਸਟੈਪ ਲੈ ਲਿਆ। ਸਾਵਧਾਨੀ ਨਾ ਵਰਤੀ। ਉਹ ਰਕਮ ਜਿਹੜੀ 55 ਸਿਫਰਿਆਂ ਵਾਲੀ ਸੀ ਇਕ ਜ਼ੀਰੋ ਨੇ ਜ਼ੀਰੋ ਬਣਾ ਦਿਤੀ। ਗਣਿਤ ਹੈ ਇਹ ਸਾਰਾ। ਇਸੇ ਤਰ੍ਹਾਂ ਜੋ ਗੁਰੂ ਦੀ ਇਲਾਹੀ ਬਾਣੀ ਹੈ ਉਹ ਸਾਨੂੰ ਕਹਿੰਦੀ ਹੈ ਕਿ ਜੇ ਤੁਸੀਂ ਸਾਰੇ ਕਰਮ ਧਰਮ, ਤੀਰਥ ਯਾਤਰਾ ਕਰ ਲਈਆਂ। ਕਾਹਬੇ ਵੀ ਜਾ ਆਏ, ਹਜ਼ੂਰ ਸਾਹਿਬ ਵੀ ਜਾ ਆਏ। ਅਠਾਹਠ ਤੀਰਥਾਂ ਦਾ ਇਸ਼ਨਾਨ, ਮੰਦਰ ਕੋਈ ਨਹੀਂ ਛੱਡਿਆ। ਸਾਧੂਆਂ, ਸੰਤਾਂ ਦੇ ਬੇਅੰਤ ਦਰਸ਼ਨ ਕਰ ਲਏ। ਕੀ ਹੋਏਗਾ? ਵੱਡੀ ਭਾਰੀ ਰਕਮ ਸਾਡੇ ਪੁੰਨਾਂ ਦੀ ਬਣ ਗਈ। ਪਰ ਕਹਿੰਦੇ, ਪਿਆਰਿਆ -

*ਕਰੈ ਨਿੰਦ ਸਭ ਬਿਰਥਾ ਜਾਵੈ ॥ ਅੰਗ- ੮੭੫*

ਜੇ ਇਕ ਵਾਰੀ ਤੂੰ ਨਿੰਦਿਆ ਕਰ ਦਿਤੀ ਇਹ ਸਾਰੀ ਬਿਰਥਾ ਹੋ ਜਾਂਦੀ ਹੈ -

*ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,*
*ਮਨਮੁਖ ਲੋਕੀ ਕਰਦੇ ਨੇ।*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ- ੭੫੫*

*'ਚਲਦਾ.....................।*

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-38)*

ਪੀਰ ਨਿਜ਼ਾਮੁਦੀਨ ਔਲੀਆ ਦਿੱਲੀ ਵਿਚ ਹੋਏ ਹਨ ਜੋ ਫਰੀਦ ਜੀ ਤੋਂ ਤੀਜੀ ਥਾਂ ਤੇ ਸਨ। ਉਨ੍ਹਾਂ ਦੇ ਬਹੁਤ ਸਾਰੇ ਮੁਰੀਦਾਂ ਵਿਚੋਂ ਇਕ ਦਾ ਨਾਮ ਅਮੀਰ ਖੁਸਰੋ ਸੀ ਜੋ ਦਿੱਲੀ ਦੇ ਬਾਦਸ਼ਾਹਾਂ ਦਾ ਰਾਜ ਕਵੀ ਸੀ ਤੇ ਬਦਾਯੂੰ ਦਾ ਰਹਿਣ ਵਾਲਾ ਸੀ। ਜਦੋਂ ਰਿਟਾਇਰ ਹੋਇਆ, ਬਹੁਤ ਸਾਰੇ ਤੋਹਫੇ, ਇਨਾਮ, ਦੌਲਤ ਤੇ ਵਸਤਾਂ ਆਦਿ ਮਿਲੀਆਂ, ਸਾਰਾ ਕੁਝ ਊਠਾਂ ਤੇ ਲੱਦ ਕੇ ਤੁਰ ਪਿਆ। ਦੇਵਨੇਤ ਨਾਲ ਇਕ ਗਰੀਬ ਬੰਦਾ ਜਿਸ ਦੀ ਲੜਕੀ ਦੀ ਸ਼ਾਦੀ ਸੀ, ਉਹ ਵੀ ਔਲੀਆ ਜੀ ਪਾਸ ਮਦਦ ਲਈ ਪਹੁੰਚ ਗਿਆ। ਪੀਰ ਜੀ ਕਹਿਣ ਲੱਗੇ, ਭਾਈ ਪ੍ਰੇਮੀਆਂ! ਅਸੀਂ ਪੈਸਾ ਟਕਾ ਜਮ੍ਹਾਂ ਨਹੀਂ ਰਖਦੇ ਨਾਲ ਦੀ ਨਾਲ ਖਰਚ ਹੋ ਜਾਂਦਾ ਹੈ, ਕਲ੍ਹ ਨੂੰ ਜੋ ਸਾਨੂੰ ਮੱਥਾ ਟੇਕਣਗੇ ਤੂੰ ਲੈ ਜਾਵੀਂ। ਦੂਜੇ ਦਿਨ ਕੋਈ ਚੜ੍ਹਾਵਾ ਨਾ ਆਇਆ ਤਾਂ ਉਨ੍ਹਾਂ ਨੇ ਆਪਣਾ ਜੋੜਾ ਦੇ ਕੇ ਕਿਹਾ ਕਿ ਇਸ ਨੂੰ ਵੇਚ ਕੇ ਤੇਰਾ ਕਾਰਜ ਹੋ ਜਾਵੇਗਾ। ਰਸਤੇ 'ਚ ਇਕ ਕੌਤਕ ਵਰਤਿਆ ਕਿ ਜਿੱਥੇ ਅਮੀਰ ਖੁਸਰੋ ਜਿਸ ਸਰਾਂ ਵਿਚ ਠਹਿਰਿਆ ਸੀ, ਇਹ ਗਰੀਬ ਬੰਦਾ ਵੀ ਉਥੇ ਠਹਿਰ ਗਿਆ। ਆਪਸੀ ਗੱਲ ਬਾਤ ਰਾਹੀਂ ਇਸ ਨੇ ਖੁਸਰੋ ਨੂੰ ਔਲੀਆ ਜੀ ਬਾਰੇ ਦੱਸਿਆ ਕਿ ਮੈਂ ਪੀਰ ਜੀ ਕੋਲ ਪੈਸੇ ਦੀ ਮਦਦ ਲੈਣ ਗਿਆ ਸੀ ਪਰ ਉਨ੍ਹਾਂ ਨੇ ਮੈਨੂੰ ਆਪਣਾ ਆਹ ਜੋੜਾ ਦਿਤਾ ਹੈ। ਕਹਿੰਦਾ ਲਿਆ ਦਿਖਾ, ਜੁੱਤੀ ਫੜ ਕੇ ਮਸਤਕ ਨਾਲ ਲਾਈ, ਫੇਰ ਸੀਸ ਤੇ ਰੱਖ ਲਈ। ਖੁਸਰੋ ਕਹਿੰਦਾ ਇਹ ਤਾਂ ਬੇਮੁੱਲੀ ਚੀਜ਼ ਹੈ, ਕਿੰਨੇ ਦੀ ਦੇਣੀ ਹੈ? ਉਸ ਨੇ ਕਿਹਾ ਕਿ ਦੋ ਚਾਰ ਆਨੇ ਹੋਵੇਗੀ, ਇਕ ਦੋ ਰੁਪਏ ਦੀ ਹੋਵੇਗੀ, ਹੋਰ ਇਸ ਤੋਂ ਵੱਧ ਕੀ ਹੋ ਸਕਦੀ ਹੈ। ਖੁਸਰੋ ਕਹਿਣ ਲੱਗਾ, ਮੈਂ ਇਸ ਦਾ ਪੂਰਾ ਮੁੱਲ ਤਾਂ ਨਹੀਂ ਦੇ ਸਕਦਾ ਪਰ ਜੇ ਤੈਨੂੰ ਮਨਜ਼ੂਰ ਹੈ ਤਾਂ ਮੇਰੀ ਜ਼ਿੰਦਗੀ ਭਰ ਦੀ ਕਮਾਈ ਦਾ ਧਨ ਜੋ ਊਠਾਂ 'ਤੇ ਲੱਦਿਆ ਹੋਇਆ ਹੈ, ਸਾਰਾ ਲੈ ਲੈ ਤੇ ਮੈਨੂੰ ਮੁਰਸ਼ਦ ਦਾ ਜੋੜਾ ਦੇਣ ਦੀ ਕਿਰਪਾ ਕਰ। ਇਸ ਕਰਕੇ ਜਿਹੜੇ ਅਸਲੀ ਸੇਵਕ ਹੁੰਦੇ ਹਨ, ਉਹ ਗਿਣਤੀਆਂ ਮਿਣਤੀਆਂ ਨਹੀਂ ਕਰਦੇ, ਸਭ ਕੁਝ ਗੁਰੂ ਤੋਂ ਵਾਰ ਦਿਆ ਕਰਦੇ ਹਨ।

*ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥*
*ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥*
*ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥*
*ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥*

*ਅੰਗ- ੪੭੪*

ਜੋੜੇ ਬਦਲੇ ਸਾਰਾ ਕੁਝ ਭੇਟ ਕਰਕੇ ਪੀਰ ਕੋਲ ਪਹੁੰਚ ਕੇ ਨਮਸ਼ਕਾਰ ਕੀਤੀ ਤੇ ਪੀਰ ਕਹਿਣ ਲੱਗੇ ਖੁਸਰੋ! ਤੂੰ ਤਾਂ ਛੁੱਟੀ ਲੈ ਕੇ ਘਰ ਜਾ ਰਿਹਾ ਸੀ ਤੇ ਹੁਣ ਵਾਪਸ ਕਿਵੇਂ ਆ ਗਿਆ? ਕਹਿੰਦਾ, ਪੀਰ ਜੀ! ਮੇਰੀ ਭੁੱਲ ਮਾਫ ਕਰਨੀ, ਆਪ ਨੇ ਕਿਰਪਾ ਕਰਕੇ ਜੋੜਾ ਭੇਜ ਕੇ ਮੈਨੂੰ ਵਾਪਸ ਬੁਲਾ ਲਿਆ। ਜ਼ਬਰਦਸਤ ਤਿਆਗ ਨੂੰ ਦੇਖ ਕੇ ਪੀਰ ਜੀ ਅੰਦਰੋਂ ਬਹੁਤ ਪ੍ਰਸੰਨ ਹੋਏ ਕਿ ਇਸ ਨੇ ਜੁੱਤੀ ਬਦਲੇ ਸਾਰੀ ਜ਼ਿੰਦਗੀ ਦੀ ਕਮਾਈ ਦੇ ਦਿਤੀ ਪਰ ਬਾਹਰੋਂ ਜ਼ਾਹਰ ਨਹੀਂ ਹੋਣ ਦਿਤਾ ਤੇ ਖੁਸਰੋ ਨੂੰ ਵੀ ਸੇਵਾ ਵਿਚ ਲਾ ਲਿਆ। ਪੀਰ ਜੀ ਨੇ ਸੋਚਿਆ ਕਿ ਸਰੀਰ ਦਾ ਸਮਾਂ ਥੋੜ੍ਹਾ ਹੈ, ਗੱਦੀ ਦੇਣ ਵਾਸਤੇ ਚੇਲਿਆਂ ਦੀ ਪਰਖ ਕਰ ਲਈਏ। ਚੇਲਿਆਂ ਨੂੰ ਨਾਲ ਲੈ ਕੇ ਤੁਰ ਪਏ ਕਹਿੰਦੇ ਦਿੱਲੀ ਦੀ ਸੈਰ ਕਰਨੀ ਹੈ ਤੇ ਚਲਦੇ-ਚਲਦੇ ਵੇਸਵਾਵਾਂ ਦੇ ਬਜ਼ਾਰ ਪਹੁੰਚ ਗਏ। ਇਹ ਸੁਣ ਕੇ ਬਹੁਤ ਸਾਰੇ ਚੇਲੇ ਖਿਸਕ ਗਏ ਕਿ ਪੀਰ ਜੀ ਤਾਂ ਗਲਤ ਪਾਸੇ ਜਾ ਰਹੇ ਹਨ। ਪੀਰ ਜੀ ਅੱਗੇ ਜਾ ਕੇ ਇਕ ਵੇਸਵਾ ਦੇ ਚੁਬਾਰੇ ਚੜ੍ਹ ਗਏ ਤੇ ਉਸ ਵਲ ਦ੍ਰਿਸ਼ਟੀ ਕਰਕੇ ਸੁਰਤ ਬਦਲ ਦਿਤੀ ਜਿਵੇਂ 22 ਸਾਲ ਦੇ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਨੇ ਬਦਲ ਦਿਤੀ ਸੀ। ਕਹਿਣ ਲੱਗੇ ਬੇਟੀ! ਮੈਂ ਤੇਰੇ ਕੋਲੋਂ ਇਕ ਔਖਾ ਕੰਮ ਕਰਵਾਉਣਾ ਹੈ, ਕੀ ਮੇਰੀ ਮਦਦ ਕਰੇਂਗੀ? ਕਹਿਣ ਲੱਗੀ ਫਕੀਰ ਸਾਂਈਂ ਹੁਕਮ ਕਰੋ, ਜੋ ਕਹੋਗੇ ਮੈਂ ਕਰਾਂਗੀ। ਕਹਿਣ ਲੱਗੇ ਮੇਰੇ 32 ਚੇਲੇ ਹੇਠਾਂ ਖੜ੍ਹੇ ਹਨ, ਕੋਈ ਅਜਿਹਾ ਮਾਇਆ ਜਾਲ ਰਚ ਕੇ ਸਾਰੇ ਹੀ ਭੱਜ ਜਾਣ। ਕਹਿਣ ਲੱਗੀ, ਹਜ਼ੂਰ! ਗੁਸਤਾਖੀ ਮਾਫ ਕਰਿਓ, ਇਹ ਤਾਂ ਮੇਰੇ ਵਾਸਤੇ ਮਾਮੂਲੀ ਕੰਮ ਹੈ, ਤੁਸੀਂ ਅੰਦਰ ਆਰਾਮ ਕਰੋ, ਸਵੇਰ ਤੱਕ ਇਥੇ ਕੋਈ ਨਹੀਂ ਰਹੇਗਾ। ਉਸ ਨੇ ਚੇਲਿਆਂ ਨੂੰ ਉਚੀ ਆਵਾਜ਼ ਵਿਚ ਸੁਣਾ ਕੇ ਆਪਣੇ ਨੌਕਰਾਂ ਨੂੰ ਕਿਹਾ ਕਿ ਪੀਰ ਜੀ ਜਦ ਤਕ ਅੰਦਰ ਹਨ, ਦੂਜਾ ਕੋਈ ਬੰਦਾ ਅੰਦਰ ਨਾ ਆਵੇ, ਨਾਲੇ ਉਨ੍ਹਾਂ ਵਾਸਤੇ ਸ਼ਰਾਬ-ਕਬਾਬ ਲੈ ਕੇ ਆਓ। ਇਹ ਸੁਣ ਕੇ ਅੱਧੇ ਚੇਲੇ ਖਿਸਕ ਗਏ। ਕਹਿਣ ਲੱਗੇ ਇਹ ਤਾਂ ਕੱਚਾ ਹੈ ਜਿਹੜਾ ਪੀਰ ਹੋ ਕੇ ਰਸਾਂ-ਕਸਾਂ ਵਿਚ ਪੈ ਗਿਆ। ਜਦ ਰਾਤ ਦੇ 10 ਵੱਜ ਗਏ ਤਾਂ ਵੇਸਵਾ ਨੇ ਬਾਹਰ ਆ ਕੇ ਕਿਹਾ ਕਿ ਪੀਰ ਜੀ ਤਾਂ ਰਾਤ ਨੂੰ ਇਥੇ ਹੀ ਰਹਿਣਗੇ, ਇਹ ਸੁਣ ਕੇ ਜਿਹੜੇ ਬਾਕੀ ਸਨ ਉਹ ਵੀ ਖਿਸਕ ਗਏ। ਉਸ ਨੇ ਦੱਸਿਆ ਕਿ ਪੀਰ

ਜੀ! ਬਾਕੀ ਸਭ ਚੇਲੇ ਗਏ ਕੇਵਲ ਇਕ ਬਾਕੀ ਰਹਿ ਗਿਆ ਹੈ। ਕਹਿੰਦੇ ਉਸ ਨੂੰ ਵੀ ਡਰਾ-ਧਮਕਾ ਕੇ, ਕੁੱਟ-ਮਾਰ ਕਰਕੇ ਭਜਾਓ। ਇਸੇ ਤਰ੍ਹਾਂ ਨਾਲ ਕੀਤਾ ਪਰ ਉਹ ਨਹੀਂ ਗਿਆ ਤੇ ਉਤੇ ਜਾ ਕੇ ਦਸਿਆ। ਕਹਿੰਦੇ ਪੀਰ ਜੀ! ਅਸੀਂ ਬਥੇਰਾ ਉਸ ਨੂੰ ਕਈ ਵਾਰ ਕੁੱਟ ਮਾਰ ਕੇ, ਬੇਹੋਸ਼ ਕਰਕੇ, ਕੁੱਤੇ ਵਾਂਗ ਘਸੀਟ ਕੇ ਦੂਰ ਛੱਡ ਆਏ ਸੀ ਪਰ ਉਹ ਫੇਰ ਵਾਪਸ ਆ ਜਾਂਦਾ ਹੈ। ਪੀਰ ਜੀ ਬਾਹਰ ਆ ਕੇ ਕਹਿਣ ਲੱਗੇ ਓਇ ਖੁਸਰੋ! ਜਦ ਬਾਕੀ ਦੇ ਸਾਰੇ ਚਲੇ ਗਏ ਤੂੰ ਕਿਉਂ ਨਹੀਂ ਗਿਆ? ਉਠ ਕੇ ਹੱਥ ਜੋੜ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ ਹਜ਼ੂਰ! ਜਿਨ੍ਹਾਂ ਦਾ ਕੋਈ ਥਾਂ ਸੀ ਉਹ ਚਲੇ ਗਏ ਪਰ ਮੇਰਾ ਤਾਂ ਥਾਂ ਹੀ ਤੁਹਾਡੇ ਚਰਨਾਂ ਵਿਚ ਹੈ, ਫਿਰ ਦੱਸੋ ਮੈਂ ਹੋਰ ਕਿਥੇ ਜਾਵਾਂ?

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*

*ਅੰਗ- ੭੯੧*

ਉਸ ਵੇਲੇ ਪੀਰ ਜੀ ਹੇਠਾਂ ਉਤਰ ਆਏ ਅਤੇ ਖੁਸਰੋ ਨੂੰ ਪਿਆਰ ਨਾਲ ਬੁੱਕਲ ਵਿਚ ਲੈ ਲਿਆ ਤੇ ਦੋਵਾਂ ਦੇ ਨੇਤਰਾਂ ਵਿਚੋਂ ਪਿਆਰ ਦਾ ਜਲ ਵਹਿ ਤੁਰਿਆ। ਪੀਰ ਨੇ ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ ਦਿਤੇ ਤੇ ਕਿਹਾ ਖੁਸਰੋ! ਹੁਣ ਤੇਰੇ ਤੇ ਮੇਰੇ ਵਿਚ ਕੋਈ ਫਰਕ ਨਹੀਂ ਰਿਹਾ ਕਿਉਂਕਿ ਤੂੰ ਕਸਵੱਟੀ ਵਿਚੋਂ ਪਾਸ ਹੋ ਗਿਆ।

ਹੁਣ ਫਰੀਦ ਜੀ ਉਤੇ ਵੀ ਪੀਰ ਦੀ ਕਸਵੱਟੀ ਲੱਗ ਗਈ, ਠੰਡ ਦੇ ਮੌਸਮ ਵਿਚ ਰਾਤ ਨੂੰ ਛਾਛੜੇ ਦਾ ਮੀਂਹ ਪੈਣ ਲੱਗ ਗਿਆ ਤੇ ਚੁੱਲੇ ਵਿਚ ਜਿਹੜੀ ਅੱਗ ਰੱਖੀ ਹੋਈ ਸੀ ਉਹ ਬੁਝ ਗਈ। ਪੀਰ ਜੀ ਦੇ ਇਸ਼ਨਾਨ ਲਈ ਪਾਨੀ ਗਰਮ ਕਰਨ ਲੱਗਾ ਤਾਂ ਦੇਖਿਆ ਅੱਗ ਹੈ ਨਹੀਂ, ਸੋਚਾਂ ਵਿਚ ਪੈ ਗਿਆ। ਕਹਿੰਦਾ ਜੇ ਨਾਗਾ ਪੈ ਗਿਆ, ਪੀਰ ਨਰਾਜ਼ ਹੋ ਗਿਆ, ਸਾਰੀ ਮਿਹਨਤ ਬੇਕਾਰ ਚਲੀ ਜਾਵੇਗੀ ਕਿਉਂਕਿ ਸੇਵਾ ਔਖੀ ਬਹੁਤ ਹੈ ਪਰ ਸੁਖਦਾਇਕ ਹੈ। ਕਹਿੰਦੇ ਜੋ ਮਰਜ਼ੀ ਹੋ ਜਾਵੇ ਪਰ ਮੇਰੀ ਪਿਆਰੇ ਨਾਲੋਂ ਪ੍ਰੀਤ ਨਹੀਂ ਟੁੱਟਣੀ ਚਾਹੀਦੀ ਕਿਉਂਕਿ ਮੁਰਸ਼ਦ ਨੂੰ ਖੁਸ਼ ਰੱਖਣ ਨਾਲ ਹੀ ਸਭ ਕੁਝ ਬਚ ਸਕਦਾ ਹੈ, ਜੇ ਨਰਾਜ਼ ਹੋ ਗਿਆ ਫੇਰ ਕੱਖ ਨਹੀਂ ਬਚਣਾ।

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*

*ਅੰਗ- ੧੪੨੨*

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥*

*ਅੰਗ- ੧੩੭੯*

ਮੀਂਹ ਪੈਂਦੇ ਵਿਚ ਅੱਗ ਲੈਣ ਵਾਸਤੇ ਸ਼ਹਿਰ ਵਲ ਨੂੰ ਤੁਰ ਪਿਆ, ਇਕ ਗਲੀ ਵਿਚ ਦੇਖਿਆ ਕਿਸੇ ਘਰ ਦੇ ਬੂਹੇ ਦੀਆਂ ਝੀਥਾਂ ਵਿਚੋਂ ਰੋਸ਼ਨੀ ਆ ਰਹੀ ਹੈ ਤੇ ਕੁੰਡਾ ਖੜਕਾ ਦਿਤਾ। ਅੰਦਰੋਂ ਇਕ ਬੀਬੀ ਦੀ ਆਵਾਜ਼ ਆਈ ਕਹਿੰਦੀ, ਐਸ ਵੇਲੇ ਅੱਧੀ ਰਾਤ ਨੂੰ ਕੌਣ ਹੈ? ਕਹਿਣ ਲੱਗੇ ਬੇਟੀ! ਮੈਂ ਪੀਰ ਜੀ ਦਾ ਮੁਰੀਦ ਫਰੀਦ ਹਾਂ, ਮੈਨੂੰ ਤੇਰੇ ਨਾਲ ਕੰਮ ਹੈ। ਕਹਿਣ ਲੱਗੀ, ਤੈਨੂੰ ਪਤਾ ਨਹੀਂ, ਇਹ ਵੇਸਵਾ ਦਾ ਘਰ ਹੈ, ਇਥੇ ਤਾਂ ਸਿੱਧੇ ਨਰਕਾਂ ਦੇ ਟਿਕਟ ਮਿਲਦੇ ਹਨ। ਕਹਿਣ ਲੱਗਾ ਬੀਬਾ ਗੁੱਸੇ ਨਾ ਹੋ, ਬੂਹਾ ਖੋਲ੍ਹ, ਮੈਨੂੰ ਪੀਰ ਦੇ ਇਸ਼ਨਾਨ ਵਾਸਤੇ ਅੱਗ ਚਾਹੀਦੀ ਹੈ ਕਿਉਂਕਿ ਡੇਰੇ ਵਿਚ ਮੀਂਹ ਪੈਣ ਨਾਲ ਅੱਗ ਬੁਝ ਗਈ ਹੈ। ਬੂਹਾ ਖੋਲ੍ਹ ਦਿਤਾ ਤੇ ਕਹਿਣ ਲੱਗੀ ਤੂੰ ਸੌਣ ਵੀ ਨਹੀਂ ਦਿੰਦਾ। ਜੇ ਪੀਰ ਥੋੜ੍ਹੀ ਦੇਰ ਬਾਦ ਇਸ਼ਨਾਨ ਕਰ ਲਵੇਗਾ ਤਾਂ ਕੀ ਫਰਕ ਪੈ ਜਾਵੇਗਾ। ਕਹਿੰਦਾ ਬੀਬਾ! ਮੇਰਾ ਨੇਮ ਟੁੱਟ ਜਾਵੇਗਾ, ਮੈਨੂੰ ਅੱਗ ਦਾ ਕੋਲਾ ਦੇਣ ਦੀ ਕਿਰਪਾ ਕਰ। ਸਖਤ ਹੋ ਗਈ, ਕਹਿੰਦੀ ਫਰੀਦ! ਮੁਫਤ ਨਹੀਂ ਮਿਲਣੀ ਬਦਲੇ ਵਿਚ ਸਰੀਰ ਦਾ ਕੋਈ ਅੰਗ ਦੇਣਾ ਪਵੇਗਾ। ਕਹਿੰਦਾ, ਬੀਬੀ ਸਰੀਰ ਦਾ ਜਿਹੜਾ ਮਰਜੀ ਅੰਗ ਲੈ ਕਿਉਂਕਿ "ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆ ਦੀ ਖਾਨ। ਤਨ ਦਿਤਿਆਂ ਜੇ ਹਰਿ ਮਿਲੇ ਤਾਂ ਭੀ ਸਸਤਾ ਜਾਣ।" ਕਹਿੰਦੀ ਅੱਖ ਦਾ ਡੇਲਾ ਦੇਣਾ ਪਵੇਗਾ। ਚਾਕੂ ਤੇ ਪਲੇਟ ਲਿਆ ਕੇ ਅੱਗੇ ਰੱਖ ਦਿਤੀ ਤੇ ਫਰੀਦ ਜੀ ਨੇ ਅੱਗੇ ਅੱਖ ਕਰਕੇ ਕਹਿੰਦੇ ਬੀਬਾ! ਚਾਕੂ ਨਾਲ ਕੱਢ ਲਵੋ। ਕਹਿੰਦੀ ਮੈਂ ਨਹੀਂ ਕੱਢਣੀ, ਆਪਣੇ ਹੱਥ ਨਾਲ ਕੱਢ ਕੇ ਦੇਵੋ। ਸਾਧਸੰਗਤ ਜੀ! ਇਹ ਕੋਈ ਮਾਮੂਲੀ ਬਾਤ ਨਹੀਂ, ਕਹਿ ਦੇਣਾ ਬਹੁਤ ਸੌਖਾ ਹੈ ਪਰ ਪ੍ਰੇਮ ਨਿਭਾਉਣਾ ਬਹੁਤ ਔਖਾ ਹੁੰਦਾ ਹੈ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

ਉਸ ਵੇਲੇ ਆਪ ਚਾਕੂ ਫੜ ਕੇ ਅੱਖ ਵਿਚੋਂ ਡੇਲਾ ਕੱਢ ਕੇ ਪਲੇਟ ਵਿਚ ਰੱਖ ਦਿਤਾ ਤੇ ਪੱਗ ਫਾੜ ਕੇ ਅੱਖ ਦੇ ਜ਼ਖਮ ਉਤੇ ਪੱਟੀ ਬੰਨ੍ਹ ਲਈ। ਅੱਗ ਲੈ ਕੇ ਡੇਰੇ ਪਹੁੰਚ ਗਿਆ, ਪਾਣੀ ਗਰਮ ਕਰਕੇ ਮੁਰਸ਼ਦ ਦਾ ਇਸ਼ਨਾਨ ਕਰਵਾ ਦਿਤਾ। ਕੋਈ ਗੱਲ ਨਹੀਂ ਕੀਤੀ, ਕੋਈ ਹਾਇ-ਤੋਬਾ ਨਹੀਂ ਕੀਤੀ ਕਿ ਮੈਂ ਔਖਾ ਹੋ ਕੇ ਅੱਗ ਲਿਆਇਆ ਹਾਂ ਕਿਉਂਕਿ ਪਤਾ ਸੀ ਕਿ ਸਭ ਜਾਣੀ ਜਾਣ ਹਨ, ਮੇਰੇ ਨਾਲ ਹੀ ਰਹਿੰਦੇ ਹਨ ਅਤੇ ਹਾਜ਼ਰ-ਨਾਜ਼ਰ ਸਮਝਦਾ ਸੀ। ਜਦੋਂ ਦਿਨ ਚੜ੍ਹਿਆ ਤਾਂ ਮੁਰਸ਼ਦ ਨੇ ਚੇਲਿਆ ਨੂੰ ਕਿਹਾ ਕਿ ਫਰੀਦ ਨੂੰ ਬੁਲਾਓ। ਫਰੀਦ ਜੀ ਨੇ ਸਿਜਦਾ ਕੀਤਾ, ਪੀਰ ਜੀ ਨੇ ਪੁੱਛਿਆ ਕਿ ਫਰੀਦ ਅੱਖ ਕਿਉਂ ਬੰਨ੍ਹੀ ਹੈ ਕਹਿੰਦਾ ਹਜ਼ੂਰ! ਅੱਖ

ਆਈ ਹੋਈ ਹੈ। ਕਹਿੰਦੇ, ਪੱਟੀ ਖੋਲ੍ਹ ਦੇ, ਆਈ ਹੋਈ ਨੂੰ ਨਹੀਂ ਬੰਨ੍ਹਦੇ, ਗਈ ਹੋਈ ਨੂੰ ਬੰਨ੍ਹਿਆ ਕਰਦੇ ਹਨ। ਜਦੋਂ ਫਰੀਦ ਜੀ ਨੇ ਪੱਟੀ ਖੋਲ੍ਹ ਦਿਤੀ ਤਾਂ ਦੇਖਿਆ ਤੇ ਮਹਿਸੂਸ ਕੀਤਾ ਕਿ ਅੱਖ ਠੀਕ ਹੈ, ਉਸੇ ਤਰ੍ਹਾਂ ਨੌ-ਬਰ-ਨੌ ਹੈ। ਉਸ ਵੇਲੇ ਮੁਰਸ਼ਦ ਨੇ ਉੱਠ ਕੇ ਫਰੀਦ ਜੀ ਨੂੰ ਪਿਆਰ ਨਾਲ ਗਲਵਕੜੀ ਵਿਚ ਲੈ ਲਿਆ, ਸਾਰੀ ਰਿਧੀਆਂ ਸਿਧੀਆਂ ਤੇ ਬ੍ਰਹਮ ਗਿਆਨ ਬਖਸ਼ ਕੇ ਪੂਰਾ ਕਰ ਦਿਤਾ, ਗਿਆਨ ਦਾ ਪ੍ਰਕਾਸ਼ ਹੋ ਗਿਆ। ਜਿਹੜਾ ਰੱਬ ਕਿਸੇ ਨੂੰ ਨਜ਼ਰ ਨਹੀਂ ਆਉਂਦਾ, ਜ਼ਰੇ-ਜ਼ਰੇ ਵਿਚ ਦਿਖਾ ਦਿਤਾ ਤੇ ਫਰੀਦ ਜੀ ਨੂੰ ਹੁਣ ਹਰ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਨਜ਼ਰ ਆਉਂਦਾ ਹੈ।

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- ੪੦੭*

ਜਿਹੜਾ ਸਰੀਰ ਦੇ ਅੰਦਰ ਅਸਲੀ ਘਰ ਦਿਖਾ ਦੇਵੇ, ਉਹ ਪੂਰਨ ਸਤਿਗੁਰੂ ਹੁੰਦਾ ਹੈ ਕਿਉਂਕਿ ਇਸ ਸਰੀਰ ਦੇ ਅੰਦਰ ਹੀ ਵਾਹਿਗੁਰੂ ਰਹਿੰਦਾ ਹੈ। ਜਦੋਂ ਪ੍ਰਗਟ ਹੋ ਜਾਵੇ ਫੇਰ ਨਿਸ਼ਾਨੀਆਂ ਆਉਂਦੀਆਂ ਹਨ। ਜਦੋਂ ਆਪਣੇ-ਪਰਾਏ ਦਾ ਭੇਦ ਮਿਟ ਜਾਵੇ, ਆਪਣੇ ਆਪੇ (ਹਉਮੈ) ਨੂੰ ਮਾਰ ਲਵੇ, ਫੇਰ ਬਾਕੀ ਕੁਝ ਨਹੀਂ ਰਹਿ ਜਾਂਦਾ, ਮਰ ਕੇ ਰੱਬ ਬਣ ਜਾਂਦਾ ਹੈ। ਉਥੇ ਖੇੜਾ ਹੀ ਖੇੜਾ ਹੈ, ਹੈਰਾਨ ਹੋ ਜਾਂਦਾ ਹੈ ਕਿ ਮੈਂ ਵਾਹਿਗੁਰੂ ਹਾਂ ਜਾਂ ਵਾਹਿਗੁਰੂ ਮੈਂ ਹੈ ਕਿਉਂ 'ਮੈਂ' ਦੀ ਰੁਕਾਵਟ ਖਤਮ ਹੋ ਗਈ, ਵਾਹਿਗੁਰੂ-ਵਾਹਿਗੁਰੂ ਜਪ ਕੇ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ।

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ- ੧੨੯੧*

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

ਸਾਧ ਸੰਗਤ ਜੀ! ਮਾਇਆ ਦੇ ਅਸਰ ਕਰਕੇ ਸਾਨੂੰ ਪ੍ਰਤੱਖ ਵਰਤਦਾ ਵਾਹਿਗੁਰੂ ਨਜ਼ਰ ਨਹੀਂ ਆਉਂਦਾ, ਗੁਰੂ ਕਿਰਪਾ ਕਰੇ ਉਹ ਸਾਡੀ ਹਉਮੈ ਦੀ ਮੈਲ ਕੱਟ ਦੇਵੇ, ਸਾਨੂੰ ਵੀ ਪ੍ਰਮੇਸ਼ਰ ਨਜ਼ਰ ਆ ਜਾਵੇ। ਅਸੀਂ ਉਹ ਪ੍ਰਾਪਤੀ ਕਰ ਲਈਏ ਜਿਸ ਵਾਸਤੇ ਸਾਨੂੰ ਮਨੁੱਖਾ ਸਰੀਰ ਮਿਲਿਆ ਹੈ। ਸੋ ਪੰਜ ਪਿਆਰਿਆਂ ਤੋਂ ਜੋ ਗੁਰਮੰਤਰ ਮਿਲ ਗਿਆ, ਇਸ ਸ਼ਬਦ ਨੇ ਅੰਦਰਲੇ ਸ਼ਬਦ ਨੂੰ ਮਿਲਾ ਦੇਣਾ ਹੈ ਜੋ ਤੁਹਾਡੇ ਅੰਦਰ ਚੱਲ ਰਿਹਾ ਹੈ, ਫੇਰ ਇਧਰ ਉੱਧਰ ਭਟਕਣ ਦੀ ਲੋੜ ਨਹੀਂ।

ਨਾਮ ਦੀ ਕਮਾਈ ਨਾ ਹੋਣ ਕਰਕੇ ਮੋਟੇ ਕੰਨਾਂ ਨੂੰ ਸੁਣਦਾ ਨਹੀਂ। ਜਦੋਂ ਦਿਬ ਕੰਨ ਪ੍ਰਕਾਸ਼ ਹੋ ਗਏ ਫੇਰ ਉਹ ਧੁਨ ਸੁਣਦੀ ਹੈ। ਇਸ ਕਰਕੇ ਜੇ ਲਗਨ ਹੈ, ਨਾਮ ਜਪਣਾ ਨਾ ਛੱਡੋ, ਉਠਦੇ, ਬਹਿੰਦੇ, ਚਲਦੇ, ਫਿਰਦੇ, ਕੰਮ ਕਾਰ ਕਰਦੇ ਜਪਦੇ ਰਹੋ। ਮੋਟਰ ਚਲਦੀ ਹੈ, ਟਰੈਕਟਰ ਚਲਦਾ ਹੈ, ਸਕੂਟਰ-ਮੋਟਰ ਸਾਇਕਲ ਚਲਦਾ ਹੈ, ਉਸ ਦੀ ਧੁਨੀ ਦੇ ਨਾਲ ਨਾਮ ਜਪੀ ਜਾਵੋ। ਸਾਇਕਲ ਤੇ ਜਾਂਦੇ ਹੋ ਜਾਂ ਪੈਦਲ ਜਾਂਦੇ ਹੋ, ਖੱਬੇ ਪੈਰ ਨਾਲ 'ਵਾਹਿਗੁਰੂ' ਸੱਜੇ ਪੈਰ ਨਾਲ 'ਸਤਿਨਾਮੁ' ਕਹੀ ਜਾਓ। ਬੈਠ ਕੇ ਭਜਨ ਕਰਦੇ ਹੋ ਤਾਂ ਜਦ ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਤੇ ਜਦ ਬਾਹਰ ਸਾਹ ਜਾਂਦਾ ਹੈ 'ਗੁਰੂ' ਕਹੋ। ਜਪਦਿਆਂ-ਜਪਦਿਆਂ ਸੁਰਤ ਚੜ੍ਹਦੀ ਹੈ, ਜਿਉਂ-ਜਿਉਂ ਸੁਰਤ ਚੜ੍ਹਦੀ ਹੈ ਤਿਉਂ-ਤਿਉਂ ਅਨੰਦ ਆਉਂਦਾ ਹੈ। ਹੌਲੀ-ਹੌਲੀ ਉਸ ਜਗ੍ਹਾ ਤੇ ਬਿਰਤੀ ਪਹੁੰਚ ਜਾਂਦੀ ਹੈ ਜਿਥੇ 'ਗੁਰਮੁਖ' ਦੀ ਲੋੜ ਪੈਂਦੀ ਹੈ। ਉਹ ਅਗਲਾ ਰਾਹ ਦਸ ਦਿੰਦਾ ਹੈ ਪਰ ਦਸਦਾ ਉਸ ਨੂੰ ਹੈ ਜਿਹੜਾ ਕਾਬਲ ਹੋਵੇ। ਬੰਦਗੀ ਦੀ ਲੋੜ ਹੈ, ਕਮਾਈ ਕਰਨ ਦੀ ਲੋੜ ਹੈ, ਅਗਲਾ ਕੰਮ ਗੁਰੂ ਮਹਾਰਾਜ ਜੀ ਦੇ ਹੱਥ ਹੈ, ਪਤਾ ਨਹੀਂ ਕਦੋਂ ਪਿਆਰ ਦੇ ਵਸ ਹੋ ਕੇ ਤਰੁੱਠ ਜਾਵੇ। ਹੌਲੀ-ਹੌਲੀ ਨਾਮ ਜਪਦੇ-ਜਪਦੇ ਹੋ ਸਕਦਾ ਹੈ ਇਸ ਜਨਮ ਵਿਚ ਪ੍ਰਾਪਤੀ ਨਾ ਹੋਵੇ ਤਾਂ ਅਗਲਾ ਜਨਮ ਮਿਲੇਗਾ।

*ਬੰਦੇ ਬੰਦਗੀ ਇਕਤੀਆਰ ॥*
*ਸਾਹਿਬੁ ਰੋਸੁ ਧਰਉ ਕਿ ਪਿਆਰੁ ॥* *ਅੰਗ - ੩੩੮*

'ਮੁੱਖ' ਭਗਤੀ ਹੁੰਦੀ ਹੈ ਕਿਉਂਕਿ 'ਭਗਤੀ' ਭਉ ਤੋਂ ਬਿਨਾਂ ਪ੍ਰਾਪਤੀ ਨਹੀਂ ਹੋਇਆ ਕਰਦੀ। ਸੰਸਾਰ ਵਿਚ ਰਹਿੰਦਿਆਂ 'ਬਰਤਨ' ਬੈਰਾਗ ਹੋਵੇ, ਜੇਕਰ ਪਕੜ ਵਿਚ ਰਹਿ ਗਿਆ ਤਾਂ ਫਿਰ ਇਥੇ ਆ ਕੇ ਜਨਮ ਧਾਰਦਾ ਹੈ ਜਾਂ ਭੂਤ-ਪ੍ਰੇਤ ਬਣ ਜਾਂਦਾ ਹੈ। 'ਨਿਸਚੇ' ਵਿਚ ਗਿਆਨ ਰੱਖਣਾ ਚਾਹੀਦਾ ਹੈ। ਅੰਦਰੋਂ ਜਾਗਦੇ ਰਹਿਣਾ ਹੈ, ਬਾਹਰੋਂ ਹੁਕਮ ਦੀ ਕਿਰਿਆ ਵਿਚ ਰਹਿਣਾ ਜਿਵੇਂ ਵਾੜ ਤੇ ਪਈ ਹੋਈ ਸੱਪ ਦੀ ਕੁੰਜ ਹਿਲੀ ਜਾਂਦੀ ਹੈ। ਇਸ ਤਰ੍ਹਾਂ ਪਰਾਲਬਧ ਦੇ ਵਸ ਹੋ ਕੇ ਕਦੇ ਇਧਰ ਕਦੇ ਉਧਰ, ਸਰੀਰ ਨੇ ਕੁਝ ਨਾ ਕੁਝ ਕਰਨਾ ਹੀ ਹੈ। ਅੰਦਰਲੇ ਪਾਸੇ ਗਿਆਨ ਪ੍ਰਪੱਕ ਹੋਣਾ ਚਾਹੀਦਾ ਹੈ ਦੀਵਾ ਬਲਦਾ ਰਹਿਣਾ ਚਾਹੀਦਾ ਹੈ।

*ਦੀਵਾ ਬਲੈ ਅੰਧੇਰਾ ਜਾਇ ॥* *ਅੰਗ- ੭੯੧*

ਸੰਸਾਰ ਵਿਚ ਰਹਿਣ ਵਾਸਤੇ ਤਿੰਨ ਚੀਜ਼ਾਂ 'ਕੁੱਲੀ-ਜੁੱਲੀ-ਗੁੱਲੀ' ਦੀ ਲੋੜ ਹੁੰਦੀ ਹੈ, ਉਹ ਵਾਹਿਗੁਰੂ ਨੇ

(ਪੰਨਾ 28 ਦੀ ਬਾਕੀ)

ਦੇਣੀ ਹੀ ਦੇਣੀ ਹੈ। ਵਾਹਿਗੁਰੂ ਇੰਤਜ਼ਾਮ ਕਰਕੇ ਦੂਜੇ ਜਨਮ ਵਿਚ ਵੀ ਸਤਿਪੁਰਸ਼ ਦਾ ਮਿਲਾਪ ਕਰਵਾ ਦਿੰਦਾ ਹੈ ਜਿਸ ਨਾਲ ਰਸਤਾ ਮਿਲ ਜਾਂਦਾ ਹੈ। ਇਹ ਰਸਤਾ ਇਕ ਜਨਮ ਵਿਚ ਦਾ ਵੀ ਹੈ ਤੇ 1000 ਜਨਮ ਵੀ ਲੱਗ ਸਕਦੇ ਹਨ ਕਿਉਂਕਿ ਸਾਰੀ ਮਨ ਦੀ ਬਾਤ ਹੈ। 'ਮਨੋ ਨਾਸ਼ - ਵਾਸ਼ਨਾ ਖੈਅ - ਤੱਤ ਗਿਆਨ' ਜਦ ਮਨ ਖਤਮ ਹੋ ਗਿਆ, ਵਾਸ਼ਨਾਵਾਂ ਮਰ ਗਈਆਂ ਫੇਰ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਮਨ ਨੇ ਝੂਠੀ 'ਮੈਂ' ਨੂੰ ਮਾਰਨਾ ਹੈ ਤੇ ਮੁਰਦਾ ਹੋ ਕੇ ਮੁਰੀਦ ਬਣਨਾ ਹੈ। ਗੁਰੂ ਦੀ ਮੱਤ ਤੇ ਚੱਲ ਕੇ, ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ, ਗੁਰੂ ਬਚਨਾਂ ਦੀ ਕਮਾਈ ਕਰਨੀ ਹੈ ਕਿਉਂਕਿ ਮਨੁੱਖਾ ਸਰੀਰ ਧਾਰਨ ਕਰਕੇ ਨਿਜ-ਘਰ ਦੇ ਵਾਸੀ ਬਣਨਾ ਸਾਡਾ ਪਰਮ ਮਨੋਰਥ ਹੈ। ਗੁਰੂ ਬਚਨਾਂ ਦੁਆਰਾ ਸ਼ਬਦ ਦੀ ਖੋਜ ਕਰਕੇ ਥਿਰ-ਘਰ, ਨਿਜ-ਘਰ, ਸੋ-ਘਰ, ਸੋ-ਦਰ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਹੜੇ ਇੰਦਰੇ ਭਜਾਈਂ ਫਿਰਦੇ ਸਨ ਉਹ ਮਿੱਤਰ ਬਣ ਜਾਂਦੇ ਹਨ। ਮਨ ਫੇਰ ਦੌੜਦਾ ਨਹੀਂ ਕਿਉਂਕਿ ਅੰਦਰ ਅਜਪਾ-ਜਾਪ ਚਲਪਿਆ ਜਿਸ ਨਾਲ ਅਕਹਿ ਰਸ ਤਾਰੀ ਹੋ ਜਾਂਦਾ ਹੈ। ਮਹਾਰਾਜ ਜੀ ਨੇ ਕਿੱਡੀ ਵੱਡੀ ਗੱਲ ਕਹਿ ਦਿਤੀ ਕਿ ਜਿਹੜਾ ਇਸ ਘਰ ਦਾ ਵਾਸੀ ਬਣ ਜਾਵੇ, ਮੈਂ ਉਸ ਗੁਰਮੁੱਖ ਪਿਆਰੇ ਦਾਦਾਸ ਹਾਂ। ਸਾਨੂੰ ਇਸ ਤੇ ਪੂਰਾ ਵਿਸ਼ਵਾਸ਼ ਕਰਨਾ ਚਾਹੀਦਾ ਹੈ ਤੇ ਲਗਨ ਨਾਲ ਭਜਨ-ਬੰਦਗੀ ਕਰਨੀ ਚਾਹੀਦੀ ਹੈ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*

*ਅੰਗ- ੧੨੯੧*

ਸੋ ਸਾਧ ਸੰਗਤ ਜੀ! ਸੇਵਾ ਸਿਮਰਨ ਕਰਦਿਆਂ, ਗੁਰੂ ਦੇ ਹੁਕਮ ਦੀ ਕਾਰ ਕਮਾਉਂਦਿਆਂ ਹੋਇਆਂ ਗੁਰੂ ਦੇ ਸਿੱਖ ਨੇ ਇਸ ਮੰਜ਼ਿਲ ਤੇ ਪਹੁੰਚਣਾ ਹੈ ਜੋ ਸਾਡੇ ਜੀਵਨ ਦਾ ਅੰਤਿਮ ਲਕਸ਼ ਹੈ। ਸਮਾਂ ਕਿਸੇ ਦੀ ਲਿਹਾਜ਼ ਨਹੀਂ ਕਰਦਾ, ਤੇਜ਼ੀ ਨਾਲ ਨਿਕਲਦਾ ਜਾ ਰਿਹਾ ਹੈ, ਇਸ ਦੀ ਸੰਭਾਲ ਕਰੋ। ਇਸ ਲਈ ਮਿਹਨਤ ਕਰਕੇ ਕਲਜੁਗ ਨਾਲ ਯੁੱਧ ਕਰਕੇ ਸਤਿਗੁਰ ਦਾ ਓਟ ਆਸਰਾ ਲੈਂਦੇ ਹੋਏ ਸਾਵਧਾਨੀ ਨਾਲ ਅੱਗੇ ਹੀ ਅੱਗੇ ਵਧਦੇ ਜਾਵੋ, ਪਿੱਛੇ ਮੁੜ ਕੇ ਨਾ ਦੇਖੋ। ਸਤਿਗੁਰੂ ਜੀ ਸਿੱਖ ਦੀ ਸਦਾ ਹੀ ਸਹਾਇਤਾ ਕਰਦੇ ਹਨ। ਇਸ ਤਰ੍ਹਾਂ ਨਾਲ ਨਾਮ ਦੀ ਕਮਾਈ ਕਰਕੇ ਲੋਕ ਤੇ ਪ੍ਰਲੋਕ ਦੋਵੇਂ ਸੁਖੀ ਹੋ ਜਾਣਗੇ, ਸੰਸਾਰ ਤੇ ਸਾਡਾ ਆਉਣ ਸਫਲਾ ਹੋ ਜਾਵੇਗਾ। ਦਰ-ਦਰ ਦੀਆਂ ਠੋਕਰਾਂ ਖਾਣ ਤੋਂ ਬਚ ਜਾਵਾਂਗੇ।

--ਸਮਾਪਤ--

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥*
*ਚਿਤ ਹਰਣੰ ਤ੍ਰੈ ਲੋਕ ਗੰਮੰ*
*ਜਪ ਤਪ ਸੀਲ ਬਿਦਾਰਣਹ॥*
*ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥*
*ਤਵ ਭੈ ਬਿਮੁੰਚਿਤ ਸਾਧ ਸੰਗਮ*
*ਓਟ ਨਾਨਕ ਨਾਰਾਇਣਹ॥ ਅੰਗ - 1358*

ਅਤੇ ਮਹਾਰਾਜ ਜੀ ਅੱਗੇ ਫੁਰਮਾਉਂਦੇ ਹਨ ਕਿ ਜੋਗੀ ਜੰਗਮ, ਸੰਨਿਆਸੀ ਸਾਰੇ ਹੀ ਕਾਮ ਦੇ ਵਾਰ ਤੋਂ ਡਰਦੇ ਹਨ।

*ਜੋਗੀ ਜੰਗਮ ਅਰੁ ਸੰਨਿਆਸ॥*
*ਸਭ ਹੀ ਪਰਿ ਡਾਰੀ ਇਹ ਫਾਸ॥ ਅੰਗ - 1186*

ਸਾਨੂੰ ਸਾਵਧਾਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਿਆਰਿਆ! ਤੇਰੇ ਸਾਰੇ ਕਰਮ ਧਰਮ ਕਾਮ ਦੇ ਇਕੋ ਵਾਰ ਨਾਲ ਸੁਆਹ ਹੋ ਜਾਣਗੇ ਅਤੇ ਤੇਰੀ ਜੀਵ ਆਤਮਾ ਨੂੰ ਦੁਖਾਂ ਦੇ ਵਿਚ ਪਾ ਦੇਣਗੇ।

*ਨਿਮਖ ਕਾਮ ਸੁਆਦ ਕਾਰਣਿ*
*ਕੋਟਿ ਦਿਨਸ ਦੁਖੁ ਪਾਵਹਿ॥*
*ਘਰੀ ਮੁਹਤ ਰੰਗ ਮਾਣਹਿ*
*ਫਿਰਿ ਬਹੁਰਿ ਬਹੁਰਿ ਪਛੁਤਾਵਹਿ॥*
*ਅੰਧੇ ਚੇਤਿ ਹਰਿ ਹਰਿ ਰਾਇਆ।।*
*ਤੇਰਾ ਸੋ ਦਿਨੁ ਨੇੜੈ ਆਇਆ॥ ਅੰਗ - 403*

ਇਹ ਚੇਤਨ ਮਾਇਆ ਅਨੇਕਾਂ ਰੂਪਾਂ ਵਿਚ ਜੀਵ ਨੂੰ ਪ੍ਰਭਾਵਿਤ ਕਰਦੀ ਹੈ। ਕਿਤੇ ਬਹੁਤ ਸੋਹਣੀਆਂ ਸੂਰਤਾਂ ਵਾਲੇ ਬੱਚਿਆਂ ਦੇ ਰੂਪ ਵਿਚ, ਕਿਤੇ ਪਰਾਈਆਂ ਇਸਤ੍ਰੀਆਂ ਦੇ ਰੂਪ ਵਿਚ, ਕਿਤੇ ਪ੍ਰਭਤਾ ਦੇ ਰੂਪ ਵਿਚ, ਕਿਤੇ ਆਪਣੇ ਬਲ ਦੇ ਰੂਪ ਵਿਚ, ਕਿਤੇ ਜੁਆਨੀ ਦੇ ਰੂਪ ਵਿਚ, ਇਸ ਨੂੰ ਚੇਤਨ ਮਾਇਆ ਆਖਦੇ ਹਨ। ਇਸ ਤੋਂ ਵੀ ਬਹੁਤ ਬਲ ਵਾਲੀ ਤੀਸਰੀ ਕਿਸਮ ਦੀ ਮਾਇਆ ਨੂੰ ਸੂਖਸ਼ਮ ਮਾਇਆ ਆਖਦੇ ਹਨ। ਇਹ ਜਗਿਆਸੂ ਨੂੰ ਅਛੋਪਲੇ ਹੀ ਦਬੋਚ ਲੈਂਦੀ ਹੈ। ਇਸ ਦੀ ਖਿੱਚ ਬਹੁਤ ਹੀ ਮੋਹਣੀ ਹੈ। ਇਸ ਨੂੰ ਪ੍ਰਾਪਤ ਕਰਨ ਲਈ ਬਹੁਤ ਸਾਰੇ ਭੁੱਲੜ ਚਿੱਲੇ ਕਟਦੇ ਹਨ ਅਤੇ ਅੰਦਰਲੀ ਸ਼ਕਤੀ ਪ੍ਰਾਪਤ ਕਰਦੇ ਹਨ ਪਰ ਨਾਮ ਜਪਣ ਵਾਲਿਆਂ ਨੂੰ ਇਹ ਸਹੰਸਰਾਰ ਦਲ ਕਮਲ ਦੇ ਮੰਡਲ ਵਿਚ ਮਿਲਦੀ ਹੈ। ਇਨ੍ਹਾਂ ਨੂੰ ਰਿਧੀਆਂ ਸਿਧੀਆਂ ਆਖਿਆ ਜਾਂਦਾ ਹੈ। ਇਨ੍ਹਾਂ ਵਿਚ ਪਹਿਲੀ ਦਾ ਨਾਮ 'ਅਣਮਾ ਸਿੱਧੀ' ਹੈ ਇਸ ਵਿਚ ਵੇਖਦਿਆਂ-ਵੇਖਦਿਆਂ ਪ੍ਰਮਾਣੂ ਜਿੰਨਾਂ ਆਪਣੇ ਆਪ ਨੂੰ ਛੋਟਾ ਕਰ ਲੈਣਾ ਅਤੇ ਕਿਸੇ ਦੇ ਹੱਥ ਵਿਚ ਨਾ ਆਉਣਾ, **'ਅਣਮਾ ਸਿੱਧੀ'** ਕਹਾਉਂਦੀ ਹੈ।

'ਚਲਦਾ......।'

# ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ

*ਸੰਤ ਬਾਬਾ ਹਰਪਾਲ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥*
*ਕੀਨੇ ਰਾਮ ਨਾਮ ਇਕ ਆਖ੍ਯ੍ਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥*
*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥ ਅੰਗ- ੨੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਕਰੋ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

ਮਹਾਂਪੁਰਖਾਂ ਨੇ ਇਸ ਸੰਸਾਰ ਦੇ ਉਤੇ ਸਰੀਰ ਧਾਰਨ ਕੀਤਾ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ- ੭੪੯*

ਉਹਨਾਂ ਨੇ ਆਪਣਾ ਸਾਰਾ ਹੀ ਤਨ, ਮਨ, ਧਨ ਰਤਵਾੜਾ ਸਾਹਿਬ, ਟਰੱਸਟ ਬਣਾ ਕੇ ਕੌਮ ਦੇ ਲੇਖੇ ਲਾ ਦਿਤਾ। ਇਕ ਰਾਹ ਦਿਖਾਇਆ, ਗੁਰਮੁਖ ਗਾਡੀ ਰਾਹ ਚਲਾਇਆ। ਉਹ ਵੀ ਕਿਰਤ ਕਰਦੇ ਸਨ, ਨਾਮ ਜਪਦੇ, ਵੰਡ ਛਕਦੇ ਪਰ ਜੋ ਅੰਤਮ ਮੰਤਵ ਉਹਨਾਂ ਨੇ ਜ਼ਿੰਦਗੀ ਦਾ ਸਾਨੂੰ ਸਿਖਾਇਆ ਕਿ ਜਿੱਥੇ ਜਾ ਕੇ ਸਾਨੂੰ ਬਾਣੀ ਪਹੁੰਚਾਉਣਾ ਚਾਹੁੰਦੀ ਹੈ, ਉਹ ਦਸਦੇ। ਕਿਉਂਕਿ–

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥*
*ਅੰਗ- ੮੯੪*

ਸਤਿਪੁਰਸ਼ਾਂ ਦਾ ਕੰਮ ਹੀ ਇਹੀ ਹੁੰਦਾ ਹੈ ਕਿ ਜੋ ਸਤਿਗੁਰੂ 'ਸੁਖਮਨੀ ਸਾਹਿਬ' ਵਿਚ ਕਹਿ ਰਹੇ ਹਨ, ਉਹ ਪ੍ਰੈਕਟੀਕਲ ਰੂਪ ਵਿਚ ਮਹਾਪੁਰਖਾਂ ਦੇ ਜੀਵਨ ਤੋਂ ਪਤਾ ਲਗਦਾ ਹੈ। ਉਹਨਾਂ ਨੇ ਸਭ ਜ਼ਿੰਮੇਵਾਰੀਆਂ ਨਿਭਾਈਆਂ, ਇਹ ਨਹੀਂ ਕਿ ਜ਼ਿੰਮੇਵਾਰੀਆਂ ਤੋਂ ਪਿੱਛੇ ਹਟੇ। ਵੱਡੇ ਮਹਾਪੁਰਸ਼ ਰਾੜਾ ਸਾਹਿਬ ਵਾਲਿਆਂ ਦੀ ਸੰਗਤ ਬਚਪਨ ਤੋਂ ਹੀ ਐਸੀ ਮਿਲੀ ਕਿ ਉਹਨਾਂ ਦੇ ਪਿਆਰ ਵਿਚ ਆਪਣਾ ਜੀਵਨ ਗੁਰੂ ਪਿਆਰ ਵਿਚ ਲੇਖੇ ਲਾ ਦਿਤਾ। ਜਦੋਂ ਪਹਿਲਾ ਮਿਲਾਪ ਮਹਾਂਪੁਰਖਾਂ ਦਾ ਉਹਨਾਂ ਨਾਲ ਹੋਇਆ ਸੀ, ਉਹਨਾਂ ਨੇ ਬਚਨ ਕੀਤਾ ਸੀ ਕਿ ਇਕ ਸੁਹਾਗਣ ਦਾ ਸੁਹਾਗਣ ਨਾਲ ਮਿਲਾਪ ਹੋਇਆ ਹੈ। ਉਹਨਾਂ ਦਾ ਸਵਾਲ ਸੀ ਕਿ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥ ਅੰਗ- ੯੯੯*

ਕਿੱਡੀ ਗੱਲ ਹੈ। ਆਪਾਂ ਨੂੰ ਵੀ ਬਾਣੀ ਕਹਿੰਦੀ ਹੈ ਕਿ 'ਸੁਨਹੁ' ਕੀ ਸੁਣੋ? ਕਿ ਤੂੰ ਕੌਣ ਹੈਂ, ਕਿੱਥੋਂ ਆਇਆ ਹੈਂ, ਫੇਰ ਅੱਗੇ ਜਵਾਬ ਆਉਂਦਾ ਨਹੀਂ ਹੈ।

*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ – ੯੯੯*

ਰਾੜਾ ਸਾਹਿਬ ਵਾਲਿਆ ਦਾ ਇਹ ਸਵਾਲ, ਰਤਵਾੜਾ ਸਾਹਿਬ ਵਾਲਿਆਂ ਦਾ ਐਸਾ ਹੀ ਅੰਦਰੂਨੀ ਜਵਾਬ, ਪਹਿਲੇ ਬਚਨ 'ਤੇ ਕਹਿੰਦੇ ਚੁੱਪ ਕਰ ਗਏ। ਸੰਗਤ ਬੈਠੀ ਸੀ, ਕੁਰਸੀ ਲੱਗੀ ਸੀ।

ਪੁੱਛਿਆ ਤੇ ਕਿਹਾ ਕਿ ਕਾਕਾ, ਤੂੰ ਦਸਦਾ ਨਹੀਂ?

ਤੈਨੂੰ ਐਨਾ ਹੀ ਪੁੱਛਿਆ ਹੈ ਕਿ ਤੂੰ ਕੌਣ ਹੈਂ?

ਆਪ ਕਹਿਣ ਲੱਗੇ ਕਿ ਮੈਨੂੰ ਦੱਸਣਾ ਨਹੀਂ ਆਉਂਦਾ।

ਸਾਰੇ ਹੱਸਦੇ ਕਿ ਐਨਾ ਵੀ ਨਹੀਂ ਤੈਨੂੰ ਦੱਸਣਾ ਆਉਂਦਾ? ਨਾਂ ਹੀ ਪੁੱਛਦੇ ਕਿ ਤੂੰ ਕਿਥੋਂ ਆਇਆ ਹੈਂ?

ਪਰ ਮਹਾਂਪੁਰਸ਼ ਅੰਦਰੂਨੀ ਅਵਸਥਾ ਦੇ ਬਚਨ ਉਸ ਸਮੇਂ ਕਰਦੇ।

ਤੀਜੇ ਵਾਰੀ ਫੇਰ ਇਹ ਗੱਲ ਕਹਿਣ 'ਤੇ ਦੱਸਣਾ ਨਹੀਂ ਆਉਂਦਾ। ਸਮਾਧੀਆਂ ਲਗ ਗਈਆਂ, 45 ਮਿੰਟ ਸੰਗਤ ਵਿਚ ਅਕਹਿ ਰਸ ਐਸਾ ਛਾਇਆ ਕਿ ਉਸ ਅਵਸਥਾ 'ਤੇ ਪਹੁੰਚਾ ਦਿਤੇ। ਜਦੋਂ ਮਹਾਂਪੁਰਸ਼ਾਂ ਦੇ ਨੇਤਰ ਖੁਲ੍ਹੇ ਤਾਂ ਮਹਾਰਾਜ ਜੀ ਦੇ ਮੁਖ ਤੋਂ ਆਹ ਬਚਨ ਆਇਆ ਕਿ ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮਿਲਾਪ ਹੋਇਆ ਹੈ। ਕਿੱਡੀ ਅਵਸਥਾ ਹੈ। ਕਿਉਂਕਿ ਇਹ ਸਤਿਪੁਰਸ਼ਾਂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ। ਮਹਾਂਪੁਰਖਾਂ ਨੇ ਸਾਰੀ ਜ਼ਿੰਦਗੀ ਫੇਰ ਵੱਡਿਆਂ ਦੇ ਪਿਆਰ ਵਿਚ ਲਾਈ। ਜੇ ਸਰਵਿਸ ਵੀ ਕਿਤੇ ਕੀਤੀ, ਫੌਜ 'ਚ, ਸਿਵਲ 'ਚ, ਕਿਤੇ ਵੀ ਗਏ। ਯੂ.ਪੀ 'ਚ ਗਏ, ਫਾਰਮ ਵੀ ਚਲਾਇਆ। ਮਹਾਂਪੁਰਸ਼ਾਂ ਦੇ ਪਿਆਰ ਵਿਚ ਇਕ ਮੈਨੇਜਰ ਬਣ ਕੇ ਮੈਨਿੰਜ ਤਾਂ ਕੀਤਾ ਪਰ ਉਹ ਐਸੀ ਅਵਸਥਾ ਬਣੀ –

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥*
*ਅੰਗ- ੨੮੪*

ਸੋ ਐਸੀ ਇਹ ਸੰਗਤ, ਮਹਾਂਪੁਰਖਾਂ ਦਾ ਪਿਆਰ ਤੁਹਾਡੇ ਦਿਲਾਂ 'ਚ ਸਮੋਇਆ ਹੈ। ਵਤਨਾਂ ਤੋਂ ਦੂਰ ਪ੍ਰਦੇਸ਼ਾਂ ਵਿਚ ਬੈਠ ਕੇ ਵੀ ਤੁਹਾਨੂੰ ਇਸ ਗੱਲ ਦੀ ਕਦਰ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ- ੭੯੭*

ਕਿਤੋਂ ਪੜ੍ਹ ਲਓ, ਵਿਚਾਰ ਲਓ ਪਰ ਬਾਣੀ -

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥*
*ਅੰਗ- ੯੩੫*

ਕਿਉਂਕਿ ਬਾਣੀ ਤਾਂ ਬਾਣ ਮਾਰ ਰਹੀ ਹੈ। ਪਹਿਲੀ ਅਸਟਪਦੀ ਹੀ ਕੀ ਕਹਿ ਰਹੀ ਹੈ ਕਿ ਤੁਸੀਂ ਇਹ ਕੰਮ ਕਰੋ ਜੋ ਕੰਮ ਸੰਸਾਰ 'ਤੇ ਕਰਨ ਵਾਸਤੇ ਆਏ ਹੋ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ- ੨੬੩*

ਕਿਵੇਂ ਸਿਮਰਨਾ ਹੈ, ਸਿਮਰਨ ਹੈ ਕੀ? ਉਸ ਪਿਆਰੇ ਦੀ ਯਾਦ ਪ੍ਰਤੀ ਧਿਆਨ 'ਚ ਬੈਠਿਆ ਜਾਂਦਾ ਹੈ, ਨਹੀਂ ਤਾਂ ਬੈਠਣਾ ਹੀ ਨਹੀਂ ਆਉਂਦਾ। ਇਸ ਤਰ੍ਹਾਂ ਜਦੋਂ ਅਸੀਂ ਉਸਦੇ ਪਿਆਰ 'ਚ ਬੈਠਦੇ ਹਾਂ, ਧਿਆਨ ਹੁੰਦਾ ਹੈ, ਧਿਆਵੈ। ਸਿਮਰਨ ਦੇ ਵਿਚ ਉਸ ਨੂੰ ਯਾਦ ਕਰਦੇ ਹਾਂ, ਉਹ ਯਾਦ ਹੀ ਇਬਾਦਤ ਬਣ ਜਾਂਦੀ ਹੈ ਤੇ ਵਾਹਿਗੁਰੁ-ਵਾਹਿਗੁਰੂ ਆਪੇ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਰਸ ਭਰ ਜਾਂਦਾ ਹੈ, ਜ਼ੁਬਾਨ ਦੇ ਉਤੇ ਰਸ ਆ ਜਾਂਦਾ ਹੈ ਜਦੋਂ ਬੈਖਰੀ ਬਾਣੀ 'ਚ ਬੋਲ ਕੇ ਕੀਤਾ ਜਾਂਦਾ ਹੈ -

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਅੰਗ- ੮੧੧*

ਜੂਠੀ ਕਿਵੇਂ ਹੁੰਦੀ ਹੈ। ਇਹ ਤਾਂ ਐਨਾ ਕੱਚ ਪਿੱਚ ਬੋਲਦੀ ਹੈ, ਆਹੀ ਜੀਭ ਹੈ -

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ- ੧੧੬੩*

ਸੋ ਟੁਕੜੇ ਕਰ ਦੇਈਏ, ਕਿਉਂਕਿ ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੀ।

ਕਿਉਂਕਿ ਸਾਡਾ ਜੋ ਵਿਸ਼ਵਾਸ਼ ਹੈ ਇਸ ਗੱਲ ਦੇ ਉਤੇ ਆਉਂਦਾ ਨਹੀਂ। ਸੱਚੇ ਪਾਤਸ਼ਾਹ ਜੀ! ਸਾਰਾ ਕੁਛ ਅਗਲੀ ਅਸਟਪਦੀ ਵਿਚ ਦਸਦੇ ਨੇ ਕਿ ਪ੍ਰਭੂ ਦੇ ਸਿਮਰਨ ਨਾਲ ਕੀ ਕੁਝ ਨਹੀਂ ਹੋ ਸਕਦਾ। ਉਹਦੀ ਯਾਦ 'ਚ ਬੈਠਣ ਦਾ ਸੁਭਾਅ ਬਣਾਓ। ਸੁਭਾਅ ਬਣ ਗਿਆ, ਹੁਣ ਆਪਾਂ ਸੰਗਤ ਕਰਦੇ ਹਾਂ, ਕਿਉਂਕਿ ਇਹਦੇ ਨਾਲ-

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥*
*ਅੰਗ- ੭*

ਸਾਰੇ ਜਦੋਂ ਇਕੱਠੇ ਹੋ ਕੇ ਸੰਗਤੀ ਰੂਪ 'ਚ, ਨਾਮ ਅਭਿਆਸ ਕਰਦੇ ਹਾਂ, ਫੇਰ ਐਸੀ ਜੁਗਤ ਜਿਹੜੀ ਸਤਿਪੁਰਸ਼ ਦਰਸਾਉਂਦੇ ਨੇ, ਪ੍ਰਤੀਕ ਧਿਆਨ ਬਣਦਾ ਹੈ, ਨਾਮ ਚਲ ਪੈਂਦਾ ਹੈ। ਉਸ ਤੋਂ ਅੱਗੇ ਫੇਰ ਸੰਪਤ ਧਿਆਨ ਹੈ। ਕਿਉਂਕਿ ਐਸੀਆਂ ਗੱਲਾਂ ਐਵੇਂ ਤਾਂ ਹੁੰਦੀਆਂ ਨਹੀਂ। ਸੁਖਮਨੀ ਸਾਹਿਬ ਜੀ ਦੀ ਬਾਣੀ ਫੇਰ ਅੱਗੇ ਕੀ ਕਹਿੰਦੀ ਹੈ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ- ੨੮੩*

ਉਹ ਵਸਤੂ ਕਿਹੜੀ ਹੈ? ਉਹ ਹੈ ਨਾਮ 'ਚ ਅਸਥਿਤ ਹੋਣਾ। ਨਾਮ ਸਭ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਮਤਾ ਭੁੱਲੋ ਨਾ ਕਿ ਨਾਮ ਕੋਈ ਦੇਵੇਗਾ। ਨਹੀਂ ਦੇ ਸਕਿਆ, ਨਾ ਕੋਈ ਦਿੰਦਾ ਹੈ। ਨਾਮ ਤਾਂ ਅੰਦਰੋਂ ਮਿਲਦਾ ਹੈ, ਨਾਮ ਧਾਰਨ ਵੀ ਸਭ ਨੇ ਕੀਤਾ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- ੨੮੪*

'ਨਾਮ' ਇਸ ਗੱਲ ਦੇ ਹੀ ਭੁਲੇਖੇ ਪੈ ਜਾਂਦੇ ਨੇ ਕਿ ਮਿਲੇਗਾ। ਜਿਥੇ ਵੀ ਚਲੇ ਜਾਈਏ ਕਿ ਉਥੇ ਮਿਲੇਗਾ। ਪਰ ਉਥੋਂ ਤਾਂ ਨਹੀਂ ਮਿਲਦਾ। ਇਹ ਤਾਂ ਅੰਦਰ ਹੀ ਹੈ। ਬਾਹਰ ਤੋਂ ਤਾਂ ਗੁਰਮੰਤ੍ਰ ਦਿੰਦੇ ਨੇ। ਗੁਰਮੰਤ੍ਰ ਦੀ ਕਮਾਈ ਕਰਕੇ 'ਨਾਮ' ਤਕ ਰੁਸਵਾਈ ਹੋਣੀ ਹੈ, ਨਾਮ ਤੱਕ ਪਹੁੰਚ ਹੋਣੀ ਹੈ ਤੇ ਉਸ ਘਰ ਵਿਚ ਅਸਥਿਤੀ ਹੋ ਜਾਣੀ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਅੰਗ- ੪੯੧*

ਕਹਿੰਦੇ ਤਾਂ ਹਨ ਸਾਰੇ ਹੀ। ਪਰ 'ਗੁਰ ਪਰਸਾਦੀ' ਗੁਰੂ ਦੀ ਕ੍ਰਿਪਾ ਨਾਲ ਐਸਾ ਕੋਈ ਸੱਜਣ, ਸਾਧੂ ਗੁਰਮੁਖ ਮਿਲ ਜਾਵੇ, ਜੋ ਜੁਗਤ ਦਸ ਦਿੰਦਾ ਹੈ ਕਿ ਪਿਆਰਿਆ! ਤੇਰਾ ਇਹਦੇ ਨਾਲ ਭਲਾ ਹੋ ਜਾਏਗਾ।

ਗਣਕਾ ਸੀ -

*ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥*
*ਭਾਈ ਗੁਰਦਾਸ ਜੀ, ਵਾਰ ੧੦/੨੧*

ਹੁਣ ਉਹਦੀ ਬਿਰਤੀ ਐਨੀ ਉੱਚੀ ਤਾਂ ਹੈ ਨਹੀਂ ਸੀ ਕਿ ਉਹਨੂੰ ਪਹਿਲੇ ਦਿਨ ਹੀ ਸਵਾਸ ਦਾ ਅਭਿਆਸ ਦਸਦੇ। ਜੁਗਤੀ ਦੱਸੀ। ਜੁਗਤੀ ਨਾਲ ਮੁਕਤੀ ਹੈ।

*ਮਹਾਂਪੁਰਖ ਆਚਾਨਚਕ ਗਨਿਕਾ ਵਾੜੇ ਆਇ ਖਲੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਦੁਨੀਆਂ ਤਾਂ ਮਾੜਾ ਹੀ ਕਹੇਗੀ ਕਿ ਕਿੰਨੀ ਮਾੜੀ ਹੈ, ਸਰੀਰ ਵੇਚਣ ਵਾਲੀ ਐਸੀ ਬੀਬੀ, ਕੌਣ ਚੰਗਾ ਕਹੂ। ਪਰ ਮਹਾਂਪੁਰਖ -

*ਦੁਰਮਤਿ ਦੇਖਿ ਦਇਆਲ ਹੋਇ*
*ਹਥਹੁੰ ਉਸਨੋ ਦਿਤੋਨੁ ਤੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਉਹਦੀ ਮਾੜੀ ਮੱਤ ਨੂੰ ਦੇਖ ਕੇ ਵੀ ਦਇਆਲ ਹੋ ਗਏ। ਗਣਕਾ ਦੀ ਮਨੋ ਅਵਸਥਾ ਦੇ ਮੁਤਾਬਿਕ, ਤੋਤਾ ਦਿਤਾ ਉਸ ਨੂੰ ਕਿ ਤੂੰ ਇਹਦੇ ਨਾਲ ਹੀ ਤੂੰ ਰਾਮ-ਰਾਮ ਕਿਹਾ ਕਰ। ਮਹਾਂਪੁਰਖ ਇਸ ਤਰ੍ਹਾਂ ਜੁਗਤੀ ਦਸ ਦਿੰਦੇ ਨੇ।

ਸਾਨੂੰ ਕੀ ਉਹਨਾਂ ਨੇ ਦੱਸਿਆ ਹੈ। ਜੋ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ, ਗੁਰਮੰਤ੍ਰ ਦ੍ਰਿੜ੍ਹ ਕਰਵਾਉਂਦੇ, ਸਾਧੂ ਜੁਗਤੀ ਦਸਦੇ ਨੇ ਕਿ ਤੂੰ ਇਸ ਤਰ੍ਹਾਂ ਹੀ ਕਰ ਲਿਆ ਕਰ, ਬੋਲ ਕੇ ਹੀ ਕਰ ਲਿਆ ਕਰ ਜੇ ਤੇਰੀ ਅਵਸਥਾ ਦੀ ਸ਼ੁਰੂਆਤ ਹੈ। ਜਿਵੇਂ ਬੱਚੇ ਉੱਚੀ-ਉੱਚੀ ਮੁਹਾਰਨੀ 'ਚ ਪੜ੍ਹਦੇ ਨੇ, ਇਸ ਤਰ੍ਹਾਂ ਵਾਹਿਗੁਰੂ-ਵਾਹਿਗੁਰੂ ਕਰ ਲਿਆ ਕਰ।

ਸਾਧੂਆਂ ਕੋਲ ਇਹ ਜੁਗਤੀਆਂ ਹੁੰਦੀਆਂ ਹਨ। ਜੋ ਸੀਨੇ-ਬਸੀਨੇ ਚੱਲੀਆਂ ਆਉਂਦੀਆਂ ਹਨ। ਉਹ ਮਨੋਅਵਸਥਾ ਮੁਤਾਬਿਕ ਦਸ ਦਿੰਦੇ ਨੇ। ਹੁਣ ਐਡੇ-ਐਡੇ ਪਾਪੀ-

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਉਹ ਤਾਂ ਐਨਾ ਪਾਪੀ ਸੀ ਪਰ ਮਹਾਂਪੁਰਖਾਂ ਨੇ ਉਸ ਨੂੰ ਜੁਗਤ ਨਾਲ ਮੁਕਤ ਕਰਾ ਦਿਤਾ। ਉਹ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਸੀ। ਰਾਜ ਪੰਡਤ ਦਾ ਲੜਕਾ, ਫੇਰ ਪੰਡਤ ਜਿਹੜਾ ਰਾਜ ਸਭਾ 'ਚ ਬੈਠ ਕੇ, ਵਿਚਾਰ ਕਰਦਾ ਸੀ। ਉਸ ਪਦਵੀ 'ਤੇ ਸਸ਼ੋਭਤ ਸੀ। ਮਹਾਂਪੁਰਖਾਂ ਦੀ ਸੰਗਤ ਕੀਤੀ। ਭਾਵੇਂ ਉਹ ਕੁਸੰਗ 'ਚ ਪੈ ਗਿਆ, ਮਾਇਆ ਪੈ ਗਈ, ਭੁੱਲ ਪੈ ਗਈ -

*ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।*
*ਭਾਈ ਗੁਰਦਾਸ ਜੀ, ਵਾਰ ੧੦/20*

ਵੇਸਵਾ ਨਾਲ ਜਾ ਕੇ ਰਹਿਣ ਲੱਗ ਗਿਆ, ਉਥੇ ਹੀ ਉਸ ਨਾਲ ਰਹਿਣਾ ਸ਼ੁਰੂ ਕਰ ਦਿਤਾ। ਸ਼ਿਕਾਰ ਕਰਦਾ ਹੈ, ਜੀਵ ਮਾਰ-ਮਾਰ ਲਿਆਉਂਦਾ ਹੈ। ਛੇ ਪੁੱਤ ਪੈਦਾ ਹੋ ਗਏ। ਸੱਤਵੇਂ ਦਾ ਜਨਮ ਹੋਣਾ ਸੀ।

ਮਹਾਂਪੁਰਖਾਂ ਨੇ ਕਿਹਾ ਕਿ ਇਸ ਦਾ ਨਾਮ ਰੱਖ ਦੇਵੀਂ ਨਾਰਾਇਣ। ਕਿਉਂਕਿ ਆਖਰੀ ਸਮੇਂ ਸਾਧੂ ਦਾ ਪ੍ਰੀਤਕ ਧਿਆਨ ਆ ਗਿਆ। ਸਾਮ੍ਹਣੇ ਉਹ ਮੂਰਤ ਆ ਗਈ -

*ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥*
*ਅੰਗ- ੫੩੧*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ - ੯੦੨*

ਐਸੀ ਅਵਸਥਾ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਸੋ ਐਸਾ ਸਾਨੂੰ ਬਾਣੀ ਪ੍ਰੇਰਿਤ ਕਰਦੀ ਹੈ ਕਿ - 'ਸਿਮਰਉ ਸਿਮਰਿ ਸਿਮਰਿ' ਤਿੰਨ ਵਾਰੀ ਬਚਨ ਆਇਆ ਹੈ ਕਿ ਕਦੇ ਤਾਂ ਯਾਦ ਕਰ ਲਓ। ਪਰ ਅਸੀਂ ਤਾਂ ਭੁੱਲ ਗਏ -

*ਭਜਹੁ ਗੋਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥* *ਅੰਗ- ੧੧੫੯*

ਭੁੱਲੋ ਨਾ। ਯਾਦ ਕਰੋ। ਸਤਿਪੁਰਸ਼ ਇਥੇ ਆਏ, ਜੁਗਤ ਦਸ ਦਿਤੀ। ਸੰਗਤ ਬਖਸ਼ ਦਿਤੀ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ- ੭੨*

ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ, ਪਹਿਲੀ ਹੀ ਤੁਕ ਦਾ ਫੁਰਮਾਨ, ਇੱਕ-ਇੱਕ ਅੱਖਰ ਸਾਨੂੰ ਪ੍ਰੇਰਿਤ ਕਰਦੈ -

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥*
*ਅੰਗ- ੨੬੧*

ਇਹ ਸਾਰੇ ਸ਼ੁੱਧ ਅੱਖਰ ਨੇ। ਪਰ ਇਕ ਅੱਖਰ ਵੀ ਮਨ 'ਚ ਵਸਾ ਲਿਆ, ਕੋਈ ਰਾਮ ਕਹਿ ਦਿਓ, ਅੱਲਾਹ ਕਹਿ ਦਿਓ, ਵਾਹਿਗੁਰੂ ਕਹਿ ਦਿਓ, ਸਤਿਪੁਰਸ਼ ਜੁਗਤ ਦਸ ਦਿੰਦੇ ਨੇ। ਫੇਰ ਅਵਸਥਾ ਕੀ ਹੁੰਦੀ ਹੈ-

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* *ਅੰਗ- ੨੮੩*

ਉਸ ਘਰ ਦੇ ਵਿਚ ਹੀ ਕਿਉਂਕਿ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥* *ਅੰਗ- ੬੪੪*

ਬਾਹਰੋਂ ਬਾਹਰ ਦੌੜ ਸਾਡੀ ਲੱਗੀ ਹੋਈ ਹੈ। ਪਰ ਗੁਰੂ ਮਹਾਰਾਜ ਕੀ ਕਹਿੰਦੇ ਨੇ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥* *ਅੰਗ- ੧੦੦੨*

ਇਸ ਘਰ ਦੇ ਵਿਚ ਜਿਹੜਾ ਘਰ ਦਿਖਾਵੇ ਉਹੀ ਸਤਿਗੁਰ ਹੈ।

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*
*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

ਸੋ ਬਾਣੀ ਪ੍ਰੇਰਿਤ ਕਰਦੀ ਹੈ ਨਾਮ ਵਲ ਨੂੰ ਕਿ ਜਾਓ ਸੰਗਤ ਜੀ। ਆਓ ਸੰਗਤ 'ਚ।

*ਊਠਤ ਬੈਠਤ ਸੋਵਤ ਨਾਮ ॥* *ਅੰਗ- ੨੮੬*

ਜਦੋਂ ਕਰਦੇ-ਕਰਦੇ ਉਠਦੇ ਵੀ, ਬੈਠਦੇ ਵੀ, ਸੌਂਦੇ ਵੀ, ਇਹ ਹੋਣਾ ਸ਼ੁਰੂ ਹੋ ਗਿਆ ਫੇਰ ਤਾਂ ਕਹਿੰਦੇ ਉਹ ਕਿੱਥੇ ਅਵਸਥਾ ਪ੍ਰਾਪਤ ਹੋਈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਅੰਗ- ੩੨੦*

ਕਿੱਡੀ ਅਵਸਥਾ, ਉਥੇ ਤਾਂ ਫੇਰ ਮੈਂ ਤੂੰ 'ਚ ਬਦਲ ਗਈ -

*........ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- ੪੦੨*

ਫੇਰ ਤਾਂ ਸਾਰੀਆਂ ਘਟਾਂ ਦੇ ਵਿਚ ਓਹੀ ਨਜ਼ਰ ਆਉਂਦਾ ਹੈ। ਵਾਹਿਗੁਰੂ-ਵਾਹਿਗੁਰੂ ਘਟ-ਘਟ 'ਚ ਸੁਣਨਾ ਸ਼ੁਰੂ ਹੋ ਜਾਂਦਾ ਹੈ। ਫੇਰ ਤਾਂ ਬਾਹਰਲੀਆਂ ਅਵਾਜ਼ਾਂ ਵੀ ਤੰਗ ਨਹੀਂ ਕਰਦੀਆਂ। ਉਹਨਾਂ ਵਿਚ ਵੀ ਖੁਸ਼ੀ, ਖੇੜਾ ਮਿਲਦਾ ਹੈ। ਕਿਉਂਕਿ ਅਸੀਂ ਮਾਇਆ ਵਿਚ ਫਸ ਜਾਂਦੇ ਹਾਂ, ਪਰ ਸਾਧੂ ਛੁਡਾਉਣ ਦਾ ਢੰਗ ਦਸ ਦਿੰਦੇ ਨੇ। ਅਜਾਮਲ ਨੂੰ ਇਹੀ ਦਸਿਆ ਕਿ ਸੱਤਵੇਂ ਪੁੱਤਰ ਦਾ ਨਾਉਂ ਨਰਾਇਣ ਰੱਖ ਲੈ। ਉਹਦੇ ਨਾਲ ਖੇਡਦਾ ਹੈ, ਹੱਸਦਾ ਹੈ ਪਰ ਜੁਗਤ ਪੂਰੀ ਹੈ। ਉਸੇ ਦੇ ਰਾਹੀਂ ਹੀ ਜੁਗਤ ਨਾਲ ਮੁਕਤ ਕਰਾ ਦਿਤਾ। ਇਸ ਤਰ੍ਹਾਂ ਦੇ ਨਾਲ ਫੇਰ ਝੁੰਜਲਾਹਟ 'ਚ ਨਹੀਂ ਆਉਂਦਾ, ਘਬਰਾਉਂਦਾ ਨਹੀਂ, ਗੁੱਸਾ ਨਹੀਂ ਆਉਂਦਾ, ਖੁਸ਼ੀ ਖੇੜਾ ਆਉਂਦਾ ਹੈ ਅੰਦਰ-

*ਨਾਨਕ ਭਗਤਾ ਸਦਾ ਵਿਗਾਸੁ ॥* *ਅੰਗ- ੨*

ਫੇਰ ਇਹ ਖੁਸ਼ੀ ਦੇ ਨਾਲ ਹੀ ਆਪਣੇ ਜੀਵਨ ਨੂੰ ਸਫਲ ਕਰ ਲੈਂਦਾ ਹੈ। ਸਤਿਪੁਰਸ਼ਾਂ ਕੋਲ ਜੁਗਤੀਆਂ ਹੁੰਦੀਆਂ ਨੇ, ਬੈਖਰੀ ਤੋਂ ਮਧਮਾ, ਮਧਮਾ ਤੋਂ ਫੇਰ ਪਸੰਤੀ, ਜਿਥੇ ਹਿਰਦੇ ਦੇ ਵਿਚ ਐਸੇ ਅਨੁਭਵ ਹੋਣੇ ਸ਼ੁਰੂ ਹੋ ਜਾਂਦੇ ਨੇ। ਜਿਹਬਾ ਤੋਂ ਬਿਨਾਂ ਹੀ ਸਿਮਰਨ ਸ਼ੁਰੂ ਹੋ ਜਾਂਦਾ ਹੈ। ਫੇਰ ਪਰਾ ਬਾਣੀ ਦੇ ਵਿਚ ਜਾ ਕੇ ਤਾਂ ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਜਿਹਦਾ ਧਿਆਨ ਹੋਵੇ ਉਸੇ ਦਾ ਹੀ ਰੂਪ ਬਣ ਜਾਂਦਾ ਹੈ। ਇਸ ਕਰਕੇ ਸਾਧੂਆਂ ਦੀ ਸੰਗਤ ਵਿਚ ਜਾਓ ਤੇ ਉਥੋਂ ਹੀ ਇਹ ਪ੍ਰਾਪਤੀ ਪਾਓ। ਫੇਰ ਕੀ ਪ੍ਰਤੀਤ ਦਿੰਦਾ ਹੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ- ੧੨੬੫*
*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ- ੧੪੨੦*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥* *ਅੰਗ- ੯੪੧*

ਇਹ ਅਵਸਥਾਵਾਂ ਜਿਹਨਾਂ ਦੀ ਸਾਨੂੰ ਸੰਗਤ ਮਿਲੀ ਉਹਨਾਂ ਨੇ ਦਰਸਾਈਆਂ ਹਨ। ਬਾਰ-ਬਾਰ ਸਿਮਰਨ ਨਾਲ ਫੇਰ ਐਨਰਜੀ ਆ ਜਾਂਦੀ ਹੈ। ਰਾਤ ਨੂੰ ਸੌਂਦੇ ਸਮੇਂ ਕੀਰਤਨ ਸੋਹਿਲਾ ਪੜ੍ਹ ਲਿਆ, ਰੱਖਿਆ ਦੇ ਸ਼ਬਦ ਪੜ੍ਹ ਕੇ, ਸੌਣ ਲੱਗੇ ਹੋਂ ਸ਼ਵ ਆਸਣ ਦੇ ਵਿਚ, ਸਵਾਸ ਨੂੰ ਦੇਖੋ ਆ ਰਿਹਾ ਹੈ, ਜਾ ਰਿਹਾ ਹੈ।

ਡਾ. ਸਵਾਮੀ ਰਾਮ ਜੀ ਦੇਹਰਾਦੂਨ ਵਾਲੇ, ਸੰਸਾਰ ਪ੍ਰਸਿੱਧ ਯੋਗੀ ਰਤਵਾੜਾ ਸਾਹਿਬ ਆ ਕੇ ਆਪਣਾ ਤਜਰਬਾ ਸਾਂਝਾ ਕੀਤਾ। ਕਿਉਂਕਿ ਰਸਤਾ ਤਾਂ ਸਾਰਿਆਂ ਦਾ ਇਕੋ ਹੀ ਹੈ। 'ਆਤਮ ਮਾਰਗ' 'ਚ ਜੁਗਤੀਆਂ ਨੇ ਛਪਦੀਆਂ ਨੇ, ਉਹਨਾਂ ਨੇ ਜ਼ਿਆਦਾ ਲਿਟਰੇਚਰ ਤਾਂ ਇੰਗਲਿਸ਼ 'ਚ ਹੀ ਲਿਖਿਆ, ਪਰ ਉਹਦਾ ਅਨੁਵਾਦ ਕਰਕੇ ਛਾਪਿਆ ਜਾ ਰਿਹਾ ਹੈ ਕਿਉਂਕਿ ਉਹ ਸੰਨਿਆਸੀ ਸਨ, ਉਹ ਤਾਂ ਇਕ ਕਿਨਾਰਾ ਹੀ ਕਰਕੇ ਬੈਠੇ ਸਨ। ਪਰ ਜਦੋਂ ਉਹਨਾਂ ਨੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ, ਬੜੇ ਵੱਡੇ ਪਰਉਪਕਾਰ ਕੀਤੇ, ਉਹਨਾਂ ਨੇ ਇਕ ਪੁਸਤਕ ਲਿਖੀ - ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ ਜੀ ਦਾ ਐਸਾ ਕਿਹੜਾ ਉਪਦੇਸ਼ ਸੀ ਜਿਸਨੇ ਉਸ ਸੰਨਿਆਸੀ ਨੂੰ, ਉਸ ਉਦਾਸੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਣਾ ਦਿੰਦਾ ਹੈ। ਕਿਉਂਕਿ ਉਹ ਤਾਂ ਲੱਛਮਣ ਦਾਸ ਬੈਰਾਗੀ ਸੀ। ਮਾਧੋ ਦਾਸ ਸੀ। ਕਿੱਥੇ-ਕਿੱਥੇ ਨਹੀਂ ਉਹ ਘੁੰਮਿਆ। ਪਰ ਜਦੋਂ ਪੂਰਾ ਗੁਰੂ ਮਿਲਿਆ। ਉਸ ਨੂੰ ਕਰਮਯੋਗੀ ਬਣਾ ਦਿਤਾ।

ਇਸੇ ਤਰ੍ਹਾਂ ਡਾ. ਸਵਾਮੀ ਰਾਮ ਜੀ ਵੀ ਸੰਨਿਆਸੀ ਸੀ। ਸੰਗਤ ਮਿਲੀ ਮਹਾਂਪੁਰਖਾਂ ਦੀ, ਬਹੁਤ ਵੱਡੇ ਕਰਮਯੋਗੀ ਬਣੇ। ਪੁਸਤਕਾਂ ਉਹਨਾਂ ਨੇ ਗੁਰਬਾਣੀ ਦੇ ਉਤੇ ਲਿਖੀਆਂ। ਸਾਰੀਆਂ ਅੰਦਰਲਾ ਰਸਤਾ ਹੀ ਖੋਲ੍ਹਦੀਆਂ ਨੇ।

ਸੋ ਬਾਣੀ -

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥* *ਅੰਗ -੨੬੨*

ਕਿਉਂਕਿ ਸਾਰਾ ਸਬੰਧ ਇਸ ਮਨ ਨਾਲ ਹੈ। ਮਨ ਨੂੰ ਰੋਕਣ ਵਾਸਤੇ ਸਤਿਪੁਰਸ਼ਾਂ ਨੇ ਜੁਗਤ ਦਸ ਦਿਤੀ ਕਿ ਸਵਾਸ ਦੇ ਉਤੇ ਇਹਨੂੰ ਕੰਟਰੋਲ ਕਰ ਲਓ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥* *ਅੰਗ- ੧੨੫੩*

ਮਨ ਦੌੜਦਾ ਹੈ, ਕਾਬੂ ਕਰ ਲਓ। ਦਸ ਵਾਰੀ ਪਹਿਲਾਂ ਉੱਚੀ ਬੋਲ ਕੇ ਵਾਹਿਗੁਰੂ ਕਹਿ ਲਓ, ਦਸ ਮਿੰਟ ਚੁੱਪ ਕਰਕੇ ਕਰੋ। ਮਨ ਨੂੰ ਕੰਟਰੋਲ ਕਰਨ ਵਾਸਤੇ ਅਭਿਆਸ ਕਰੋ।

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫਤਹਿ।*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-50)*

**ਸਿਰੀਰਾਗੁ ਮਹਲਾ ੩**
**ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥**

ਹੇ ਭਾਈ! ਜਿਨੀ=ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਦੁਆਰਾ ਸੁਣ ਕੇ ਮੰਨਿਆ ਹੈ, ਤਿਨਾ=ਉਨ੍ਹਾਂ ਦਾ ਨਿਜ=ਆਪਣੇ ਸਰੂਪ ਰੂਪੀ ਘਰ ਵਿਚ ਵਾ: ਸੱਚਖੰਡ ਰੂਪੀ ਘਰ ਵਾ: ਤੁਰੀਆ ਪਦ ਵਿਚ ਵਾਸੁ=ਨਿਵਾਸ ਹੋਇਆ ਹੈ।

**ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ॥**

ਹੇ ਭਾਈ! ਜੇ ਤੂੰ ਵੀ ਚਾਹੁੰਦਾ ਹੈਂ ਕਿ ਸਰੂਪ ਰੂਪੀ ਘਰ 'ਚ ਨਿਵਾਸ ਕਰਨਾ ਹੈ ਤਾਂ ਗੁਰਮਤੀਆ ਬਣ ਕੇ ਸੱਚੇ ਪ੍ਰਭੂ ਦੀ ਸਾਲਾਹਿ=ਸਿਫ਼ਤ ਕਰ। ਜਿਨ੍ਹਾਂ ਨੇ ਸਾਲਾਹਿਆ ਹੈ, ਉਨ੍ਹਾਂ ਨੇ ਸਾਰੇ ਗੁਣਾਂ ਦਾ ਖਜ਼ਾਨਾ ਜੋ ਹਰਿ=ਪ੍ਰਭੂ ਹੈ ਉਸ ਨੂੰ ਪਾ ਲਿਆ ਹੈ।

**ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ॥**

ਜੋ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਰਤੇ=ਰੰਗੇ ਹੋਏ ਹਨ, ਸੇ=ਉਹ ਨਿਰਮਲੇ=ਉੱਜਲੇ (ਮੈਲ ਰਹਿਤ) ਹੋ ਗਏ ਹਨ, ਭਾਵ ਉਨ੍ਹਾਂ ਦੀ ਜਨਮ ਜਨਮਾਂਤਰਾਂ ਦੀ ਪਾਪਾਂ ਦੀ ਮੈਲ ਧੋਤੀ ਗਈ ਹੈ ਤੇ ਪਵਿੱਤਰ ਹੋ ਗਏ ਹਨ, ਹਉ=ਮੈਂ ਉਨ੍ਹਾਂ ਤੋਂ ਸਦ=ਸੈਂਕੜੇ ਵਾਰੀ ਵਾ: ਹਮੇਸ਼ਾ ਬਲਿਹਾਰੈ=ਕੁਰਬਾਨ ਜਾਸੁ=ਜਾਂਦਾ ਹਾਂ।

**ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ॥**

ਜਿਨ੍ਹਾਂ ਦੇ ਹਿਰਦਿਆਂ ਵਿਚ ਹਰਿ=ਪ੍ਰਭੂ ਕ੍ਰਿਪਾ ਕਰਕੇ ਆਪ ਵਸੈ=ਵਸਦਾ ਹੈ, ਉਹਨਾਂ ਦੇ ਘਟਿ=ਹਿਰਦਿਆਂ ਵਿਚ ਬ੍ਰਹਮ ਗਿਆਨ ਦਾ ਪਰਗਾਸੁ=ਪ੍ਰਕਾਸ਼ ਹੋ ਜਾਂਦਾ ਹੈ।

**ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ॥**

ਹੇ ਮੇਰੇ ਮਨ! ਜੋ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਤੇ ਨਿਰਮਲੁ=ਉੱਜਲ ਸਰੂਪ ਹੈ, ਉਸ ਨੂੰ ਧਿਆਉਣਾ ਕਰ।

**ਧੁਰਿ ਮਸਤਕਿ ਜਿਨ ਕਉ ਲਿਖਿਆ**
**ਸੇ ਗੁਰਮੁਖਿ ਰਹੇ ਲਿਵ ਲਾਇ॥ਰਹਾਉ॥**

ਜਿਨ੍ਹਾਂ ਦੇ ਮਸਤਕਿ=ਮੱਥੇ ਉੱਤੇ ਧੁਰਿ=ਧੁਰੋਂ ਹੀ ਪ੍ਰਭੂ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੋਇਆ ਹੈ, ਉਹ ਗੁਰਮੁਖਾਂ ਦੀ ਸੰਗਤ ਕਰਕੇ ਵਾ: ਗੁਰਮੁਖ ਹੋ ਕੇ ਪ੍ਰਭੂ ਵਿਚ ਲਿਵ=ਬਿਰਤੀ ਲਾਇ=ਲਾ ਰਹੇ ਹਨ।

**ਹਰ ਸੰਤਹੁ ਦੇਖਹੁ ਨਦਰਿ ਕਰਿ**
**ਨਿਕਟਿ ਵਸੈ ਭਰਪੂਰਿ॥**

ਹੇ ਹਰਿ=ਪ੍ਰਭੂ ਦੇ ਸੰਤਹੁ=ਸੰਤ ਜਨੋਂ! ਗਿਆਨ ਦ੍ਰਿਸ਼ਟੀ ਦੁਆਰਾ ਦੇਖਣਾ ਕਰੋ ਵਾ: ਹੇ ਸੰਤ ਜਨੋ! ਹਰਿ=ਪ੍ਰਭੂ ਨੂੰ ਗਿਆਨ ਦ੍ਰਿਸ਼ਟੀ ਕਰਕੇ ਦੇਖਣਾ ਕਰੋ, ਜੋ ਭਰਪੂਰਿ=ਵਿਆਪਕ ਪ੍ਰਭੂ=ਸਾਰਿਆਂ ਦੇ ਨਿਕਟਿ=ਨੇੜੇ ਹੀ ਵਸੈ=ਵਸਦਾ ਹੈ।

**ਗੁਰਮਤਿ ਜਿਨੀ ਪਛਾਣਿਆ; ਸੇ ਦੇਖਹਿ ਸਦਾ ਹਦੂਰਿ॥**

ਜਿਨੀ=ਜਿਨ੍ਹਾਂ ਨੇ ਗੁਰੂ ਮੱਤ ਦੁਆਰਾ ਉਸ ਪ੍ਰਭੂ ਤਾਈਂ ਪਛਾਣ ਲਿਆ ਹੈ, ਉਹ ਪ੍ਰਭੂ ਨੂੰ ਸਦਾ=ਹਮੇਸ਼ਾ ਹੀ ਹਦੂਰਿ=ਨੇੜੇ ਦੇਖਦੇ ਹਨ ਵਾ: ਉਹ ਦ੍ਰਿਸ਼ਟਾ ਰੂਪ ਹੋ ਕਰਕੇ ਚੇਤਨ ਸਰੂਪ ਨੂੰ ਸਦਾ ਨੇੜੇ ਦੇਖਦੇ ਹਨ।

**ਜਿਨ ਗੁਣ ਤਿਨ ਸਦ ਮਨਿ ਵਸੈ**
**ਅਉਗੁਣਵੰਤਿਆ ਦੂਰਿ॥**

ਹੇ ਭਾਈ! ਜਿਨ੍ਹਾਂ ਦੇ ਹਿਰਦੇ ਵਿਚ ਸ਼ਰਧਾ, ਪ੍ਰੇਮ ਤੇ ਭਗਤੀ ਆਦਿ ਸ਼ੁਭ ਗੁਣ ਹਨ, ਤਿਨ=ਉਨ੍ਹਾਂ ਦੇ ਸਦ=ਹਮੇਸ਼ਾ ਹੀ ਪ੍ਰਭੂ ਮਨ ਵਿਚ ਵਸੈ=ਵਸਦਾ ਹੈ ਅਤੇ ਅਉਗੁਣਵੰਤਿਆ=ਔਗੁਣ ਕਰਨ ਵਾਲੇ ਪੁਰਖਾਂ ਤੋਂ ਦੂਰ ਹੈ ਭਾਵ ਉਨ੍ਹਾਂ ਨੂੰ ਸਾਖਿਆਤ ਨਹੀਂ ਹੁੰਦਾ।

**ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥**

ਜੋ ਮਨਮੁਖ ਸ਼ਰਧਾ ਭਾਵਨਾ ਤੇ ਪ੍ਰੇਮ ਆਦਿ ਗੁਣਾਂ ਤੋ/ਨ ਬਾਹਰੇ=ਸੱਖਣੇ ਹਨ, ਉਹ ਬਿਨਾਂ ਪ੍ਰਭੂ ਦੇ ਨਾਮ ਤੋਂ ਝੂਰਿ=ਝੁਰ-ਝੁਰ ਕੇ ਮਰਦੇ ਹਨ।

**ਜਿਨ ਸਬਦਿ ਗੁਰੂ ਸੁਣਿ ਮੰਨਿਆ**
**ਤਿਨ ਮਨਿ ਧਿਆਇਆ ਹਰਿ ਸੋਇ॥**

ਜਿਨ=ਜਿਨ੍ਹਾਂ ਨੇ ਗੁਰੂ=ਗੁਰਾਂ ਦੇ ਸਬਦਿ=ਉਪਦੇਸ਼ ਨੂੰ ਸ਼ਰਧਾ ਤੇ ਵਿਸ਼ਵਾਸ਼ ਰੂਪੀ ਕੰਨਾਂ ਨਾਲ ਸੁਣ ਕੇ ਵਾ: ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਜੁਗਤੀ ਦੁਆਰਾ ਸੁਣ ਕੇ ਮੰਨਿਆ=ਮੰਨਣਾ ਕੀਤਾ ਹੈ। ਉਨ੍ਹਾਂ ਨੇ ਮਨ ਵਿਚ ਸੋਇ=ਸ਼ਿਰੋਮਣੀ ਹਰਿ=ਪ੍ਰਭੂ ਨੂੰ ਧਿਆਇਆ ਹੈ ਤੇ ਉਹ ਉਲਟ ਕੇ ਹਰੀ ਦਾ ਰੂਪ ਹੀ ਹੋ ਜਾਂਦੇ ਹਨ।

**ਅਨਦਿਨੁ ਭਗਤੀ ਰਤਿਆ**
**ਮਨੁ ਤਨੁ ਨਿਰਮਲੁ ਹੋਇ॥**

ਜੋ ਅਨਦਿਨੁ=ਹਰ ਰੋਜ਼ ਵਾ: ਦਿਨ ਰਾਤ ਰੱਬੀ ਭਗਤੀ 'ਚ ਰਤਿਆ=ਰੰਗੇ ਹੋਏ ਹਨ, ਉਨ੍ਹਾਂ ਦਾ ਮਨ ਤੇ ਤਨ ਨਿਰਮਲੁ=ਉੱਜਲਾ ਹੋਇ=ਹੋ ਜਾਂਦਾ ਹੈ ਭਾਵ ਉਹ ਪਾਪਾਂ ਵਲੋਂ ਹਟ ਕੇ ਪਵਿੱਤਰ ਜਾਂ ਸ਼ੁੱਧ ਸਰੂਪ

ਹੋ ਜਾਂਦੇ ਹਨ।

**ਕੂੜਾ ਰੰਗੁ ਕਸੁੰਭ ਕਾ**
**ਬਿਨਸਿ ਜਾਇ ਦੁਖੁ ਰੋਇ॥**

ਜਿਵੇਂ ਕਸੁੰਭੇ ਕਾ - ਦਾ ਰੰਗ ਕੂੜਾ=ਝੂਠਾ ਭਾਵ ਕੱਚਾ ਹੁੰਦਾ ਹੈ, ਜੋ ਪਾਣੀ ਦੀ ਬੂੰਦ ਪੈਣ ਨਾਲ ਹੀ ਬਿਨਸਿ=ਨਾਸ਼ ਹੋ ਜਾਇ=ਜਾਂਦਾ ਹੈ, ਇਸੇ ਪ੍ਰਕਾਰ ਵਿਸ਼ੇ ਵਿਕਾਰਾਂ ਦਾ ਵਾ: ਪਦਾਰਥਾਂ ਦਾ ਭੋਗਣਾ ਭਾਵ ਖਾਣਾ ਪਹਿਨਣਾ ਕਸੁੰਭੇ ਦੇ ਰੰਗ ਦੀ ਨਿਆਈਂ ਕੂੜਾ=ਝੂਠਾ ਹੈ, ਜਦੋਂ ਪਰਾਲਬਧ ਰੂਪੀ ਪਾਣੀ ਦੀਆਂ ਬੂੰਦਾਂ ਪੈਣ ਨਾਲ ਪੁੰਨ ਕਰਮ ਬਿਨਸਿ=ਨਾਸ਼ ਹੋ ਜਾਦੇ ਹਨ ਤਾਂ ਜੀਵ ਦੁਖੀ ਹੋ ਕੇ ਰੋਇ=ਰੋਂਦਾ ਹੈ।

**ਜਿਸੁ ਅੰਦਰਿ ਨਾਮੁ ਪ੍ਰਗਾਸੁ ਹੈ**
**ਓਹੁ ਸਦਾ ਸਦਾ ਥਿਰੁ ਹੋਇ॥**

ਜਿਸੁ=ਜਿਨ੍ਹਾਂ ਗੁਰਮੁਖਾਂ ਦੇ ਅੰਦਰ ਸੱਚੇ ਨਾਮ ਦਾ ਪ੍ਰਕਾਸ਼ ਹੈ, ਉਹ ਗੁਰਮੁਖ ਜਨ ਸਤਿ ਸਰੂਪ ਨੂੰ ਪਾ ਕੇ ਸਦਾ ਵਾਸਤੇ ਥਿਰੁ=ਇਸਥਿਤ ਹੋਇ=ਹੋ ਜਾਂਦੇ ਹਨ ਭਾਵ ਉਸ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ।

**ਇਹੁ ਜਨਮੁ ਪਦਾਰਥੁ ਪਾਇ ਕੈ**
**ਹਰਿ ਨਾਮੁ ਨ ਚੇਤੈ ਲਿਵ ਲਾਇ॥**

ਇਹੁ=ਇਸ ਅਮੋਲਕ ਮਨੁੱਖਾ ਜਨਮ ਰੂਪੀ ਪਦਾਰਥ ਨੂੰ ਪਾਇ=ਪਾ ਕੈ=ਕਰਕੇ ਜਿਹੜੇ ਮਨੁੱਖ ਹਰਿ ਨਾਮੁ=ਪ੍ਰਭੂ ਦੇ ਨਾਮ ਨੂੰ ਲਿਵ=ਬਿਰਤੀ ਜੋੜ ਕੇ ਨ ਚੇਤੈ=ਯਾਦ ਨਹੀਂ ਕਰਦੇ ਉਹ ਇਸ ਅਮੋਲਕ ਜਨਮ ਪਦਾਰਥ ਨੂੰ ਅਜਾਈਂ ਗਵਾ ਰਹੇ ਹਨ। ਇਸ ਕਰਕੇ ਹੇ ਭਾਈ! ਇਹ ਮਨੁੱਖਾ ਜਨਮ ਪਦਾਰਥ ਬੜਾ ਅਮੋਲਕ ਤੇ ਦੁਰਲੱਭ ਹੈ। ਇਹ ਬਾਕੀ ਸਾਰੀਆਂ ਜੂਨੀਆਂ ਦਾ ਸਰਦਾਰ ਹੈ।

**ਪਗਿ ਖਿਸਿਐ ਰਹਣਾ ਨਹੀਂ**
**ਆਗੈ ਠਉਰੁ ਨ ਪਾਇ॥**

ਹੇ ਭਾਈ! ਜਦੋਂ ਜ਼ਿੰਦਗੀ ਵਲੋਂ ਪਗਿ ਖਿਸਿਐ। ਪੈਰ ਖਿਸਕ ਗਿਆ ਤਾਂ ਫਿਰ ਰਹਿਣਾ ਨਹੀਂ ਮਿਲੇਗਾ। ਅੱਗੇ ਪਰਲੋਕ ਵਿਚ ਵੀ ਠਉਰੁ=ਥਾਂ ਨਹੀਂ ਪਾਇ=ਪ੍ਰਾਪਤ ਹੋਵੇਗਾ, ਕਿਉਂਕਿ ਮਨਮੁਖ ਜੀਵਾਂ ਨੇ ਪ੍ਰਭੂ ਪ੍ਰਾਪਤੀ ਕਰਨ ਵਾਲੇ ਮਨੁੱਖਾ ਜਨਮ ਨੂੰ ਵਿਸਿਆਂ 'ਚ ਹੀ ਨਾਸ਼ ਕਰ ਲਿਆ।

**ਓਹ ਵੇਲਾ ਹਥਿ ਨ ਆਵਈ**
**ਅੰਤਿ ਗਇਆ ਪਛੁਤਾਇ॥**

ਓਹ ਵੇਲਾ=ਉਹ ਸਮਾਂ ਜੋ ਗਲਤੀਆਂ ਕਰਦਿਆਂ ਗਵਾ ਲਿਆ, ਉਹ ਮੁੜ ਕੇ ਹੁਣ ਹੱਥ ਨਹੀਂ ਆਵੇਗਾ। ਹੇ ਭਾਈ! ਇਸ ਕਰਕੇ ਫਿਰ ਅੰਤ ਸਮੇਂ ਪਛੁਤਾਇ=ਪਛੁਤਾਵਾ ਕਰਦਿਆਂ ਹੋਇਆਂ ਹੀ ਇਥੋਂ ਚਲੇ ਜਾਂਦੇ ਹਨ, ਭਾਵ ਮਨਮੁਖ ਲੋਕ ਇਸ ਤਰ੍ਹਾਂ ਇਸ ਅਮੋਲਕ ਮਨੁੱਖਾ ਜਨਮ ਨੂੰ ਅਜਾਈਂ ਗਵਾ ਲੈਂਦੇ ਹਨ।

**ਜਿਸੁ ਨਦਰਿ ਕਰੇ ਸੋ ਉਬਰੈ**
**ਹਰਿ ਸੇਤੀ ਲਿਵ ਲਾਇ॥**

ਪਰ ਜਿਨ੍ਹਾਂ ਉਤੇ ਸਤਿਗੁਰੂ ਜੀ ਆਪਣੀ ਕ੍ਰਿਪਾ ਨਦਰਿ=ਦ੍ਰਿਸ਼ਟੀ ਕਰੇ=ਕਰਦੇ ਹਨ, ਸੋ ਉਬਰੈ=ਉਹ ਬਚ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਸਤਿਗੁਰੂ ਜੀ ਪ੍ਰਭੂ ਸੇਤੀ=ਨਾਲ ਲਿਵ=ਬ੍ਰਿਤੀ ਲਾਇ=ਲਾ ਦਿੰਦੇ ਹਨ।

**ਦੇਖਾ ਦੇਖੀ ਸਭ ਕਰੇ**
**ਮਨਮੁਖਿ ਬੂਝ ਨ ਪਾਇ॥**

ਬਾਕੀ ਹੋਰ ਬਹੁਤ ਸਾਰੇ ਲੋਕ ਉਨ੍ਹਾਂ ਗੁਰਮੁਖਾਂ ਦੀ ਦੇਖਾ-ਦੇਖੀ ਹੀ ਕਰਮ ਧਰਮ ਕਰਦੇ ਹਨ ਪਰ ਉਨ੍ਹਾਂ ਦੇ ਇਹ ਦਿਖਾਵੇ ਦੇ ਕਰਮ ਧਰਮ ਸਚਾਈ ਵਾਲੇ ਨਹੀਂ ਹੁੰਦੇ ਤੇ ਉਹ ਮਨਮੁਖਾਂ ਨੂੰ ਆਪਣੇ ਸਰੂਪ, ਪ੍ਰਮਾਰਥ ਵਾ: ਪਰਮੇਸ਼ਰ ਦੀ ਪ੍ਰਾਪਤੀ ਦੀ ਬੂਝ=ਸਮਝ ਨ=ਨਹੀਂ ਪਾਇ=ਪੈਂਦੀ।

**ਜਿਨ ਗੁਰਮੁਖਿ ਹਿਰਦਾ ਸੁਧੁ ਹੈ**
**ਸੇਵ ਪਈ ਤਿਨ ਥਾਇ॥**

ਜਿਨ੍ਹਾਂ ਗੁਰਮੁਖਾਂ ਦਾ ਹਿਰਦਾ=ਰਿਦਾ ਸੁਧ=ਪਵਿੱਤ੍ਰ ਹੈ, ਤਿਨ=ਉਨ੍ਹਾਂ ਦੀ ਹੀ ਸੇਵਾ=ਟਹਿਲ ਥਾਇ=ਥਾਂ ਪਈ=ਪੈਂਦੀ ਹੈ ਭਾਵ ਕਪਟੀ ਮਨ ਨਾਲ ਕੀਤੀ ਹੋਈ ਸੇਵਾ ਸਤਿਗੁਰਾਂ ਦੇ ਦਰ ਉੱਤੇ ਪ੍ਰਵਾਨ ਨਹੀਂ ਹੁੰਦੀ ਬਲਕਿ ਸ਼ੁੱਧ ਮਨ ਨਾਲ ਤੇ ਸ਼ਰਧਾ ਭਾਵਨਾ ਨਾਲ ਕੀਤੀ ਗਈ ਸੇਵਾ ਹੀ ਪ੍ਰਵਾਨ ਹੁੰਦੀ ਹੈ।

**ਹਰਿ ਗੁਣ ਗਾਵਹਿ, ਹਰਿ ਨਿਤ ਪੜਹਿ**
**ਹਰਿ ਗੁਣ ਗਾਇ ਸਮਾਇ॥**

ਹੇ ਭਾਈ! ਜੋ ਹਰਿ=ਪ੍ਰਭੂ ਦੇ ਗੁਣਾਂ ਨੂੰ ਕੀਰਤਨ ਰੂਪ 'ਚ ਗਾਵਹਿ=ਗਾਉਂਦੇ ਹਨ ਅਤੇ ਪ੍ਰਭੂ ਦੇ ਗੁਣਾਂ ਨੂੰ ਪਾਠ ਦੇ ਰੂਪ 'ਚ ਪੜਹਿ=ਪੜ੍ਹਦੇ ਹਨ ਵਾ: ਧਰਮ ਸ਼ਾਸਤ੍ਰਾਂ ਦਾ ਪਠਨ ਕਰਦੇ ਹਨ, ਉਹ ਹਰੀ ਦੇ ਗੁਣਾਂ ਨੂੰ ਗਾ ਕੇ ਭਾਵ ਸਿਮਰ ਕੇ ਉਸ ਪ੍ਰਭੂ 'ਚ ਸਮਾਇ=ਅਭੇਦ ਹੋ ਜਾਂਦੇ ਹਨ। ਸਮਾਇ ਸ਼ਬਦ ਫਾਰਸੀ 'ਚ ਮਸਤੀ ਦਾ ਹੈ ਵਾ: ਉਹ ਪ੍ਰਭੂ ਭਗਤੀ ਵਿਚ ਭਾਵ ਮਸਤ ਹੋਏ ਰਹਿੰਦੇ ਹਨ।

**ਨਾਨਕ ਤਿਨ ਕੀ ਬਾਣੀ, ਸਦਾ ਸਚੁ ਹੈ**
**ਜਿ ਨਾਮਿ ਰਹੇ ਲਿਵ ਲਾਇ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਤਿਨ=ਉਨ੍ਹਾਂ ਗੁਰਮੁਖਾਂ ਕੀ=ਦੀ ਮੂੰਹੋਂ ਨਿਕਲੀ ਬਾਣੀ ਸਦਾ ਸੱਚੀ ਹੁੰਦੀ ਹੈ ਵਾ: ਸੱਚ ਸਰੂਪ ਨਾਲ ਜੋੜਣ ਵਾਲੀ ਹੁੰਦੀ ਹੈ। ਜਿ=ਜਿਹੜੇ ਗੁਰਮੁਖ ਜਨ ਪਰਮੇਸ਼ਰ ਦੇ ਨਾਮ ਵਿਚ ਆਪਣੀ ਲਿਵ=ਬਿਰਤੀ ਨੂੰ ਲਾਇ=ਲਾ ਕੇ ਰਹੇ=ਰਹਿੰਦੇ ਹਨ, ਭਾਵ ਉਹ ਮਿਥਿਆ ਵਚਨ ਨਹੀਂ ਕਰਦੇ ਅਤੇ ਉਨ੍ਹਾਂ ਦੇ ਮੁਖੋਂ ਨਿਕਲੇ ਵਚਨ ਪੂਰੇ ਤੇ ਸੱਚੇ ਹੀ ਹੁੰਦੇ ਹਨ।

*'ਚਲਦਾ........।'*

# ਨੂਰਾਨੀ ਮਿਲਾਪ - 7

*(ਡਾ.) ਭਾਈ ਸੁਖਵਿੰਦਰ ਸਿੰਘ*

**(ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ)**

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***
***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥(ਅੰਗ-612)***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-)*

## ਸੱਚ ਦਾ ਜਨੇਊ

ਕੁਲ ਰੀਤ ਅਨੁਸਾਰ ਪਿਤਾ ਮਹਿਤਾ ਕਲਿਆਨ ਦਾਸ ਜੀ ਵਲੋਂ ਪ੍ਰੋਹਿਤ ਹਰਦਿਆਲ ਨੂੰ ਬੁਲਾ ਕੇ ਜਨੇਊ ਦੀ ਰਸਮ ਦਾ ਦਿਨ ਤੇ ਸਮਾਂ ਮੁਕਰੱਰ ਕੀਤਾ। ਮੰਤ੍ਰ ਉਚਾਰ ਕੇ ਪ੍ਰੋਹਿਤ ਵਲੋਂ ਜੰਞੂ ਤਿਆਰ ਕੀਤਾ ਗਿਆ। ਚੁੱਲ੍ਹਾ ਚੌਂਕਾ ਗਊ ਦੇ ਗੋਹੇ ਨਾਲ ਲਿਪਿਆ ਗਿਆ। ਖੱਤਰੀ ਧਰਮ ਦੀ ਮਰਿਆਦਾ ਅਨੁਸਾਰ ਇਹ ਧਰਮ ਦਾ ਕਾਰਜ ਧਰਮ ਵਿਚ ਪ੍ਰਵੇਸ਼ ਕਰਨ ਲਈ ਦਾਖਲਾ ਸੀ। ਪਰ ਅਗਿਆਨ ਰੂਪੀ ਧੁੰਧ ਨੂੰ ਮਿਟਾਉਣ ਵਾਲੇ ਸਤਿਗੁਰੂ ਗਿਆਨ ਦਾ ਪ੍ਰਕਾਸ਼ ਬਖਸ਼ ਕੇ ਚਾਨਣ ਵੰਡਣ ਲਈ ਆਏ ਹਨ। ਹਨ੍ਹੇਰੇ ਤੋਂ ਨਿਜਾਤ ਦਿਵਾ ਕੇ ਪ੍ਰਕਾਸ਼ ਬਖਸ਼ਣਾ ਉਨ੍ਹਾਂ ਦਾ ਮੁੱਖ ਮੰਤਵ ਸੀ। ਫੋਕਟ ਕਰਮਕਾਂਡਾਂ ਤੋਂ ਨਿਜਾਤ ਦਿਵਾ ਕੇ ਜੀਵਨ ਦੀ ਸਾਰਥਕਤਾ ਦਾ ਗਿਆਨ ਕਰਾਉਣ ਹਿਤ ਹੀ ਉਨ੍ਹਾਂ ਨੇ ਪ੍ਰਕਾਸ਼ ਧਾਰਿਆ ਹੈ।

ਜਨੇਊ ਧਾਰਨ ਦੀ ਰਸਮ ਵਿਚ ਵੀ ਐਸਾ ਹੀ ਵਾਪਰਿਆ।

ਹੇ ਪ੍ਰੋਹਿਤ ਜੀ! ਰਸਮੀ ਜਨੇਊ ਪਾਉਣ ਤੋਂ ਨਾਂਹ ਨਹੀਂ ਹੈ ਪਰ ਇਸ ਦੀ ਬਣਤਰ ਮੇਰੇ ਮੁਤਾਬਿਕ ਹੋਣੀ ਜ਼ਰੂਰੀ ਹੈ। ਮੈਨੂੰ ਜਨੇਊ ਪਾ ਦਿਉ ਪਰ ਰਸਮੀ ਨਹੀਂ ਸਾਰਥਕਤਾ ਵਾਲਾ, ਜੀਵਨ ਨੂੰ ਗਿਆਨ ਦੇ ਪ੍ਰਕਾਸ਼ ਵਿਚ ਲਿਜਾਣ ਵਾਲਾ ਹੋਣਾ ਚਾਹੀਦਾ ਹੈ। ਜੇਕਰ ਉਸ ਦੀ ਖੂਬੀ ਦਾ ਤੁਹਾਨੂੰ ਪ੍ਰੋਹਿਤ ਜੀ, ਗਿਆਨ ਨਹੀਂ ਹੈ ਤਾਂ ਫਿਰ ਗਿਆਨ ਦੇ ਪਾਤਰ ਬਣੋ। ਅਗੰਮੀ ਰੰਗ ਵਿਚ ਰੰਗੇ ਸਤਿਗੁਰੂ ਨੇ ਫੁਰਮਾਨ ਕੀਤਾ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਅੰਗ- ੪੭੧*

ਧਰਮ ਦੇ ਇਨ੍ਹਾਂ ਸਦਗੁਣਾਂ ਦਾ ਮਨੁੱਖ ਦੇ ਅੰਦਰ ਵਾਸਾ ਹੋਣਾ ਜ਼ਰੂਰੀ ਹੈ। ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤ ਦੀਆਂ ਗੰਢਾਂ, ਸਤ ਦਾ ਵੱਟ ਹੋਵੇ। ਜੇਕਰ ਇਨ੍ਹਾਂ ਗੁਣਾਂ ਵਾਲਾ ਤੇਰੇ ਕੋਲ ਜਨੇਊ ਹੈ ਤਾਂ ਲਿਆਉ ਮੈਂ ਧਾਰਨ ਕਰ ਲਵਾਂਗਾ। ਇਹ ਕਦੇ ਟੁੱਟੇਗਾ ਨਹੀਂ, ਇਹ ਕਦੇ ਮੈਲਾ ਵੀ ਨਹੀਂ ਹੋਏਗਾ। ਜੋ ਮਨੁੱਖ ਇਸ ਤਰ੍ਹਾਂ ਦਾ ਜਨੇਊ ਧਾਰਨ ਕਰਦੇ ਹਨ, ਉਹ ਧੰਨਤਾ ਦੇ ਯੋਗ ਹਨ। ਇਸ ਅਗੰਮੀ ਨਾਦ ਨੂੰ ਸੁਣਨ ਤੋਂ ਬਾਅਦ ਪ੍ਰੋਹਿਤ ਹਰਦਿਆਲ ਦੀ ਅਜੇ ਨਿਸ਼ਾ ਨਹੀਂ ਹੋਈ ਫਿਰ ਬੋਲਿਆ ਕਿ ਮੇਰੇ ਵਾਲਾ ਜਨੇਊ ਵੇਦ ਧਰਮ 'ਚ ਪਵਿੱਤਰ ਮੰਨਿਆ ਗਿਆ ਹੈ। ਗੁਰੂ ਜੀ ਦਾ ਇਲਾਹੀ ਨਾਦ ਫਿਰ ਗੂੰਜਿਆ -

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥*
*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥*
*ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥*

*ਅੰਗ - ੪੭੧*

ਪੰਡਿਤ ਜੀ! ਇਹ ਜਨੇਊ ਚਾਰ ਕੌਡੀਆਂ ਦੇ ਮੁੱਲ ਦਾ ਲਿਆ ਕੇ, ਚੌਂਕੇ ਤੇ ਬਹਿ ਕੇ ਪਾ ਦਿਤਾ ਗਲ ਵਿਚ। ਪਰ ਜਦੋਂ ਉਹ ਮਨੁੱਖ ਮਰਦਾ ਹੈ ਤਾਂ ਸਸਕਾਰ ਸਮੇਂ ਇਹ ਵੀ ਨਾਲ ਹੀ ਸੜ ਜਾਂਦਾ ਹੈ। ਫਿਰ ਤਾਂ ਜਨੇਊ ਤੋਂ ਬਿਨਾਂ ਹੀ ਦਰਗਾਹ ਵਿਚ ਮਨੁੱਖ ਗਿਆ। ਫਿਰ ਇਸਦਾ ਦਾ ਕੀ ਫਾਇਦਾ ਹੋਇਆ?

ਹੁਣ ਪ੍ਰੋਹਿਤ ਗਿਆਨ ਦੇ ਪ੍ਰਕਾਸ਼ ਤੋਂ ਚਾਨਣਾ ਲੈਣ ਦਾ ਇਛੁਕ ਬਣਿਆ। ਬੁੱਧੀ ਮੰਡਲ ਦੀ ਰਸਮੀ ਕਾਰਵਾਈ ਵਿਚੋਂ ਨਿਕਲ ਕੇ ਅਸਲੀਅਤ ਵਲ ਬੁੱਧੀ ਉਤਾਵਲੀ ਹੋਈ। ਸੱਚੇ ਪਾਤਸ਼ਾਹ! ਫਿਰ ਦਰਗਾਹ ਵਿਚ ਨਾਲ ਜਾਣ ਵਾਲੇ ਜਨੇਊ ਬਾਰੇ ਹੋਰ ਦੱਸੋ। ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥*
*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥*

*ਅੰਗ- ੪੭੧*

ਪ੍ਰਮੇਸ਼ਰ ਦਾ ਨਾਮ ਤੇ ਉਸ ਦੀ ਸਿਫਤ ਸਲਾਹ ਨਾਲ ਉਸ ਦੀ ਕਪਾਹ ਤੇ ਸੂਤ ਤਿਆਰ ਹੁੰਦਾ ਹੈ। ਇਸ ਤਰ੍ਹਾਂ ਦਾ ਧਾਰਨ ਕੀਤਾ ਜਨੇਊ ਦਰਗਾਹ ਵਿਚ ਨਾਲ ਜਾਂਦਾ ਹੈ। ਸੱਚੇ ਜਨੇਊ ਦੀ ਅਸਲੀਅਤ ਨੂੰ ਸਮਝ ਕੇ ਨੂਰਾਨੀ ਮੁਖੜੇ ਤੋਂ ਰੂਹਾਨੀ ਗੱਲਾਂ ਸੁਣ ਕੇ ਪ੍ਰੇਮੀ ਨਿਹਾਲ ਹੋ ਕੇ ਘਰਾਂ ਨੂੰ ਪਰਤੇ।

# ਵਾਰਾਂ ਭਾਈ ਗੁਰਦਾਸ
# ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

## 3. ਪਉੜੀ (ਮਨੁੱਖ ਜਨਮ ਦੀ ਉੱਤਮਤਾ)

**ਚਉਰਾਸੀਹ ਲਖ ਜੋਨਿ ਵਿਚਿ ਉਤਮ ਜਨਮ ਸੁ ਮਾਣਸਿ ਦੇਹੀ।**
**ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣੁ ਬਚਨ ਸਨੇਹੀ।**

ਅਰਥਾਤ - ਚੌਰਾਸੀਹ ਲੱਖ ਜੂਨਾਂ ਵਿਚ ਮਨੁੱਖ ਸਰੀਰ ਉੱਤਮ ਜਨਮ ਹੈ; (ਕਿਉਂ ਜੋ) ਅੱਖਾਂ ਸ਼ੁਭ ਵੇਖਦੀਆਂ, ਕੰਨ (ਸ਼ੁਭ ਬਚਨ) ਸੁਣਦੇ, ਮੁਖ (ਅਰਥਾਤ ਜੀਭਾਂ) ਸ਼ੁਭ ਤੇ ਪ੍ਰੇਮ ਦੇ ਵਾਕ ਬੋਲਦੀਆਂ ਹਨ। (ਭਾਵ ਇਹ ਕਿ ਪਸ਼ੂ ਪੰਛੀ ਭੀ ਵੇਖਣ ਆਦਿ ਕ੍ਰਿਆ ਕਰਦੇ ਹਨ, ਪ੍ਰੰਤੂ ਉਹਨਾਂ ਵਿਖੇ ਸ਼ੁਭ ਅਸ਼ੁਭ ਦਾ ਗਿਆਨ ਨਹੀਂ, ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ, 'ਕਬੀਰ ਮਾਨਸ ਜਨਮੁ ਦੁਲੰਭੁ ਹੈ।' ਅੱਗੇ ਕਰਮ ਇੰਦ੍ਰੀਆਂ ਦਾ ਕੰਮ ਦਸਦੇ ਹਨ -

**ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ।**
**ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣ ਭਾਇ ਕਰੇਹੀ।**

ਹੱਥਾਂ ਨਾਲ ਕਾਰ ਕਰੇ, ਪੈਰਾਂ ਨਾਲ ਤੁਰ ਕੇ ਸਤਿਸੰਗ ਵਿਚ ਮਿਲੇ। ਧਰਮ ਦੀ ਬਿਰਤੀ (ਉਪਜੀਵਕਾ) ਦੀ ਕਿਰਤ (ਕਾਰ) ਕਰਕੇ ਖੱਟ ਕੇ ਖਾਵੇ ਤੇ ਖਵਾਲੇ। (ਭਾਵ ਚੋਰੀ ਯਾਰੀ ਦੀ ਉਪਜੀਵਕਾ ਨਾ ਬਣਾਵੇ। ਯਥਾ - ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

**ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ॥**
**ਗੁਰ ਭਾਈ ਸੰਤੁਸਟਿ ਕਰਿ ਚਰਣਾਮਿਤੁ ਲੈ ਮੁਖਿ ਪਿਵੇਹੀ॥**

(ਉਨ੍ਹਾਂ) ਗੁਰਮੁਖਾਂ ਦਾ ਜਨਮ ਸਫਲ ਹੈ (ਜੋ) ਗੁਰੂ ਦੀ ਬਾਣੀ (ਆਪ) ਪੜ੍ਹ ਕੇ ਤੇ ਸਮਝ ਕੇ ਸੁਣਾਉਂਦੇ ਹਨ; (ਭਾਵ ਦੀਵਾ ਬਾਲ ਕੇ ਪੜੋਪੇ ਹੇਠ ਨਹੀਂ ਲੁਕਾਉਂਦੇ, ਹੋਰਨਾਂ ਨੂੰ ਵੀ ਚਾਨਣ ਕਰਦੇ ਹਨ) ਗੁਰ ਭਾਈਆਂ ਨੂੰ ਪ੍ਰਸੰਨ ਕਰਦੇ, (ਤੇ ਉਨ੍ਹਾਂ ਦੇ ਚਰਣ ਧੋ ਕੇ) ਚਰਨ ਅੰਮ੍ਰਿਤ ਮੂੰਹ ਵਿਚ ਲੈ ਕੇ ਪੀਂਦੇ ਹਨ। (ਭਾਵ ਅੰਗੂਠਾ ਧੋ ਕੇ ਕਿੰਚਤ ਚਰਣਾਮ੍ਰਿਤ ਪਾਨ ਕਰਦੇ ਹਨ। ਯਥਾ - 'ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥' ਦਸਵੇਂ ਜਾਮੇ ਵਿਚ ਸਤਿਗੁਰਾਂ ਨੇ ਖੰਡੇ ਦੇ ਅੰਮ੍ਰਿਤ ਦੀ ਮਰਿਯਾਦਾ ਬੰਨ੍ਹ ਕੇ ਇਸ ਮਰਿਯਾਦਾ ਨੂੰ ਉਸ ਵਿਚ ਲੀਨ ਕਰ ਦਿਤਾ, ਚਰਣਾਮਿਤੁ ਦਾ ਭਾਵ ਅਤੀ ਨਿੰਮ੍ਰਤਾ ਤੋਂ ਹੈ। ਕਠੋਰ ਚਿਤ ਦਾ ਚਰਨਾਂਮ੍ਰਿਤ ਪੀਣਾ ਮਖ਼ੌਲ ਹੈ।

**ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ॥**
**ਆਪਿ ਤਰੇ ਗੁਰ ਸਿਖ ਤਰੇਹੀ॥**

(ਇਸ ਉਕਤ ਪਉੜੀ ਦਾ ਸਿੱਟਾ ਇਹ ਹੈ ਕਿ) ਪੈਰੀਂ ਪੈਣਾ ਨਾ ਛੱਡੀਏ, ਕਲਜੁਗ ਦੇ ਸਮੇਂ ਵਿਖੇ (ਨਿੰਮ੍ਰਤਾ ਹੀ) ਸੱਚਾ ਰਾਹ ਹੈ। (ਕਿ ਉਹ) ਗੁਰਮੁਖ (ਜੋ ਇਸ ਰਸਤੇ ਚੱਲਣਗੇ) ਆਪ ਤਰਨਗੇ (ਤੇ ਹੋਰਨਾਂ ਨੂੰ ਬੀ) ਤਾਰਨਗੇ। (ਯਥਾ:- 'ਮੰਨੈ ਤਰੈ ਤਾਰੈ ਗੁਰ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥ ਦਸਵੇਂ ਜਾਮੇ ਵਿਚ ਗੁਰੂ ਜੀ ਨੇ 'ਵਾਹਿਗੁਰੂ ਜੀ ਕੀ ਫਤਹਿ' ਦੀ ਮਰਿਯਾਦਾ ਬੰਨ੍ਹੀ)

## 4 ਪਉੜੀ (ਜਗਤ ਕਾਰਣ)

**ਓਅੰਕਾਰ ਆਕਾਰ ਕਰਿ ਏਕ ਕਵਾਉ ਪਸਾਉ ਪਸਾਰਾ।**

**ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।**

ਕਵਾਉ=ਵਾਕ, ਪਰਵਾਣੁ=ਵਜ਼ਨ, ਅੰਦਾਜ਼ਾ।

ਅਰਥ - (ਓਅੰਕਾਰ) ਪਰਮਾਤਮਾ ਨੇ ਇਕ ਬਚਨ ਤੋਂ ਆਕਾਰ ਰਚ ਕੇ (ਸਾਰਾ ਪਸਾਰਾ ਪਸਾਰ ਦਿਤਾ ਹੈ (ਭਾਵ ਪਹਿਲੇ ਪਹਿਲ ਇਕ ਵਾਹਿਗੁਰੂ ਹੀ ਸੀ, ਉਸ ਨੇ ਇਕ ਬਚਨ ਨਾਲ ਸਾਰਾ ਪਸਾਰਾ ਕੀਤਾ) (ਫੇਰ) ਪੰਜਾਂ ਤੱਤਾਂ ਤੋਂ ਬ੍ਰਹਿਮੰਡ ਰਚ ਕੇ ਆਪ (ਘਟ ਘਟ ਕਹੀਏ) ਹਰੇਕ ਸਰੀਰ ਵਿਖੇ (ਪਰਵੇਸ਼ ਕਰਕੇ ਆਪ ਜੋ) ਤਿੰਨਾਂ ਭਵਨਾਂ ਦਾ ਸਾਰ ਰੂਪ (ਹੈ, ਸੱਤਾ ਦੇ ਰਿਹਾ ਹੈ। (ਪੰਜ ਤੱਤਾਂ ਦਾ ਪਰਵਾਣ=ਤੋਲ, ਯਾ ਅੰਦਾਜ਼ਾ ਇਕੋ ਜਿਹਾ ਰੱਖਣ ਦਾ ਭਾਵ ਇਹ ਹੈ ਕਿ ਕੋਈ ਤੱਤ ਕਿਸੇ ਤੇ ਬਲੀ ਨਾ ਪਵੇ, ਇਕ ਸਾਰਖੇ ਰਹਿਣ। ਪਰਵਾਨ ਦਾ ਅਰਥ 'ਮਨਜ਼ੂਰ ਕਰਕੇ ਭੀ ਕਹਿੰਦੇ ਹਨ)

**ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।**

**ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।**

(ਕਾਦਰ) ਕੁਦਰਤ ਦਾ ਕਰਤਾ ਕਿਸੇ ਨਹੀਂ ਡਿੱਠਾ (ਉਸ ਨੇ ਪਹਿਲੇ) ਮਾਯਾ ਬਣਾ ਕੇ ਅਵਤਾਰ (ਬ੍ਰਹਮਾਦਿਕ) ਕੀਤੇ ਹਨ। ਇਕ ਮਾਯਾ ਥੋਂ ਲੱਖਾਂ (ਬ੍ਰਹਿਮਾਂਡ) ਰਚਦਾ ਹੈ (ਫੇਰ) ਲੱਖਾਂ ਬੇਅੰਤ ਅਸੰਖ ਅਪਾਰ (ਰਚਨਾ ਸਾਜਦਾ ਹੈ) (ਇਥੇ ਚਾਰ ਵਾਰ ਕਹਿਣ ਦਾ ਭਾਵ ਜੁਗਾਂ ਵਿਖੇ ਅਸੰਖ ਤੇ ਅਪਾਰ ਰਚਨਾ ਸਿਰਜਣ ਦਾ ਹੈ)

**ਰੋਮ ਰੋਮ ਵਿਚਿ ਰਖਿਓਨਿ ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ।**

**ਇਕਸ ਇਕਸ ਬ੍ਰਹਿਮੰਡ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ।**

ਆਪਣੇ ਇਕ-ਇਕ ਰੋਮ ਵਿਖੇ ਕਰੋੜਾਂ ਦੀ ਗਿਣਤੀ ਵਿਚ ਬ੍ਰਹਿਮੰਡ (ਉਸ ਨੇ) ਰੱਖੇ ਹੋਏ ਹਨ। ਹਰ ਬ੍ਰਹਿਮੰਡ ਵਿਖੇ ਦਸ-ਦਸ ਔਤਾਰ ਕਰਕੇ ਸਾਜੇ ਹੋਏ ਹਨ (ਭਾਵ ਬੇਅੰਤ ਬ੍ਰਹਿਮੰਡ ਤੇ ਬੇਅੰਤ ਹੀ ਅਵਤਾਰ ਹਨ)

**ਕੇਤੇ ਬੇਦ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।**

**ਕੁਦਰਤਿ ਇਕੁ ਏਤਾ ਪਾਸਾਰਾ।**

ਕਈ ਵੇਦਾਂ (ਦੇ ਵਕਤ) ਬਿਆਸ ਕਰ ਦਿਤੇ, ਕਈ ਕਿਤਾਬਾਂ, (ਕਈ) ਮੁਹੰਮਦ (ਅਰ ਕਈ ਉਸ ਦੇ) ਯਾਰ ਬਣਾ ਦਿਤੇ। (ਪ੍ਰੰਤੂ) ਕੁਦਰਤ ਇਕ ਹੈ, (ਜਿਸ ਦਾ) ਇੰਨਾ ਪਸਾਰਾ (ਪਸਰਿਆ ਹੈ)

## 5. ਪਉੜੀ (ਜੁੱਗ ਆਦਿਕ)

**ਚਾਰਿ ਜੁਗਿ ਕਰਿ ਥਾਪਨਾ ਸਤਿਜੁਗ ਤ੍ਰੇਤਾ ਦੁਆਪਰ ਸਾਜੇ।**

**ਚਉਥਾ ਕਲਿਜੁਗੁ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।**

ਅਰਥ - ਚਾਰ ਜੁੱਗਾਂ ਦੀ ਥਾਪਨਾ ਥਾਪ ਕੇ ਸਤਿਜੁਗ, ਤ੍ਰੇਤਾ, ਦੁਆਪਰ ਰਚੇ। ਚੌਥਾ ਕਲਿਜੁਗ ਬਣਾਇਆ, ਚਾਰ ਵਰਣ ਚਾਰਾਂ ਦੇ ਰਾਜੇ ਬਣਾਏ। (ਅੱਗੇ ਵਰਣਾਂ ਦੇ ਨਾਮ ਦਸਦੇ ਹਨ)

**ਬ੍ਰਹਮਣ, ਛਤ੍ਰੀ, ਵੈਸ, ਸੂਦਰ, ਜੁਗੁ ਜੁਗੁ ਏਕੋ ਵਰਨ ਬਿਰਾਜੇ।**

**ਸਤਿਜੁਗ ਹੰਸ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।**

ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ (ਚਾਰ ਵਰਨ ਹਨ, ਪਰੰਤੂ ਆਪ) ਚਾਰੇ ਜੁਗਾਂ ਵਿਖੇ ਇਕੋ ਹੀ ਸਰੂਪ ਸ਼ੋਭ ਰਿਹਾ ਹੈ। ਸਤਿਜੁਗ ਵਿਖੇ ਹੰਸ ਅਉਤਾਰ ਧਾਰ ਕੇ ਸੋਹੰ ਬ੍ਰਹਮ (ਦਾ ਪਤਾ ਦੱਸਿਆ) ਦੂਜਾ ਪਾਖੰਡ ਨਹੀਂ ਕੀਤਾ।

**ਏਕੋ ਬ੍ਰਹਮ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ।**

**ਕਰਨਿ ਤਪਸਿਆ ਬਨਿ ਵਿਖੈ ਵਖਤ ਗੁਜਾਰਨਿ ਪਿੰਨੀ ਸਾਗੇ।**

(ਬਾਕੀ ਪੰਨਾ 55 'ਤੇ)

# ਭਾਈ ਨੰਦ ਲਾਲ ਜੀ

## ਗਜ਼ਲਾਂ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-44)*

9.

**ਬਦਰ ਦਰ ਪੇਸ਼ਿ ਰੁਖਤ ਸ਼ਰਮਿੰਦਾ ਅਸਤ**
**ਬਲਕਿ ਖੁਸ਼ੀਦਿ ਜਹਾਂ ਹਮ ਬੰਦਾ ਅਸਤ।**

ਤੇਰੇ ਮੁਖੜੇ ਦੇ ਸਾਹਮਣੇ ਚੰਨ ਵੀ ਸ਼ਰਮਿੰਦਾ ਹੈ। ਨਹੀਂ, ਸਗੋਂ ਜਹਾਨ ਦਾ ਸੂਰਜ ਵੀ ਤੇਰਾ ਗੁਲਾਮ ਹੈ।

**ਚਸ਼ਮਿ ਮਾ ਹਰਗਿਜ਼ ਬਗੈਰ ਅਜ਼ ਹੱਕ ਨਾ ਦੀਦ**
**ਐ ਖੁਸ਼ਾ ਚਸ਼ਮੇ ਕਿ ਹੱਕ ਬੀਨਿੰਦਾ ਅਸਤ।**

ਸਾਡੀ ਅੱਖ ਨੇ ਸਿਵਾਇ ਰੱਬ ਦੇ ਕਿਸੇ ਨੂੰ ਨਹੀਂ ਵੇਖਿਆ! ਵਾਹ! ਕਿੰਨੀ ਸੁਭਾਗੀ ਹੈ ਉਹ ਅੱਖ ਜਿਹੜੀ ਕਿ ਰੱਬ ਨੂੰ ਵੇਖਣ ਵਾਲੀ ਹੈ।

**ਮਾ ਨਮੀ ਲਾਫ਼ੇਮ ਅਜ਼ ਜ਼ੁਹਦੋ ਰਿਆ**
**ਗਰ ਗੁਨਾਹਗਾਰੇਮ ਹੱਕ ਬਖ਼ਸਿੰਦਾ ਅਸਤ।**

ਅਸੀਂ ਕਦੀ ਆਪਣੀ ਭਗਤੀ ਅਤੇ ਪਾਖੰਡ ਦੀ ਡੀਂਗ ਨਹੀਂ ਮਾਰਦੇ, ਜੇਕਰ ਅਸੀਂ ਗੁਨਾਹਗਾਰ ਹਾਂ, ਤਾਂ ਰੱਬ ਬਖਸ਼ਣਹਾਰ ਹੈ।

**ਦੀਗਰੇ ਰਾ ਅਜ਼ ਕੁਜਾ ਆਰੇਮ ਮਾ**
**ਸ਼ੋਰ ਦਰ ਆਲਮ ਯਕੇ ਅਫ਼ਗੰਦਾ ਅਸਤ।**

ਕਿਸੇ ਦੂਜੇ ਨੂੰ ਅਸੀਂ ਹੋਰ ਕਿਥੋਂ ਲਿਆਈਏ? ਇੱਕ ਦਾ ਹੀ ਇਸ ਦੁਨੀਆਂ ਵਿਚ ਬਥੇਰਾ ਰੌਲਾ ਪਿਆ ਹੋਇਆ ਹੈ।

**ਹਰਫ਼ਿ ਗੈਰ ਅਜ਼ ਹੱਕ ਨਿਆਇਦ ਹੀਚਗਾਹ**
**ਬਰ ਲਬਿ ਗੋਯਾ ਕਿ ਹੱਕ ਬਖ਼ਸਿੰਦਾ ਅਸਤ।**

ਰੱਬ ਤੋਂ ਸਿਵਾਇ ਦੂਜਾ ਹਰਫ਼ ਕਦੀ ਵੀ ਗੋਯਾ ਦੇ ਬੁੱਲ੍ਹਾਂ ਤੇ ਨਹੀਂ ਆਉਂਦਾ, ਕਿਉਂ ਜੋ ਰੱਬ ਬਖਸ਼ਣਹਾਰ ਹੈ।

10

**ਦਰਮਿਆਨਿ ਬਜ਼ਮਿ ਮਾ ਜੁਜ਼ ਕਿੱਸਾਇ ਜਾਨਾਨਾ ਨੀਸਤ**
**ਬੇ-ਹਜਾਬ ਆ ਅੰਦਰੀਂ ਮਜਲਿਸ ਕਿ ਕਸ ਬੇਗਾਨਾ ਨੀਸਤ।**

ਸਾਡੀ ਮਹਿਫ਼ਲ ਵਿਚ ਤਾਂ ਬਿਨਾਂ ਪ੍ਰੀਤਮ ਦੇ ਹੋਰ ਕਿਸੇ ਦੀ ਕਥਾ ਕਹਾਣੀ ਨਹੀਂ ਹੁੰਦੀ। ਬਿਨਾਂ (ਸ਼ੱਕ ਦੇ) ਪਰਦੇ ਤੇ ਅੰਦਰ ਲੰਘ ਆ, ਇਸ ਸੰਗਤ ਵਿਚ ਕੋਈ ਓਪਰਾ ਨਹੀਂ।

**ਬਿਗੁਜ਼ਰ ਅਜ਼ ਬੇਗਾਨਗੀਹਾ ਓ ਬਖੁਦ ਆਸ਼ਨਾ ਸੋ**
**ਹਰ ਕਿ ਬਾ ਖੁਦ ਆਸ਼ਨਾ ਸ਼ੁਦ ਅਜ਼ ਖੁਦਾ ਬੇਗਾਨਾ ਨੀਸਤ।**

ਤਾਤ ਪਰਾਈ ਛੱਡ ਦੇ ਅਤੇ ਆਪਣੇ ਆਪ ਨੂੰ ਜਾਣ, ਜੋ ਭੀ ਆਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਰੱਬ ਤੋਂ ਉਪਰਾ ਨਹੀਂ ਹੈ।

**ਸ਼ੌਕਿ ਮੌਲਾ ਹਰ ਕਿ ਰਾ ਬਾਸ਼ਦ ਹਮਾਂ ਸਾਹਿਬ-ਦਿਲ ਅਸਤ**
**ਕਾਰਿ ਹਰ ਦਾਨਾ ਨਾ ਬਾਸ਼ਦ ਕਾਰਿ ਹਰ ਦੀਵਾਨਾ ਨੀਸਤ।**

ਜਿਸ ਕਿਸੇ ਨੂੰ ਰੱਬ ਦੀ ਚਾਹ ਹੈ, ਉਹੀ ਦਿਲ ਦਾ ਸਾਹਿਬ ਹੈ! ਇਹ ਕੰਮ ਨਾ ਹਰ ਕਿਸੇ ਚਾਤਰ ਦਾ ਹੈ, ਅਤੇ ਨਾ ਹੀ ਹਰ ਕਿਸੇ ਦੀਵਾਨੇ ਦਾ।

**ਨਾਸਹਾ ਤਾ ਚੰਦ ਗੋਈ ਕਿੱਸਾਹਾਇ ਵਾਅਜ਼ੋ ਪੰਦ**
**ਬਜ਼ਮਿ ਮਸਤਨ ਅਸਤ ਜਾਇਕਿੱਸਾ ਓ ਅਫ਼ਸਾਨਾ ਨੀਸਤ।**

ਹੇ ਨਸੀਹਤ ਕਰਨ ਵਾਲੇ, ਤੂੰ ਕਦ ਤਕ ਨਸੀਹਤਾਂ ਦੇ ਕਿੱਸੇ ਸੁਣਾਉਂਦਾ ਰਹੇਗਾ? ਇਹ ਤਾਂ ਮਸਤ ਰਿੰਦਾਂ ਦੀ ਮਜਲਿਸ ਹੈ, ਕੋਈ ਕਿੱਸੇ ਕਹਾਣੀਆਂ ਦੀ ਥਾਂ ਨਹੀਂ।

**ਈਂ ਮਤਾਇ ਹੱਕ ਬ-ਪੇਸ਼ਿ ਸਾਹਿਬਾਨਿ-ਦਿਲ ਬਵਦ**
**ਚੂੰ ਬ-ਸਹਿਰਾ ਮੀਰਵੀ ਦਰ ਗੋਸ਼ਾਇ ਵੀਰਾਨਾ ਨੀਸਤ।**

ਇਹ ਰੱਬੀਂ ਖਜ਼ਾਨਾ ਦਿਲਾਂ ਦਿਆਂ ਮਾਲਕਾਂ ਕੋਲ ਹੁੰਦਾ ਹੈ। ਤੂੰ ਬੀਆਬਾਨਾਂ ਵਿਚ ਕਿਉਂ ਜਾਂਦਾ ਹੈ? ਰੱਬ ਉਜਾੜ ਦੇ ਖੂੰਜਿਆਂ ਵਿਚ ਨਹੀਂ।

**ਈਂ ਮਤਾਇ ਸ਼ੌਕ ਰਾ ਅਜ਼ ਆਸ਼ਕਾਨਿ ਹੱਕ ਬਖ਼ਾਹ**
**ਜ਼ਾਂ ਕਿ ਦਰ ਜ਼ਾਨਸ਼ ਬ-ਜੁਜ਼ ਨਕਸ਼ਿ ਰੁਖ਼ਿ ਜਾਨਾ ਨੀਸਤ।**

ਇਸ ਸ਼ੌਕ ਦੇ ਖਜ਼ਾਨੇ ਨੂੰ ਰੱਬ ਦੇ ਪਿਆਰਿਆਂ ਪਾਸੋਂ ਮੰਗ। ਕਿਉਂ ਜੋ ਉਨ੍ਹਾਂ ਦੀ ਜਾਨ ਵਿਚ ਸਿਵਾਇ ਪਿਆਰੇ (ਵਾਹਿਗੁਰੂ) ਦੇ ਮੁਖ਼ੜੇ ਦੇ ਨਕਸ਼ਾਂ ਦੇ ਹੋਰ ਕੁਝ ਵੀ ਨਹੀਂ।

**ਚੰਦ ਮੀ-ਗੋਈ ਤੂ ਐ ਗੋਯਾ ਖ਼ਮੁਸ਼ ਸੋ ਜ਼ੀਂ ਸਖੁਨ**
**ਸ਼ੌਕਿ ਮੌਲਾ ਮੁਨਹਸਿਰ ਬਰ ਕਾਅਬਾ ਓ ਬੁਤਖ਼ਾਨਾ ਨੀਸਤ।**

ਕਦ ਤਕ ਤੂੰ ਇਸ ਤਰ੍ਹਾਂ ਕਹਿੰਦਾ ਰਹੇਂਗਾ, ਐ ਗੋਯਾ! ਅਜਿਹੀਆਂ ਗੱਲਾਂ ਤੋਂ ਚੁੱਪ ਧਾਰ। ਰੱਬ ਦੇ ਸ਼ੌਕ

ਦਾ ਆਧਾਰ ਕਾਅਬੇ ਜਾਂ ਮੰਦਰ ਤੇ ਨਹੀਂ ਹੈ।

11

**ਦਿਲ ਅਗਰ ਦਰ ਹਲਕਾਇ ਜ਼ੁਲਫ਼ਿ ਦੋ ਤਾ ਖ਼ਾਹਦ ਗੁਜ਼ਸ਼ਤ**

**ਅਜ਼ ਖ਼ੁਤਨ ਵਜ਼ ਚੀਨੋ ਮਾਚੀਨੋ ਖ਼ਤਾ ਖ਼ਾਹਤ ਗੁਜ਼ਸਤ।**

ਉਮਰ ਦੀ ਇਸ ਵਿਸ਼ਾਲ ਧਰਤ ਨੂੰ ਸਮਝਣ ਤੇ ਪਾਉਣ ਦਾ ਜਤਨ ਕਰ, ਕਿਉਂ ਜੋ ਇਸ ਸਵੇਰ ਦੀ ਹਵਾ ਦਾ ਮੈਨੂੰ ਕੁਝ ਪਤਾ ਨਹੀਂ ਕਿ ਇਹ ਕਿਧਰੋਂ ਆਈ ਤੇ ਕਿਧਰੋਂ ਲੰਘੇਗੀ।

**ਬਾਦਸ਼ਾਹੀਇ ਜਹਾਂ ਜੁਜ਼ ਸ਼ੋਰੋ ਗੋਗਾ ਬੇਸ਼ ਨੀਸਤ**

**ਪੇਸ਼ਿ ਦਰਵੇਸ਼ੇ ਕਿ ਊਅਜ਼ ਮੁਦਆ ਖ਼ਾਹਦ ਗੁਜ਼ਸ਼ਤ।**

ਉਸ ਦਰਵੇਸ਼ ਦੀਆਂ ਨਜ਼ਰਾਂ ਵਿਚ, ਜਿਸ ਦੀ ਜਿਨੀ ਕੋਈ ਗਰਜ਼ ਨਹੀਂ, ਇਸ ਜਹਾਨ ਦੀ ਬਾਦਸ਼ਾਹੀ ਰੌਲੇ ਰੱਪੇ ਤੋਂ ਵੱਧ ਹੋਰ ਕੁਝ ਵੀ ਨਹੀਂ।

**ਅਜ਼ ਗੁਜ਼ਸ਼ਤਨ ਹਾ ਚਿਹ ਮੀ ਪੁਰਸੀ ਦਰੀਂ ਦੈਰਿ ਖ਼ਰਾਬ,**

**ਬਾਦਸ਼ਾਹ ਖ਼ਾਹਦ ਗੁਜ਼ਸ਼ਤੋ ਹਮ ਗਦਾ ਖ਼ਾਹਦ ਗੁਜ਼ਸ਼ਤ।**

ਇਸ ਉਜਾੜ ਦੇਸ਼ ਵਿਚ ਗੁਜ਼ਰਨ ਬਾਰੇ ਤੂੰ ਕੀ ਪੁੱਛਦਾ ਹੈ? ਇਥੋਂ ਬਾਦਸ਼ਾਹ ਨੇ ਵੀ ਗੁਜ਼ਰ ਜਾਣਾ ਹੈ ਅਤੇ ਫ਼ਕੀਰ ਨੇ ਵੀ ਗੁਜ਼ਰ ਜਾਣਾ ਹੈ।

**ਸ਼ਿਅਰਿ ਗੋਯਾ ਜ਼ਿੰਦਗੀ-ਬਖ਼ਸ਼ ਅਸਤ ਚੂੰ ਆਬਿ-ਹਯਾਤ**

**ਬਲਕਿ ਦਰ ਪਾਕੀਜ਼ਗੀ ਜ਼ਿ ਆਬਿ ਬਕਾ ਖ਼ਾਹਦ ਗੁਜ਼ਸ਼ਤ।**

ਗੋਯਾ ਦੇ ਸ਼ਿਅਰ ਅੰਮ੍ਰਿਤ ਵਾਂਗ ਜ਼ਿੰਦਗੀ ਬਖ਼ਸ਼ਣ ਵਾਲੇ ਹਨ, ਸਗੋਂ, ਪਵਿੱਤਰਤਾ ਵਿਚ ਤਾਂ ਇਹ ਅਮਰ-ਜੀਵਨ ਦੇ ਪਾਣੀ ਤੋਂ ਵੀ ਵੱਧ ਅਸਰ ਰਖਦੇ ਹਨ।

12

**ਇਮ ਸ਼ਬ ਬ-ਤਮਾਸ਼ਾਇ ਰੁਖ਼ਿ ਯਾਰ ਤਵਾਂ ਰਫ਼ਤ**

**ਸੂਇ ਬੁਤਿ ਆਸ਼ਕ-ਕੁਸ਼ ਅੱਯਾਰ ਤਵਾਂ ਰਫ਼ਤ।**

ਅੱਜ ਰਾਤ ਨੂੰ ਉਸ ਸੱਜਣ ਦੇ ਮੁਖੜੇ ਦੇ ਦੀਦਾਰ ਲਈ ਉਹ ਜਾ ਸਕਦਾ ਹੈ। ਉਹ ਉਸ ਚਲਾਕ ਅਤੇ ਪ੍ਰੇਮੀਆਂ ਦੇ ਘਾਤਕ ਮਾਸ਼ੂਕ ਵੱਲ ਜਾ ਸਕਦਾ ਹੈ।

**ਦਰ ਕੂਚਾਇ ਇਸ਼ਕ ਅਰ ਚਿ ਮੁਹਾਲ ਅਸਤ ਰਸੀਦਨ**

**ਮਨਸੂਰ ਸਿਫ਼ਤ ਬਾ-ਕਦਿਮ ਦਾਰ ਤਵਾਂ ਰਫ਼ਤ।**

ਭਾਵੇਂ ਪ੍ਰੀਤ ਦੀ ਗਲੀ ਵਿਚ ਪੁੱਜਣਾ ਔਖਾ ਹੈ; ਪਰੰਤੂ ਮਨਸੂਰ ਵਾਂਗ ਸੂਲੀ ਉੱਤੇ ਕਦਮ ਧਰ ਕੇ ਉਹ ਪੁੱਜ ਸਕਦਾ ਹੈ।

**ਐ ਦਿਲ ਬਸੂਇ ਮਦਰਿਸਾ ਗਰ ਮੈਲ ਨ ਦਾਰੀ**

**ਬਾਰੇ ਬ-ਸੂਇ ਖ਼ਾਨਾਇ ਖ਼ੁਮਾਰ ਤਵਾਂ ਰਫ਼ਤ।**

ਹੇ ਦਿਲ! ਜੇਕਰ ਤੂੰ ਮਦਰਸੇ ਜਾਣ ਦੀ ਰੁਚੀ ਨਹੀਂ ਰਖਦਾ, (ਤਾਂ ਨਾ ਸਹੀ, ਘੱਟੋ ਘੱਟ) ਤੂੰ ਨਸ਼ੇ-ਖ਼ਾਨੇ ਵੱਲ ਤਾਂ ਜਾ ਸਕਦਾ ਹੈ।

**ਚੂੰ ਖ਼ਾਤਿਰਮ ਅਜ਼ ਇਸ਼ਕਿ ਤੂ ਸ਼ੁਦ ਰਸ਼ਕਿ ਗੁਲਸਿਤਾਂ**

**ਬੇ-ਹੂਦਾ ਚਿਰਾ ਜਾਨਿਬਿ ਗੁਲਜ਼ਾਰ ਤਵਾਂ ਰਫ਼ਤ।**

ਜਦ ਮੇਰਾ ਹਿਰਦਾ ਤੇਰੀ ਪ੍ਰੀਤੀ ਕਰਕੇ ਬਾਗ ਲਈ ਵੀ ਰਸ਼ਕ ਦਾ ਕਾਰਨ ਬਣ ਗਿਆ ਹੈ, ਤਾਂ ਇਹ ਕਿਵੇਂ ਫੁਲਵਾੜੀ ਵੱਲ ਨੂੰ ਜਾ ਸਕਦਾ ਹੈ?

**ਐ ਦਿਲ ਚੂ ਸ਼ੁਦੀ ਵਾਕਿਫ਼ਿ ਅਸਰਾਰਿ ਇਲਾਹੀ**

**ਦਰ ਸੀਨਾ-ਅਮ ਐ ਮਖ਼ਜ਼ਨਿ ਅਸਰਾਰ ਤਵਾਂ ਰਫ਼ਤ।**

ਹੇ ਦਿਲ! ਜਦ ਤੂੰ ਰੱਬ ਦੇ ਭੇਤਾਂ ਤੋਂ ਵਾਕਿਫ਼ ਹੋ ਗਿਆ, ਤਾਂ ਹੇ ਭੇਤਾਂ ਦੇ ਖਜ਼ਾਨੇ, ਤੂੰ ਮੇਰੇ ਸੀਨੇ ਵਿਚ ਜਾ ਸਕਦਾ ਹੈ।

**ਸਦ ਰੌਜ਼ਾਇ ਰਿਜ਼ਵਾਂਨਸਤ ਚੂ ਦਰ ਖਾਨਾ ਸ਼ਿਗੁਫ਼ਤਾ**

**ਗੋਯਾ ਬ-ਚਿਹ ਸੂਇ ਰੋ ਦੀਵਾਰ ਤਵਾਂ ਰਫ਼ਤ।**

ਜਦ ਘਰ ਵਿਚ ਹੀ ਜਨਤ ਦੇ ਸੈਂਕੜੇ ਬਾਗ ਖਿੜੇ ਹੋਏ ਹੋਣ, ਤਾਂ, ਗੋਯਾ! ਇਨ੍ਹਾਂ ਹੋਰ ਇਮਾਰਤਾਂ ਵੱਲ ਕੋਈ ਕਿਵੇਂ ਜਾ ਸਕਦਾ ਹੈ?

'ਚਲਦਾ........।'

## ਜ਼ਰੂਰੀ ਬੇਨਤੀਆਂ

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-45)*

### ਅਰਸ਼ੀਆਂ ਦਾ ਸੰਦੇਸ਼

(ਰਾਗ ਕੌਂਸੀਆ)

*ਮੈਂ ਡਿੱਠਾ ਰਾਤ ਫ੍ਰਿਸ਼ਤੇ ਹੇਠ ਆਏ*
*ਕਿ ਅਸਮਾਨਾਂ ਤੋਂ ਸਰੋਦੇ ਨਾਲ ਲਯਾਏ,*
*ਸਰੋਦਾਂ ਛਿੜ ਰਹੀਆਂ ਰਸ ਰੰਗ ਭਰੀਆਂ*
*ਤੇ ਦਫ ਵਜਦੇ ਸੁਹਾਵੇ ਤਾਲ ਲਾਏ।*
*ਕਿ ਨਚਦੇ, ਹੇਠ ਨੂੰ ਸੁਰ ਤਾਲ ਲਾਏ।*
*ਚਲੇ ਸਭ ਰਾਗ ਆਵਨ ਸਾਜ਼ ਚਾਏ।*
*ਤੇ ਚਲੀਆਂ ਰਾਗਨੀਆਂ ਨਾਲ ਆਵਨ*
*ਗਲੇ ਮਿੱਠੇ ਸੁਹਾਵੇ ਸੁਰ ਅਲਾਏ।*
*ਜਿਵੇਂ ਮੋਰਾਂ ਤਿਵੇਂ ਪੈਲਾਂ ਨ ਪੈਂਦੀਆਂ*
*ਜ਼ਿਮੀਂ ਦੇ ਨਾਚ, ਉਨ੍ਹਾਂ ਨਾਵਾਂ ਭੁਲਾਏ।*
*ਜਾਂ ਦਿੱਤਾ ਦਿਲ, ਸਮਝ ਗਾਵਣ ਦੀ ਆਈ*
*ਗੁਰੂ ਆਵਨ ਦਾ ਸ਼ੋਹਲਾ ਇਹ ਸੁਣ ਆਏ :-*
*ਗੁਰੂ ਨਾਨਕ ਗੁਰੂ ਨਾਨਕ ਪਿਆਰਾ*
*ਸੁਣੋ ਲੋਕੋ! ਤੁਸਾਂ ਦੇ ਦੇਸ਼ ਆਏ*
*ਤਿਆਰੀ ਕਰ ਲਵੋ ਅੰਦਰ ਦੀ ਸਾਰੀ*
*ਕਿ ਘਰ ਬਨ ਬਾਗ ਸਭ ਕਰ ਲਓ ਸੁਹਾਏ*
*ਦਿਲ ਆਪਣੇ ਨੂੰ ਬਣਾਵੋ ਤਖਤ ਸੁਹਣਾ*
*ਦਿਓ ਮੈਂ ਆਪਣੀ ਹੇਠਾਂ ਵਿਛਾਏ।*
*ਸੁਗੰਧੀ ਪ੍ਰੇਮ ਦੀ ਛਿੜਕਾ ਦਿਓ ਜੀ*
*ਦਿਓ ਆਪਾ ਗੁਰੂ ਤੋਂ ਅੱਜ ਲੁਟਾਏ।*
*ਜੋ ਆਪਾ ਹੋ ਗਿਆ ਆਪੇ ਤੋਂ ਖਾਲੀ*
*ਗੁਰੂ ਨਾਨਕ ਤਦੋਂ ਡੇਰੇ ਆ ਲਾਏ।*
*ਤੁਸੀਂ ਪਿਆਰਾਂ ਦੇ ਤਦ ਰਸ ਰੰਗ ਮਾਣੋ*
*ਜਦੋਂ ਆਪਾ ਇਸ ਆਪੇ ਤੋਂ ਘੁਮਾਏ।*
*ਦਿਸੇ ਪਯਾਰਾ ਤਦੋਂ ਹਰ ਰੰਗ ਵਸਦਾ*
*ਵਿਛੋੜਾ ਫੇਰ ਨਾ ਆ ਮੂੰਹ ਦਿਖਾਏ।*
*ਉਠੋ ਲੋਕੋ! ਸੁਣੋ ਲੋਕੋ! ਤੇ ਗਾਵੋ :-*
*ਕਿ ਔਹ ਆਏ, ਗੁਰੂ ਨਾਨਕ ਅਹੁ ਆਏ।*
*ਬੁਸ਼ਾਰਤ ਦੇ ਦਿਓ ਅਜ ਜਗਤ ਤਾਂਈ*
*ਗੁਰੂ ਆਏ ਤੇ ਖੁਸ਼ੀਆਂ ਨਾਲ ਧਰ ਕੇ ਮਿਲੋ ਐਦਾਂ*
*ਜੋ ਗੁਰ ਗੋਦੀ ਖਿਡਾਏ।*
*ਸਫਲ ਜੀਵਨ, ਸਫਲ ਜੀਵਨ ਹੋ ਜਾਵੇ*
*ਗੁਰੂ ਦੇ ਅੰਗ ਵਿਚ ਰਹੀਓ ਸਮਾਏ।*

*ਗੀਤ ੨*

*ਦਿਖਾ ਦੇ ਦਿਖਾ ਦੇ ਦਿਖਾ ਦੇ ਪਯਾਰਿਆ!*
*ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆ!*
*ਤੇਰੀਆਂ ਚਿਰੋਕੀਆਂ ਉਡੀਕਾਂ ਸੱਜਣਾ!*
*ਪੁਜਾ ਦੇ, ਪੁਜਾ ਦੇ, ਪੁਜਾ ਦੇ, ਪਯਾਰਿਆ!*
*ਤੇਰੇ ਨਾਮ ਨੂੰ ਹੀ ਮੈਂ ਧਿਆਵਾਂ ਦਿਨ ਤੇ ਰਾਤੀਂ ਪਈ ਅਲਾਵਾਂ*
*ਪਈ ਅਲਾਵਾਂ ਵਾਹ ਵਾ ਵਾਹ*
*ਦਿਖਾ ਦੇ ਦਿਖਾ ਦੇ ਦਿਖਾ ਦੇ ਪਯਾਰਿਆ!*
*ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆ!*
*ਹੁਣ ਗੁਰ ਨਾਨਕ ਪਯਾਰੇ ਆਈਂ।*
*ਫੇਰਾ ਅਜ ਆ ਸਾਡੇ ਪਾਈਂ।*
*ਫੇਰਾ ਪਾਈਂ ਵਾਹ ਵਾ ਵਾਹ।*
*ਦਿਖਾ ਦੇ ਦਿਖਾ ਦੇ ਦਿਖਾ ਦੇ ਪਯਾਰਿਆ!*
*ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆ!*
*ਸਾਨੂੰ ਚਰਨੀਂ ਆਨ ਲਗਾਈਂ।*
*ਸਿਕਦੇ ਮੱਥੇ ਠੰਢਕ ਪਾਈਂ।*
*ਠੰਢਕ ਪਾਈਂ ਵਾਹ ਵਾ ਵਾਹ।*
*ਦਿਖਾ ਦੇ ਦਿਖਾ ਦੇ ਦਿਖਾ ਦੇ ਪਯਾਰਿਆ।*
*ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆਂ!*
*ਆ ਜਾ ਵਿੱਥਾਂ ਮੇਟ ਗੁਸਾਈਂ*
*ਅਪਨਾ ਆਖ ਤੇ ਲੇ ਅਪਨਾਈ।*
*ਲੈ ਅਪਨਾਈ ਵਾਹ ਵਾ ਵਾਹ।*
*ਦਿਖਾ ਦੇ ਦਿਖਾ ਦੇ ਦਿਖਾ ਦੇ ਪਿਆਰਿਆ!*
*ਜ਼ਰਾ ਮੁਖੜਾ ਸੁਹਾਵਾ ਦਿਖਾ ਦੇ ਸੁਹਣਿਆ!*

### 20. ਬਨਾਰਸ - ਪੰਡਤ ਚਤਰ ਦਾਸ

ਸਤਿਗੁਰ ਜੀ ਬਨਾਰਸ ਆਏ, ਇਹਨੀਂ ਦਿਨੀਂ ਚਤੁਰਦਾਸ ਨਾਮੇ ਇਕ ਬੜਾ ਪ੍ਰਬੀਨ ਪੰਡਤ ਏਥੇ ਪ੍ਰਸਿੱਧ ਸੀ, ਉਸ ਨੇ ਸਤਿਗੁਰੂ ਜੀ ਦੀ ਮੋਹਣੀ ਮੂਰਤ ਦੇਖ ਕੇ ਪ੍ਰਣਾਮ ਕੀਤੀ ਤੇ ਆਖਣ ਲੱਗਾ - ਹੇ ਭਗਤ ਜਨ! ਜਲ ਕਿਨਾਰੇ ਬੈਠੇ ਹੋ, ਸਾਧੂ ਹੋ ਪਰ ਸਾਲਗਰਾਮ, ਤੁਲਸੀ ਮਾਲਾ ਕੁਛ ਨਹੀਂ, ਪੂਜਾ ਕਿਸ ਤਰ੍ਹਾਂ ਕਰਦੇ ਹੋ? ਭਗਤੀ ਕਿਸ ਤਰ੍ਹਾਂ ਕਮਾਉਂਦੇ ਹੋ? ਅਤੀਤ ਹੋ? ਕਿਵੇਂ ਹੋ?

ਤਦ ਸਤਿਗੁਰ ਜੀ ਨੇ ਇਸ਼ਾਰਾ ਕੀਤਾ, ਮਰਦਾਨੇ ਨੇ ਰਬਾਬ ਵਿਚ ਬਸੰਤ ਹਿੰਡੋਲ ਦੀ ਸੁਰ ਛੇੜ ਦਿਤੀ, ਤਦ ਆਪ ਬੋਲੇ -

***ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥ 1 ॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥ 1 ॥ ਰਹਾਉ ॥***

ਸਤਿਗੁਰ ਦੇ ਆਤਮਾ ਦੀ ਸੱਚਿਆਈ, ਇਲਾਹੀ

ਰੰਗ, ਇਲਾਹੀ ਨਾਦ ਪੰਡਤ ਦਾ ਕਲੇਜਾ ਚੀਰ ਗਏ। ਮਨ ਭਾਵੇਂ ਹੰਕਾਰੀ ਸੀ ਪਰ ਸੱਚ ਨੇ ਤੀਰ ਚੋਭ ਹੀ ਦਿਤਾ ਹੈਰਾਨ ਹੋ ਕਹਿਣ ਲੱਗਾ, ਹੇ ਸਾਧੂ ਜਨ! ਜੇ ਇਹ ਖੇਤੀ ਅਫਲ ਹੈ ਤਾਂ ਸਫਲ ਖੇਤੀ ਕੌਣ ਹੈ? ਤਦ ਸਤਿਗੁਰ ਨੇ ਬਾਕੀ ਸ਼ਬਦ ਗਾਵਿਆ -

*ਕਰ ਹਰਿਹਟ ਮਾਲ ਟਿੰਡ ਪਰੋਵਹੁ*
*ਤਿਸੁ ਭੀਤਰਿ ਮਨੁ ਜੋਵਹੁ ॥*
*ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨॥*
*ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥*
*ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ*
*ਕਿਰਤੁ ਨ ਮੇਟਿਆ ਜਾਈ ॥ ੩ ॥*
*ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥*
*ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ*
*॥ ੪ ॥ ੧ ॥ ੯ ॥ ਅੰਗ- ੧੧੭੧*

ਹੁਣ ਪੰਡਤ ਮੋਮ ਦਿਲ ਹੋ ਕੇ ਕਹਿਣ ਲੱਗਾ, ਆਪ ਦੀ ਦ੍ਰਿਸ਼ਟੀ ਬਹੁਤ ਉੱਚੀ ਹੈ, ਸਾਧੂ ਹੋ, ਪਰ ਕੁਛ ਵਿਦਯਾ ਚਾਹੀਏ, ਕਹੋ ਤਾਂ ਦਾਸ ਸੇਵਾ ਕਰੇ?

ਇਹ ਸੁਣ ਕੇ ਸਤਿਗੁਰ ਸੱਚੇ ਦੇ ਨੈਣ ਭਰ ਆਏ, ਅਪਾਰ ਛਹਿਬਰ ਲੱਗ ਗਈ, ਤਨ ਪੁਲਕਾਵਲੀ ਹੋ ਆਯਾ ਤੇ ਬੜੇ ਵੈਰਾਗ ਵਿਚ ਬੋਲੇ -

*ਬਸੰਤੁ ਹਿੰਡੋਲ ਮਹਲਾ ੧ ॥*
*ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥*
*ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥*
*ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥*
*ਕਿਨ ਬਿਧਿ ਪਾਵਉ ਪ੍ਰਾਨਪਤੀ ॥ ੧ ॥ ਰਹਾਉ ॥*
*ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥*
*ਚੰਦੁ ਸੂਰਜੁ ਦੁਇ ਘਰ ਹੀ ਭੀਤਰਿ*
*ਐਸਾ ਗਿਆਨੁ ਨ ਪਾਇਆ ॥ ੨ ॥*
*ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥*
*ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥*
*ਕਹਿਆ ਸੁਣਹਿ ਨ ਖਾਇਆ ਮਾਨਹਿ*
*ਤਿਨ੍ਾ ਹੀ ਸੇਤੀ ਵਾਸਾ ॥*
*ਪ੍ਰਣਵਤਿ ਨਾਨਕੁ ਦਾਸਨਿ ਦਾਸਾ*
*ਖਿਨੁ ਤੋਲਾ ਖਿਨੁ ਮਾਸਾ ॥ ੪ ॥ ੩ ॥ ੧੧ ॥*
*ਅੰਗ- ੧੧੭੧*

ਸੁਣ ਕੇ ਚਤੁਰ ਦਾਸ ਘਬਰਾਇਆ, ਕੁਛ ਵੈਰਾਗ ਫੁਰ ਆਇਆ, ਆਖਣ ਲੱਗਾ, ਹੇ ਹਰੀ ਦੇ ਪਿਆਰੇ! ਆਪ ਕੋਈ ਹੋਰ ਵਿਦਿਆ ਪੜ੍ਹੇ ਹੋ? ਪੜ੍ਹਾਵਨ ਹਾਰ ਜਾਪਦੇ ਹੋ, ਆਪਣੇ ਚੇਲਿਆਂ ਨੂੰ ਕੀ ਪੜ੍ਹਾਉਂਦੇ ਹੋ? ਅਸੀਂ ਤਾਂ ਪਹਿਲੇ ਬਾਵਨ ਅੱਖਰੀ ਪੜ੍ਹਾਉਂਦੇ ਹਾਂ।

ਇਸ ਗੱਲ ਤੋਂ ਮਗਰੋਂ ਸਤਿਗੁਰ ਤੇ ਪਾਂਡੇ ਦੀ ਗੋਸ਼ਟ ਸ਼ੁਰੂ ਹੋ ਪਈ ਤੇ ਢੇਰ ਚਿਰ ਰਹੀ ਜਿਸ ਦਾ ਫਲ ਇਹ ਹੋਇਆ ਕਿ ਪੰਡਤ ਪੈਰੀਂ ਪਿਆ, ਸਤਿਗੁਰੂ ਜੀ ਨੇ ਨਾਮ ਦਾਨ ਦਿਤਾ ਤੇ ਉਹ ਸਿਮਰਨ ਵਿਚ ਲਗ ਗਿਆ। ਬਨਾਰਸ ਵਿਚ ਪਹਿਲਾ ਸਿੱਖੀ ਦਾ ਸਿਤਾਰਾ ਇਹ ਸੱਜਣ ਹੋ ਚਮਕਿਆ।

ਜੋ ਗੱਲਬਾਤ ਇਸ ਪਿਆਰੇ ਨਾਲ ਹੋਈ ਸੋ ਸਤਿਗੁਰ ਜੀ ਨੇ ਇਕ ਬਾਣੀ ਵਿਚ ਰਚੀ, ਉਸ ਦਾ ਨਾਮ ਦੱਖਣੀ ਓਅੰਕਾਰ ਪ੍ਰਸਿੱਧ ਹੋਇਆ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਹ ਬਾਣੀ ਸਤਿਗੁਰ ਜੀ ਦੀ ਤੇ ਪੰਡਿਤ ਦੀ ਗੋਸ਼ਟ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਇਹ ਬਾਣੀ ਭੀ ਇਕ ਬੜੇ ਗੁਹਝ ਕਟਾਖਯ ਦੀ ਭਰੀ ਹੋਈ ਹੈ ਜਿਸ ਦੇ ਆਸ਼ੇ ਸਿਖਿਆ, ਸੁਖ ਸੁਆਦ ਤੇ ਦਾਰਸ਼ਨਿਕ ਡੂੰਘੀਆਂ ਗੱਲਾਂ ਨਾਲ ਭਰੇ ਪਏ ਹਨ।

## ਪਟਨਾ ਸਾਲਸਰਾਇ

### 1. ਸਿਵਾਣ ਤੇ ਗਤੀ

ਇਕ ਉਜਾੜ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਲੇਟੇ ਹੋਏ ਹਨ ਤੇ ਮਰਦਾਨਾ ਪਾਸ ਬੈਠਾ ਹੋਇਆ ਕਹਿ ਰਿਹਾ ਹੈ -

"ਪਾਤਸ਼ਾਹ! ਤੁਸੀਂ ਆਖਨੇ ਹੋ ਸਾਰੇ ਪਰਮੇਸ਼ੁਰ ਹੈ ਤੇ ਏਹ ਜੋ ਦਿਸਦਾ ਹੈ ਦਿਸਦੇ ਦੇ ਵਿਚ ਉਹੋ ਹੈ, ਇਹ ਦਿਸਦਾ ਉਸਦਾ ਪੁਸ਼ਾਕਾ ਮਾਤ੍ਰ ਹੈ, ਮੈਨੂੰ ਇਹ ਐਕੁਰ ਕਿਉਂ ਨਹੀਂ ਦੀਹਦਾ?

ਗੁਰੂ ਜੀ - ਮਰਦਾਨਿਆਂ! ਹੱਛੀ ਤਰ੍ਹਾਂ ਵੇਖਿਆ ਕਰ। ਜਦ ਕੋਈ ਦੂਰ ਦੀ ਚੀਜ਼ ਵੇਖਣੀ ਹੁੰਦੀ ਹੈ ਤਾਂ ਚੰਗੀ ਤਰ੍ਹਾਂ ਨਜ਼ਰ ਬੰਨ੍ਹ ਕੇ ਵੇਖੀਦਾ ਹੈ, ਏਸੇ ਤਰ੍ਹਾਂ ਤੂੰ ਮਨ ਨੂੰ ਬੰਨ੍ਹਿਆ ਕਰ, ਜਦ ਠੀਕ ਟਿਕ ਜਾਏਗਾ ਤਾਂ ਮਿਹਰ ਨਾਲ ਪ੍ਰਤੀਤ ਹੋ ਜਾਵੇਗਾ।

ਮਰਦਾਨਾ- ਡਾਢੀਆਂ ਨਜ਼ਰਾਂ ਲਾ-ਲਾ ਤੱਕਦਾ ਹਾਂ, ਕੀਰਤਨ ਕਰਦਾ ਹਾਂ ਤਾਂ ਭੀ ਕਈ ਵੇਰੀ ਅੰਦਰੋਂ ਜੁੜ ਜਾਂਦਾ ਹਾਂ ਪਰ ਸੁਬਹਾਨ ਤੇਰੇ ਕਰਤਾਰ ਨੂੰ, ਕਰਤਾਰ ਦਾ ਝਲਕਾ ਨਹੀਂ ਵੱਜਦਾ। ਤੁਸੀਂ ਆਖਿਆ ਸੀ ਨਾਮ ਜਪਿਆ ਕਰ, ਮੈਂ ਜਪਦਾ ਹਾਂ, ਹੁਣ ਤਾਂ ਟੁਰਦਾ ਫਿਰਦਾ ਖਿਆਲ ਰੱਖਦਾ ਹਾਂ, ਪਰ ਹੇ ਕਰਤਾਰ ਦੇ ਮਹਿਰਮ ਜੀ! ਮਿਹਰ ਵਰਤਾਓ, ਦਿਓ ਨਾ ਦੀਦੇ।

ਸਤਿਗੁਰ ਜੀ - ਮਰਦਾਨਿਆ! ਸਿਮਰਿਆ ਕਰ, ਟਿਕਿਆ ਕਰ। ਵੇਖਾਂ ਸਿਆਣੇ ਹਦਵਾਣੇ ਦੀ ਬਾਹਰੋਂ ਸਬਜ਼ੀ ਵਿਚੋਂ ਅੰਦਰਲੀ ਲਾਲੀ ਤਕ ਲੈਂਦੇ ਹਨ। ਤੂੰ ਹੋਸ਼ ਵਾਲਾ ਹੈਂ, ਨਜ਼ਰ ਨਾਲ ਸਾਰਾ ਸੰਸਾਰ ਵੇਂਹਦਾ ਹੈਂ, ਕਿਸੇ ਉਪਾਉ ਕਰ ਨਜ਼ਰ ਨੂੰ ਬੀ ਵੇਂਹਦਾ ਹੈਂ ਕਿ ਨਾ ਕਿ ਤੇਰੇ ਪਾਸ ਸਾਂਈ ਕਰਤਾਰ ਦੀ ਬਖਸ਼ੀ ਨਜ਼ਰ ਹੈ। ਸਾਰਾ ਜਹਾਨ ਬੋਲਦਾ ਹੈ, ਵਾਜਾਂ ਕੱਢਦਾ ਹੈ, ਕਿਸੇ ਨਾ ਕਿਸੇ ਸੁਰ ਤੇ ਬੋਲਦਾ ਹੈ, ਕੋਈ ਖਰਜ ਤੇ ਗੱਲਾਂ ਕਰਦਾ ਹੈ, ਕੋਈ ਰਿਖਭ ਤੇ, ਕੋਈ ਪੰਚਮ ਤੇ; ਕੋਈ ਕੁਛ ਗਾਉਂਦੇ ਭੀ ਹਨ ਪਰ ਕਿਸੇ ਨੂੰ ਸਾਰ ਨਹੀਂ, ਤੈਨੂੰ ਕਿਵੇਂ ਸਾਰ ਹੈ ਕਿ ਆਹ ਆਵਾਜ਼ ਪੰਚਮ ਦੀ ਹੈ ਤੇ ਆਹ ਗੰਧਾਰ

ਦੀ ਹੈ ਤੇ ਆਹ ਨਿਖਾਧ ਹੈ? ਕਿਵੇਂ ਤੂੰ ਆਖ ਦੇਂਦਾ ਹੈਂ ਕਿ ਆਹ ਰਾਮਕਲੀ ਹੈ? ਕਿਹੜੇ ਤਰਾਜੂ ਤੇ ਤੋਲਦਾ ਹੈਂ ਤੇ ਕਿਹੜੇ ਗਜ਼ ਨਾਲ ਮਿਣਤੀ ਕਰਦਾ ਹੈਂ? ਕਿਹੜੇ ਸ਼ੀਸ਼ੇ ਵਿਚ ਪਾ ਕੇ ਵੇਹਨਾ ਹੈਂ ਤੇ ਕਿਹੜੇ ਪਾਰਖੀ-ਤੱਤ ਮੇਲ ਕੇ ਪਰਖਾਂ ਕਰਦਾ ਹੈਂ? ਤੇਰੇ ਅੰਦਰ ਤੇਰਾ ਆਪਾ ਕਿਸੇ ਜਾਚ ਨਾਲ ਆਪੇ ਦੱਸ ਦੇਂਦਾ ਹੈ ਕਿ ਆਹ ਤਾਲ ਕਾਨੜਾ ਹੈ ਤੇ ਆਹ ਕਲਿਆਨ ਹੈ, ਆਹ ਤਿੰਨ ਤਾਲ ਹੈ ਤੇ ਆਹ ਚਾਰ। ਕਿਵੇਂ ਪਰਖਦਾ ਹੁੰਦਾ ਹੈਂ ਦੱਸ ਤਾਂ ਸਹੀ?

ਮਰਦਾਨਾ - ਪਾਤਸ਼ਾਹ! ਇਹ ਤਾਂ ਕਈ ਸਮੇਂ ਗਾਉਂਦਿਆਂ, ਅੰਦਰੋਂ ਸੁਰਤ ਜੋੜ-ਜੋੜ ਫਰਕ ਸਮਝਦਿਆਂ ਸੁਣਾਉਂਦਿਆਂ ਕੋਈ ਆਪੇ ਸੋਝੀ ਹੋ ਆਈ।

ਸਤਿਗੁਰ-ਠੀਕ ਹੈ ਮਰਦਾਨਿਆਂ! ਆਪੇ ਸੋਝੀ ਹੋ ਆਉਂਦੀ ਹੈ। ਰਬਾਬ ਉਤੇ ਤਾਂ ਤਾਰਾਂ ਹਨ, ਫੇਰ ਹਰ ਸੁਰ ਲਈ ਸੇਧ ਸਿਧੀ ਹੋਈ ਹੈ ਕਿ ਏਥੋਂ ਟੁਨਕਾਰਿਆਂ ਖਰਜ ਉਠਦੀ ਹੈ ਤੇ ਏਥੇ ਪੰਚਮ, ਉਧਰ ਤੇਰੇ ਸੰਘ ਵਿਚੋਂ ਭੀ ਸਾਰੀਆਂ ਸੁਰਾਂ ਨਿਕਲਦੀਆਂ ਹਨ, ਦੱਸ ਤਾਂ ਸਹੀ ਉਥੇ ਕਿਹੜੀ-ਕਿਹੜੀ ਥਾਂ ਸੁਰ, ਰਿਖਭ, ਗੰਧਾਰ ਲਈ ਲੱਭੀ ਹਈ? ਤੇ ਕਿਹੜੀਆਂ ਉਂਗਲਾਂ ਨਾਲ ਸਰੀਰ ਦੇ ਕਿਸੇ ਟੂੰਕਾਰ ਦੇਣ ਵਾਲੇ ਵਸੀਲੇ ਨਾਲ ਟਿਕਾਣੇ ਸਿਆਣ-ਸਿਆਣ ਕੇ ਪਰਦਿਆਂ ਨੂੰ ਥਰਾਹਟ ਵਿਚ ਲਿਆਉਂਦਾ ਹੈਂ? ਸੋਚ ਕੇ ਦੱਸੀਂ ਕਿ ਓਸੇ ਸੰਘ ਵਿਚੋਂ ਓਸੇ ਹਵਾ ਨਾਲ ਤੂੰ ਕੀਕੂੰ ਸਾਰੀਆਂ ਸੁਰਾਂ ਤੇ ਹਜ਼ਾਰਾਂ ਤਾਨਾਂ ਅੱਡੋ-ਅੱਡੀ ਕੱਢ ਲੈਂਦਾ ਹੈਂ, ਤੈਨੂੰ ਬਈ ਕੀਕੂੰ ਅੰਦਰੋਂ ਹਰ ਟਿਕਾਣੇ ਦੀ ਸੋਝੀ ਸਿਆਣ ਆ ਗਈ ਹੈ?

ਮਰਦਾਨਾ - ਪਾਤਸ਼ਾਹ! ਗੱਲ ਤਾਂ ਡਾਢੀ ਆਖੀ ਨੇ। ਗਲੇ ਦੀਆ ਨਾਲੀਆਂ ਦੀ ਕੋਈ ਸੁਰਤ ਸੋਝੀ ਨਹੀਂ, ਕਦੇ ਉਹ ਟਿਕਾਣੇ ਦੇਖੇ ਭੀ ਨਹੀਂ ਕਿ ਜਿਨ੍ਹਾਂ ਤੋਂ ਸੱਤੇ ਸੁਰਾਂ ਤੇ ਤਾਨਾ ਪਈਆਂ ਕੱਢੀ ਦੀਆਂ ਹਨ ਫੇਰ ਅਚਰਜ ਹੈ ਕਿ ਜੋ ਮਨ ਵਿਚ ਚਾਹੋ ਓਹੋ ਰਾਗ ਨਿਕਲਦਾ ਹੈ, ਓਹੋ ਤਾਨ ਉਠਦੀ ਹੈ, ਓਹੋ ਸੁਰ ਬੋਲਦੀ ਹੈ, ਸਮਝ ਨਹੀਂ ਪੈਂਦੀ ਕੀਕੂੰ?

ਸਤਿਗੁਰ ਜੀ - ਫੇਰ ਹੈ ਨਾ ਕੋਈ ਅੰਦਰ ਜਾਚ, ਕੋਈ ਸਿਆਣ, ਕੋਈ ਸੋਝੀ, ਜਿਸ ਨਾਲ ਤੂੰ ਰਾਗ ਦੀਆਂ ਸਾਰੀਆਂ ਗੱਲਾਂ ਦਾ ਪਾਰਖੂ ਹੈਂ? ਤੇ ਆਪ ਹੁਨਰੀਆਂ ਹੈਂ ਕਿ ਜੋ ਚਾਹੇਂ ਅੰਦਰੋਂ ਰਾਗ ਕੱਢਦਾ ਹੈਂ ਤੇ ਉਂਞ ਨਾ ਤੇਰੇ ਸਾਹਮਣੇ ਪੱਟੀ ਹੈ ਨਾ ਬੁਤਕਾ, ਨਾ ਕਾਗਤ ਹੈ ਨਾ ਦੁਆਤ, ਨਾ ਹਕੀਮ ਦੀ ਹੱਟੀ ਹੈ, ਨਾ ਪਾਰਖੂ ਦਾ ਤਖਤਾ ਹੈ, ਨਾ ਮਿਣਤੀ ਦਾ ਨਿਸ਼ਾਨ ਹੈ ਨਾ ਗਿਣਤੀ ਦਾ ਅੰਕ, ਆਪੇ ਨੂੰ ਆਪੋ ਵਿਚ ਕਾਈ ਸੋਝੀ ਹੈ, ਕੋਈ ਸਿਆਣ ਹੈ ਕੋਈ ਜਾਚ ਹੈ ਕਿ ਆਪ ਆਪੇ ਸੁਰਾਂ ਦੇ ਸਾਰੇ ਪ੍ਰਕਾਰਾਂ ਵਿਚ ਗਮਕਾਂ ਮਾਰਦਾ ਤੇ ਰੰਗ ਰਲੀਆਂ ਖੇਡਦਾ ਹੈਂ, ਮਸਤ ਕਰ ਦੇਂਦਾ ਹੈਂ ਮਸਤ ਹੋ-ਹੋ ਜਾਂਦਾ ਹੈਂ ਮਨ ਨੂੰ ਸੰਸਾਰ ਤੋਂ ਚੁੱਕ ਕੇ ਮਗਨਤਾਈ ਵਿਚ ਚਾੜ੍ਹ ਦੇਂਦਾ ਤੇ ਬਿਸਮਾਦੀ ਜਿਹਾ ਕਰ ਦੇਂਦਾ ਹੈਂ। ਦੱਸ ਇਸ ਤਰ੍ਹਾਂ ਦੀ ਕੋਈ ਸੋਝੀ ਹੈ ਨਾ ਜਿਸ ਨੂੰ ਤੂੰ ਲਖਦਾ ਹੈਂ, ਪਰ ਦੱਸ ਨਹੀਂ ਸਕਦਾ।

ਮਰਦਾਨਾ - ਠੀਕ ਹੈ ਜੀ।

ਸਤਿਗੁਰ-ਤਿਵੇਂ ਭਈ ਜਪਦਿਆਂ-ਜਪਦਿਆਂ, ਸਿਮਰਦਿਆਂ-ਸਿਮਰਦਿਆਂ, ਜੁੜਦਿਆਂ-ਜੁੜਦਿਆਂ, ਆਪੇ ਨੂੰ ਆਪੇ ਵਿਚੋਂ ਅੰਦਰੋਂ ਮਿਹਰ ਨਾਲ ਇਕ ਸੋਝੀ ਹੋ ਆਉਂਦੀ ਹੈ, ਉਸ ਸੋਝੀ ਨਾਲ ਦਿਸਦਾ ਤੇ ਵਸਦਾ ਜੋ ਕੁਛ ਦਿਸ ਆਉਂਦਾ ਹੈ ਇਹ ਪੁਸ਼ਾਕਾ ਦੀਹਦਾ ਹੈ ਤੇ ਪੁਸ਼ਾਕੇ ਦੇ ਵਿਚ ਕਰਤਾਰ ਮਾਲਕ ਤੇ ਪਾਲਕ ਆਪਣੇ ਜਲਾਲ ਤੇ ਜੋਬਨਾਂ ਵਿਚ ਦਮਕਾਂ ਮਾਰਦਾ ਅਡੋਲ ਬੀ, ਚੋਜ ਕਰਦਾ ਬੀ ਦਿੱਸ ਪੈਂਦਾ ਹੈ, ਦਿੱਸ ਪੈਂਦਾ ਆਖੀਏ ਕਿ ਕੁਛ ਹੋਰ? ਸੋਝੀ ਉਹ ਆਉਂਦੀ ਹੈ, ਇਕ ਸਿਆਣ ਜਾਗ ਪੈਂਦੀ ਹੈ, ਰੱਬ ਹੀ ਰੱਬ ਦਾ ਜਲਵਾ ਝਲਕੇ ਮਾਰਦਾ ਪ੍ਰਤੀਤ ਦੇਂਦਾ ਹੈ -

*ਸੋਰਠਿ ਮਹਲਾ ੧ ॥*

*ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥ ੩ ॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥ ੪ ॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥*

*ਅੰਗ- ੫੯੭*

ਮਰਦਾਨਾ (ਹਾਹੁਕਾ ਲੈ ਕੇ) ਪਾਤਸ਼ਾਹ! ਕਦੇ ਮੇਰੀ ਸੁਰਤ ਨੂੰ ਭੀ ਇਹ ਸਿਆਣ ਆਵੇ, ਕਦੇ ਰਾਗ ਦੀਆਂ ਸੁਰਾਂ ਵਾਂਗੂੰ ਇਸ ਸੁਰ ਦੀ ਬੀ ਸੁਰਤ ਹੋ ਆਵੇ। ਹੈਂ ਜੀ! ਤੁਸੀਂ ਗੁਰੂ ਹੋ, ਖੋਲ੍ਹੋ ਨਾ ਬਜਰ ਕਪਾਟ। ਗੱਲ ਸਮਝੇ ਆਉਂਦੀ ਹੈ; ਪਰ ਕੇ ਕਰਾਂ?

ਸਤਿਗੁਰ- ਮਰਦਾਨਿਆਂ! ਹੁਣ ਰਾਤ ਬਹੁਤ ਹੋ ਗਈ ਹੈ; ਸਉਂ ਰਹੁ, ਕੱਲ੍ਹ ਤੈਨੂੰ ਏਸ ਗੱਲ ਦੀ ਹੋਰ ਸੋਝੀ ਆ ਜਾਸੀ ਕਿ ਇਕ ਦ੍ਰਿਸ਼ਟਿ ਹੈ, ਅੰਦਰ, ਜੋ ਸਾਰੀਆਂ ਸੋਝੀਆਂ ਦੀ ਨਾਂ ਹੈ, ਜੇ ਉਸ ਦੀ ਲੋੜ ਹਈ ਤਾਂ ਬਈ ਗੁਰਮੁਖਿ ਨਾਮ ਜਪਿਆ ਕਰ ਨਿੱਤ।

ਮਰਦਾਨਾ ਮੱਥਾ ਟੇਕ ਕੇ ਕੁਛ ਦੂਰ ਭੁੰਞੇ ਲੇਟ ਗਿਆ ਤੇ ਤਾਰੇ ਗਿਣਦਾ ਤੇ ਉਹਨਾਂ ਵਿਚ ਰੱਬ ਦਾ ਝਲਕਾ ਦੇਖਣ ਦਾ ਧਿਆਨ ਕਰਦਾ-ਕਰਦਾ ਸੈਂ ਗਿਆ।

*'ਚਲਦਾ......।*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-53)*

ਜਦੋਂ ਚੇਤਨ ਹੋ ਕੇ ਇਨ੍ਹਾਂ ਨੂੰ ਸਮਝਣਾ ਸ਼ੁਰੂ ਕਰਦੇ ਹਾਂ, ਜੀਵਨ ਦੀਆਂ ਕੀਮਤਾਂ ਨੂੰ ਜਾਨਣ ਲਗਦੇ ਹਾਂ, ਜੀਵਨ ਦੀਆਂ ਲਹਿਰਾਂ ਜਾਨਣ ਲਗਦੇ ਹਾਂ, ਫੇਰ ਹੀ ਅਸੀਂ ਆਪਣੇ ਆਪ ਨੂੰ ਜਾਣ ਸਕਦੇ ਹਾਂ, ਸਮਝ ਸਕਦੇ ਹਾਂ। ਸੋਧ ਸਕਦੇ ਹਾਂ। ਜਦੋਂ ਅਸੀਂ ਚੇਤਨ ਹੋ ਕੇ ਸਚਾਈ ਜਾਨਣ ਲਗਦੇ ਹਾਂ ਤਾਂ ਸਾਨੂੰ ਗਿਆਨ ਹੋਣ ਲਗਦਾ ਹੈ। ਸਭ ਤੋਂ ਚੰਗਾ ਵੱਡਾ ਦਿਨ ਸਾਡੇ ਲਈ ਉਹ ਹੀ ਹੁੰਦਾ ਹੈ ਜਦੋਂ ਅਸੀਂ ਸੰਸਾਰ ਦੀਆ ਸਲਾਹਾਂ, ਵਿਚਾਰਾਂ ਤੋਂ ਮੁਕਤ ਹੋ ਜਾਂਦੇ ਹਾਂ।

**ਨਿਖੇਧਾਤਮਕ ਭਾਵਨਾਵਾਂ ਦਾ ਵਹਿਣ** - ਮੂਲ ਸੰਵੇਗ, ਮਨੋਭਾਵ ਹੈ ਕਾਮ ਜਾਂ ਕਹਿ ਸਕਦੇ ਹੋ ਇੱਛਾ, ਅਭਿਲਾਸ਼ਾ ਇਹ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ, ਕਿਉਂਕਿ ਇੱਛਾ ਹੀ ਨਖੇਧੀ ਸੰਵੇਗ ਦਾ ਸਰੋਤ ਹੈ। ਇੱਛਾ ਤੋਂ ਹੀ ਗੁੱਸੇ ਦੀ ਭਾਵਨਾ ਜਨਮ ਲੈਂਦੀ ਹੈ। ਜੇਕਰ ਸਾਡੀ ਇੱਛਾ ਪੂਰਤੀ ਨਾ ਹੋਵੇ ਫੇਰ ਸਾਡੇ ਨਾਲ ਕੀ ਹੁੰਦਾ ਹੈ? ਅਸੀਂ ਗੁੱਸੇ ਵਿਚ ਆ ਜਾਂਦੇ ਹਾਂ। ਦੂਸਰੀ ਨਿਖੇਧੀ ਦੀ ਭਾਵਨਾ ਹੈ ਮੋਹ, ਜਿਸ ਨਾਲ ਸਾਡਾ ਮੋਹ ਹੋਵੇ ਜਿਸ ਚੀਜ਼ ਨੂੰ ਅਸੀਂ ਚਾਹੀਏ ਜਦੋਂ ਉਹ ਮਿਲ ਜਾਂਦੀ ਹੈ, ਜਦੋਂ ਸਾਡੀ ਇੱਛਾ ਪੂਰਤੀ ਹੋ ਜਾਂਦੀ ਹੈ, ਫੇਰ ਅਸੀਂ ਕਹਿੰਦੇ ਹਾਂ, ਮੇਰੀ ਇੱਛਾ ਪੂਰੀ ਹੋ ਗਈ ਹੈ ਪਰ ਬਾਕੀਆਂ ਨੂੰ ਦੇਖੋ ਉਹ ਆਪਣੀ ਇੱਛਾ ਪੂਰਤੀ ਨਹੀਂ ਕਰ ਸਕੇ, ਮੈਂ ਬਹੁਤ ਮਹਾਨ ਹਾਂ, ਉਤਮ ਹਾਂ। ਇਹੋ ਜਿਹਾ ਅਭਿਮਾਨ ਸਾਡੇ ਅੰਦਰ ਉਦੋਂ ਆਉਂਦਾ ਹੈ ਜਦੋਂ ਅਸੀਂ ਲਾਲਚ ਨਾਲ ਦੇਖਦੇ ਹਾਂ, ਇਹ ਦੇਖਦੇ ਹਾਂ ਕਿ ਦੂਸਰਿਆਂ ਕੋਲ ਉਹ ਨਹੀਂ ਹੈ ਜੋ ਸਾਡੇ ਕੋਲ ਹੈ। ਪਰ ਜਦੋਂ ਅਸੀਂ ਦੇਖਦੇ ਹਾਂ ਕਿ ਦੂਸਰਿਆਂ ਕੋਲ ਹੈ ਪਰ ਸਾਡੇ ਕੋਲ ਨਹੀਂ, ਫੇਰ ਈਰਖਾ ਹੁੰਦੀ ਹੈ। ਅਗਲੀ ਭਾਵਨਾ ਹੈ ਲਾਲਚ, ਇਹ ਉਹ ਹੈ ਜਦੋਂ ਅਸੀਂ ਉਹ ਪ੍ਰਾਪਤ ਕਰ ਸਕਦੇ ਹਾਂ ਜੋ ਚਾਹੀਦਾ ਹੈ ਪਰ ਅਸੀਂ ਹੋਰ, ਹੋਰ ਚਾਹੁੰਦੇ ਹਾਂ। ਫੇਰ ਆ ਜਾਂਦਾ ਹੈ ਹਉਮੈਵਾਦ। ਇਹ ਉਦੋਂ ਜਨਮ ਲੈਂਦਾ ਹੈ ਜਦੋਂ ਅਸੀਂ ਆਪਣੇ ਆਪ ਨੂੰ ਪੂਰਨਤਾ ਤੋਂ ਵੱਖ ਕਰ ਲੈਂਦੇ ਹਾਂ, ਹਉਮੈਵਾਦ ਦੀ ਜੜ੍ਹ ਹੈ ਵਹਿਮ, ਭਰਮ। ਜਦੋਂ ਅਸੀਂ ਸਚਾਈ ਤੋਂ ਹਟ ਕੇ ਝੂਠ 'ਤੇ ਚਲੇ ਜਾਂਦੇ ਹਾਂ। ਵਾਸਤਵ ਵਿਚ ਦੇਖਿਆ ਜਾਏ ਤਾਂ ਸਾਡੇ ਵਿਚੋਂ ਕਿਸੇ ਨੂੰ ਹਉਮੈਵਾਦ ਦੀ ਲੋੜ ਨਹੀਂ, ਅਸੀਂ ਹਉਮੈ ਦੇ ਯੋਗ ਨਹੀਂ, ਸਮਰੱਥ ਨਹੀਂ, ਅਸੀਂ ਤਾਂ ਇਕ ਫੁੱਲ ਨਹੀਂ ਸਿਰਜ ਸਕਦੇ, ਘਾਹ ਦਾ ਇਕ ਤਿਣਕਾ ਨਹੀਂ ਬਣਾ ਸਕਦੇ। ਸਾਡੇ ਸਰੀਰ ਸਾਡੇ ਆਪਣੇ ਨਹੀਂ। ਸਾਡੇ ਸਰੀਰ ਸਾਡੇ ਲਈ ਹਨ, ਅਸੀਂ ਵਰਤ ਸਕਦੇ ਹਾਂ, ਪਰ ਸਰੀਰ ਵਾਸਤਵ ਵਿਚ ਸਾਡਾ ਆਪਣਾ ਨਹੀਂ। ਸਾਡੇ ਸਰੀਰ ਦਾ ਮਾਲਕ ਉਹ ਹੈ, ਉਹ ਹੀ ਸ਼ਕਤੀ ਦਿੰਦਾ ਹੈ, ਵਾਸਤਵ ਵਿਚ ਜੋ ਕੁਝ ਵੀ ਹੈ ਉਹ ਉਸ ਇਕ ਦਾ ਹੀ ਹੈ। ਜਦੋਂ ਅਸੀਂ ਕਿਸੇ ਚੀਜ਼ ਨੂੰ ਆਪਣੀ ਬਣਾਉਣੀ ਚਾਹੁੰਦੇ ਹਾਂ, ਕਬਜ਼ਾ ਕਰਨਾ ਚਾਹੁੰਦੇ ਹਾਂ ਤਾਂ ਹਉਮੈਵਾਦ ਆ ਜਾਂਦਾ ਹੈ, ਹਉਮੈ ਦਾ ਸੰਤਾਪ ਲਗਦਾ ਹੈ।

ਇਹਨਾਂ ਨਿਖੇਧੀ ਦੀਆਂ ਭਾਵਨਾਵਾਂ, ਸੰਵੇਗਾਂ ਦੇ ਸਰੋਤ ਨੂੰ ਜਾਣ ਕੇ ਇਹਨਾਂ ਬਾਰੇ ਜਾਣ ਕੇ, ਅਸੀਂ ਆਪਣਾ ਜੀਵਨ ਸਾਕਾਰਤਮਕ ਦਿਸ਼ਾ ਵਿਚ ਲੈ ਜਾ ਸਕਦੇ ਹਾਂ। ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਭਾਵਨਾ ਦੇ ਅੱਗੇ ਬੁੱਧੀ ਦੀ ਕੋਈ ਸ਼ਕਤੀ ਨਹੀਂ। ਪਰ ਜੇਕਰ ਬੁੱਧੀ ਨੂੰ ਚੰਗੀ ਤਰ੍ਹਾਂ ਨਾਲ ਵਰਤੋ ਤਾਂ ਸੰਵੇਗ ਨੂੰ ਸੋਧ ਕੇ ਸਕਾਰਾਤਮਕ ਬਣਾ ਸਕਦੇ ਹੋ। ਭਾਵਨਾਵਾਂ ਨੂੰ ਵਰਤਣਾ ਸਿੱਖ ਕੇ ਜੀਵਨ ਨੂੰ ਸਫਲ ਬਣਾ ਸਕਦੇ ਹੋ। ਸੰਸਾਰ ਦੀਆਂ ਸਭ ਤੋਂ ਉੱਤਮ ਪ੍ਰਾਪਤੀਆਂ ਮਨੁੱਖਾਂ ਨੇ ਵਿਸਮਾਦ ਦੀ ਅਵਸਥਾ ਵਿਚ ਹੀ ਪ੍ਰਾਪਤ ਕੀਤੀਆਂ ਹਨ। ਅਸੀਂ ਮੈਡੀਟੇਸ਼ਨ ਸਾਲਾਂਬੱਧੀ ਕਰਦੇ ਰਹੀਏ, ਕੁਛ ਨਹੀਂ ਹੁੰਦਾ, ਕੁੰਡਲਨੀ ਜਾਗ੍ਰਤ ਨਹੀਂ ਹੁੰਦੀ ਪਰ ਅਚਾਨਕ ਇਕ ਦਮ ਭਾਵਨਾ ਜਾਗ੍ਰਤ ਹੁੰਦੀ ਹੈ, ਸਾਨੂੰ ਭਾਵਿਕਤਾ, ਭਾਵ ਦੂਰ ਪਰ੍ਹੇ ਲੈ ਜਾਂਦੀ ਹੈ, ਅਤੀਤ ਤੇ ਲੈ ਜਾਂਦੀ ਹੈ ਫੇਰ ਅਸੀਂ ਸਾਰੀਆਂ ਹੱਦਾਂ ਟੱਪ ਕੇ ਡੂੰਘਾਈਆਂ ਵਿਚ ਚਲੇ ਜਾਂਦੇ ਹਾਂ, ਚੇਤਨ ਬਿੰਦੂ ਤੇ ਪਹੁੰਚ ਜਾਂਦੇ ਹਾਂ।

### ਚਾਰ ਪੁਰਾਤਨ ਪ੍ਰੇਰਨਾਵਾਂ

ਜੇਕਰ ਅਸੀਂ ਆਪਣੀਆਂ ਭਾਵਨਾਵਾਂ ਰਾਹੀਂ ਕੰਮ ਕਰਨਾ ਚਾਹੁੰਦੇ ਹਾਂ, ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸ਼ਾਂਤ ਕਰਨਾ ਪਵੇਗਾ। ਮਨ ਸ਼ਾਂਤ ਕਰਨਾ ਪਵੇਗਾ, ਅਸੀਂ ਆਪਣੀਆਂ ਭਾਵਨਾਵਾਂ ਚੰਗੀ ਤਰ੍ਹਾਂ ਨਾਲ ਨਹੀਂ ਵਰਤਦੇ, ਓਹਨਾਂ ਦਾ ਪ੍ਰਗਟਾਵਾ ਨਹੀਂ ਹੋਣ ਦਿੰਦੇ ਕਿਉਂਕਿ ਮਨ ਇਕ ਦੀਵਾਰ ਹੈ ਸਾਡੇ ਵਿਚ ਤੇ ਅਤੀਤ ਵਿਚ ਸਾਨੂੰ ਮਨ ਦੇ ਸਾਰੇ ਕਾਰਜ ਪਤਾ ਹੋਣੇ ਚਾਹੀਦੇ ਹਨ, ਸਾਨੂੰ ਚੰਗੀ ਤਰ੍ਹਾਂ ਨਾਲ ਉਹਨਾਂ ਨੂੰ ਜਾਣ ਲੈਣਾ ਚਾਹੀਦਾ ਹੈ। ਇਹ ਜਾਣ ਲੈਣਾ ਕੋਈ ਔਖਾ ਨਹੀਂ, ਸੰਵੇਗ, ਭਾਵਨਾਵਾਂ ਆਉਂਦੀਆਂ ਕਿੱਥੋਂ ਹਨ? ਇਹਨਾਂ ਦੇ ਸ੍ਰੋਤ ਹਨ, ਖਾਣਾ, ਕਾਮ, ਸੌਣਾ, ਆਪਾ ਸੰਭਾਲ, ਇਹਨਾਂ ਚਾਰਾਂ ਨੂੰ ਪੁਰਾਤਨ ਪਰਵ੍ਰਿਤੀਆਂ, ਪੁਰਾਤਨ ਪ੍ਰੇਰਨਾਵਾਂ ਕਿਹਾ

ਜਾਂਦਾ ਹੈ, ਸਰੋਤ ਕਿਹਾ ਜਾਂਦਾ ਹੈ। ਇਹ ਕਹਿਣਾ ਬਹੁਤ ਔਖਾ ਹੈ, ਕਿਹੜੀ ਉਚੀ ਹੈ ਵਧੇਰੇ ਸ਼ਕਤੀਸ਼ਾਲੀ ਹੈ, ਕਿਹੜੀ ਘੱਟ ਹੈ, ਨੀਵੀਂ ਹੈ, ਪਰ ਅਸੀਂ ਦੇਖ ਸਕਦੇ ਹਾਂ, ਕਿਹੜੀ ਵਧੇਰੇ ਸ਼ਕਤੀਸ਼ਾਲੀ ਹੈ, ਕਿਸ ਦਾ ਅਸਰ ਵੱਧ ਹੈ, ਕਿਹੜੀ ਸਾਡੇ ਜੀਵਨ ਵਿਚ ਵਧੇਰੇ ਪ੍ਰਭਾਵ ਪਾਉਂਦੀ ਹੈ। ਅਸੀਂ ਲੋੜ ਤੋਂ ਵੱਧ ਕਿਉਂ ਖਾਂਦੇ ਹਾਂ? ਉਹ ਇਸ ਕਰਕੇ ਕਿ ਜੋ ਵੀ ਅਸੀਂ ਖਾ ਰਹੇ ਹਾਂ ਉਹ ਸਰੀਰ ਨੂੰ ਪੂਰੀ ਖੁਰਾਕ ਨਹੀਂ ਮਿਲ ਰਹੀ ਉਹ ਸਰੀਰ ਨੂੰ ਲੋੜੀਂਦੀ ਖੁਰਾਕ ਨਹੀਂ ਦੇ ਰਿਹਾ। ਸਰੀਰ ਮੰਗ ਰਿਹਾ ਹੈ, ਅਸੀਂ ਖਾ ਰਹੇ ਹਾਂ ਇਸ ਕਰਕੇ ਅਸੀਂ ਵੱਧ ਖਾ ਰਹੇ ਹਾਂ। ਲੋੜ ਤੋਂ ਵੱਧ ਖਾ ਰਹੇ ਹਾਂ। ਇਹ ਇਕ ਕਾਰਣ ਹੈ ਜਾਂ ਫਿਰ ਇਹ ਹੈ ਅਸੀਂ ਠੀਕ ਖਾ ਰਹੇ ਹਾਂ ਪਰ ਅਸੀਂ ਪੂਰੀ ਤਰ੍ਹਾਂ ਨਾਲ ਚਬਾ ਕੇ ਨਹੀਂ ਖਾ ਰਹ।, ਅਸੀਂ ਸੋਚਦੇ ਹਾਂ ਕਿ ਸਾਡੇ ਮਿਹਦੇ ਦੇ ਦੰਦ ਹਨ, ਇਸ ਕਰਕੇ ਸਾਡਾ ਖਾਣਾ ਠੀਕ ਤਰ੍ਹਾਂ ਹਜ਼ਮ ਨਹੀਂ ਹੋ ਰਿਹਾ, ਫੇਰ ਖਾਣਾ ਹਜ਼ਮ ਹੋ ਹੀ ਨਹੀਂ ਸਕਦਾ। ਅਸੀਂ ਬਹੁਤ ਸਾਰੇ, ਬਹੁਤ ਹੀ ਚੰਗਾ, ਖਾਣਾ ਖਾਂਦੇ ਹਾਂ। ਪੋਸ਼ਟਿਕ ਖਾਂਦੇ ਹਾਂ, ਪਰ ਉਸ ਨੂੰ ਚੰਗੀ ਤਰ੍ਹਾਂ ਨਾਲ ਚਬਾ ਕੇ ਨਹੀਂ ਖਾਂਦੇ, ਇਸ ਕਰਕੇ ਅਸੀਂ ਲੋੜ ਤੋਂ ਵੱਧ ਖਾਂਦੇ ਹਾਂ, ਸਰੀਰ ਦੀ ਪੋਸ਼ਟਿਕਤਾ ਠੀਕ ਦੇਣ ਲਈ ਅਸੀਂ ਵੱਧ ਖਾ ਲੈਂਦੇ ਹਾਂ। ਜੇਕਰ ਠੀਕ ਤਰ੍ਹਾਂ ਨਾਲ ਚਬਾ ਕੇ ਖਾਈਏ ਤਾਂ ਥੋੜ੍ਹਾ ਖਾਵਾਂਗੇ। ਜੇਕਰ ਪੂਰੀ ਤਰ੍ਹਾਂ, ਚੰਗੀ ਤਰ੍ਹਾਂ ਚਬਾ ਕੇ ਖਾਈਏ ਤਾਂ ਅਸੀਂ ਥੋੜ੍ਹਾ ਹੀ ਨਹੀਂ ਖਾਵਾਂਗੇ ਬਲਕਿ ਮੋਟੇ ਵੀ ਨਹੀਂ ਹੋਵਾਂਗੇ। ਜੇਕਰ ਅਸੀਂ ਮੋਟੇ ਹਾਂ ਤਾਂ ਸਾਡਾ ਮੋਟਾਪਾ ਘਟਦਾ ਜਾਵੇਗਾ। ਇਕ ਹੋਰ ਕਾਰਣ ਕਰਕੇ ਵੀ ਲੋਕ ਵਧ ਖਾਂਦੇ ਹਨ ਉਹ ਹੈ ਖਾਨਾ ਪੂਰਤੀ ਲਈ ਭਾਵ ਜੇਕਰ ਅਸੀਂ ਕੋਈ ਹੋਰ ਇੱਛਾ ਨਹੀਂ ਪੂਰੀ ਕਰ ਸਕਦੇ, ਜਿਵੇਂ ਜੇ ਕਾਮ ਪੂਰਤੀ ਨਹੀਂ ਹੁੰਦੀ ਤਾਂ ਚੁੱਪ ਚਾਪ ਜਾ ਕੇ ਰਾਤ ਨੂੰ ਖਾਣਾ, ਫੇਰ ਸੌਣਾ, ਸਵੇਰੇ ਉਠ ਕੇ ਮੰਨਣਾ ਹੀ ਨਹੀਂ ਕਿ ਰਾਤ ਨੂੰ ਕੀ-ਕੀ ਖਾਧਾ ਹੈ। ਵਾਸਤਵ ਵਿਚ ਲੋਕ ਅਚੇਤ ਹੀ ਲੋੜ ਤੋਂ ਵੱਧ ਖਾਂਦੇ ਹਨ। ਹੌਲੀ-ਹੌਲੀ ਆਦਤ ਪੱਕ ਜਾਂਦੀ ਹੈ, ਅਚੇਤ ਮਨ ਵਿਚ ਚਲੀ ਜਾਂਦੀ ਹੈ ਫੇਰ ਅਸੀਂ ਛੱਡ ਦਿੰਦੇ ਹਾਂ, ਕਹਿਣ ਲਗ ਪੈਂਦੇ ਹਾਂ ਮੈਂ ਕੀ ਕਰਾਂ, ਮੇਰੇ ਵਸ ਦੀ ਗੱਲ ਨਹੀਂ। ਸੋ ਲੋੜ ਹੈ ਕਿ ਸਾਦਾ ਖਾਓ, ਸਾਦੀ ਖੁਰਾਕ ਖਾਓ।

ਇਕ ਬੜੀ ਰੋਚਕ ਗੱਲ ਹੈ ਜਦੋਂ ਕਿ ਖਾਣਾ ਪਹਿਲਾਂ ਸਰੀਰ ਨੂੰ ਦਿਤਾ ਜਾਂਦਾ ਹੈ, ਫੇਰ ਮਨ ਤੇ ਪ੍ਰਭਾਵ ਪਾਉਂਦਾ ਹੈ ਪਰ ਕਾਮ ਪਹਿਲਾਂ ਮਨ ਵਿਚ ਆਉਂਦਾ ਹੈ, ਫੇਰ ਸਰੀਰ ਰਾਹੀਂ ਉਸ ਦੀ ਤ੍ਰਿਪਤੀ ਹੁੰਦੀ ਹੈ। ਮਿਸਾਲ ਵਜੋਂ ਜੇ ਇਕ ਆਦਮੀ ਸੁਪਨੇ ਵਿਚ ਖਾਂਦਾ ਹੈ, ਸਵੇਰੇ ਉਠ ਕੇ ਉਹ ਫੇਰ ਖਾਏਗਾ ਪਰ ਕਾਮ ਲਈ ਇਸ ਤਰ੍ਹਾਂ ਨਹੀਂ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਕਾਮ ਮਨ ਤੇ ਪਹਿਲਾਂ ਪ੍ਰਭਾਵ ਪਾਉਂਦਾ ਹੈ, ਫੇਰ ਸਰੀਰ ਤੇ, ਜਦੋਂ ਕਿ ਭੋਜਨ ਪਹਿਲਾਂ ਸਰੀਰ ਨੂੰ ਦਿਤਾ ਜਾਂਦਾ ਹੈ ਫੇਰ ਉਸ ਦਾ ਪ੍ਰਭਾਵ ਮਨ ਤੇ ਪੈਂਦਾ ਹੈ, ਖਾਣ ਦਾ ਤੇ ਕਾਮ ਦਾ ਸਰੋਤ ਵੱਖ-ਵੱਖ ਹਨ।

ਜੇਕਰ ਅਸੀਂ ਆਪਣੇ ਜੀਵਨ ਵਿਚ ਸੁਰੱਖਿਅਤ ਨਹੀਂ, ਜੇਕਰ ਸਾਨੂੰ ਪੂਰਾ ਖਾਣ ਨੂੰ ਨਹੀਂ ਮਿਲ ਰਿਹਾ ਜਾਂ ਸਾਨੂੰ ਚਿੰਤਾ ਹੈ ਅੱਗੇ ਕੀ ਹੋਵੇਗਾ, ਅਗਲੇ ਸਾਲਾਂ ਵਿਚ ਕੀ ਹੋਵੇਗਾ, ਫੇਰ ਅਸੀਂ ਖਾਨਾ ਪੂਰਤੀ ਕਰਾਂਗੇ। ਫੇਰ ਅਸੀਂ ਕਿਸੇ ਤਰ੍ਹਾਂ ਸੁਰੱਖਿਅਤ ਹੋਣ ਦੀ ਕੋਸ਼ਿਸ਼ ਕਰਾਂਗੇ। ਹੋ ਸਕਦਾ ਹੈ ਵਧੇਰੇ ਕਾਮ ਵਿਚ ਰੁਝ ਜਾਈਏ, ਭਾਵੇਂ ਕੁਛ ਵੀ ਕਰਦੇ ਹੋਈਏ ਅਸੀਂ ਕਾਮ ਬਾਰੇ ਹੀ ਸੋਚਾਂਗੇ। ਜੇਕਰ ਕਿਸੇ ਵਿਚਾਰ ਨੂੰ ਠੀਕ ਸਮੇਂ ਰੋਕਿਆ ਨਾ ਜਾਏ, ਜੀਵਨ ਤਬਾਹ ਹੋ ਸਕਦਾ ਹੈ, ਕਾਮ ਹੋਵੇ ਪਰ ਇਕ ਮਾਤਰਾ ਵਿਚ, ਇਕ ਸੀਮਾ ਤਕ। ਮੇਰਾ ਦੱਸਣ ਤੋਂ ਭਾਵ ਹੈ ਕਿ ਵੱਖ-ਵੱਖ ਅੰਗ ਕਿਵੇਂ ਕੰਮ ਕਰਦੇ ਹਨ। ਵੱਖ-ਵੱਖ ਪ੍ਰੇਰਣਾਵਾਂ ਕਿਵੇਂ ਉਤੇਜਿਤ ਕਰਦੀਆਂ ਹਨ।

ਹਰ ਕੋਈ ਖੁਸ਼ ਰਹਿਣਾ ਚਾਹੁੰਦਾ ਹੈ, ਕੀ ਤੁਸੀਂ ਜਾਣਦੇ ਹੋ ਕਿ ਸਭ ਤੋਂ ਚੰਗੀ ਸਭ ਤੋਂ ਉੱਚੀ ਖੁਸ਼ੀ ਕੀ ਹੈ। ਤੁਸੀਂ ਸ਼ਾਇਦ ਕਹੋ ਕਿ ਕਾਮ ਪੂਰਤੀ। ਪਰ ਜਦੋਂ ਕਾਮ ਪੂਰਤੀ ਦੀ ਤ੍ਰਿਪਤੀ ਹੋ ਜਾਂਦੀ ਹੈ, ਉਹ ਸੌਂ ਜਾਂਦੇ ਹਨ, ਫੇਰ ਨੀਂਦ ਦੀ ਉਹਨਾਂ ਦੀ ਸਭ ਤੋਂ ਵੱਡੀ ਖੁਸ਼ੀ ਹੈ ਜਿਹੜੇ ਲੋਕ ਮਿਹਨਤ ਕਰਦੇ ਹਨ। ਜਿਹੜੇ ਤਨ, ਮਨ ਲਗਾ ਕੇ ਮਿਹਨਤ ਕਰਦੇ ਹਨ, ਮਾਨਵਤਾ ਦੀ ਭਲਾਈ ਲਈ ਕੰਮ ਲਈ ਕਰ ਰਹੇ ਹਨ, ਆਪਣੀ ਡਿਊਟੀ ਪੂਰੀ ਤਰ੍ਹਾਂ ਨਾਲ ਨਿਭਾ ਰਹੇ ਹਨ। ਵਾਸਤਵ ਵਿਚ ਉਹਨਾਂ ਨੂੰ ਬਹੁਤ ਘੱਟ ਸੌਣ ਦੀ ਲੋੜ ਹੈ। ਮਿਸਾਲ ਵਜੋਂ ਮਹਾਤਮਾ ਗਾਂਧੀ ਕੇਵਲ ਦੋ ਘੰਟੇ ਹੀ ਸੌਂਦੇ ਸੀ, ਬਹੁਤ ਸਾਰੇ ਲੋਕ ਜਦੋਂ ਸੌਂ ਕੇ ਉਠਦੇ ਹਨ, ਫੇਰ ਵੀ ਸੌਂਦੇ ਹੀ ਰਹਿੰਦੇ ਹਨ ਕਿਉਂਕਿ ਉਹਨਾਂ ਦੀ ਨੀਂਦ ਠੀਕ ਨਹੀਂ ਪੂਰੀ ਨਹੀਂ ਹੁੰਦੀ, ਕੁਝ ਕਮੀ ਰਹਿ ਜਾਂਦੀ ਹੈ। ਭਾਵੇਂ ਅਸੀਂ ਨੀਂਦ ਦੀ ਗੋਲੀ ਲੈ ਕੇ ਵੀ ਸੋਈਏ ਤਾਂ ਵੀ ਅਸੀਂ ਗੂੜ੍ਹੀ ਨੀਂਦ ਨਹੀਂ ਸੌਂਦੇ। ਵਾਸਤਵ ਵਿਚ ਅਸੀਂ ਗੂੜ੍ਹੀ ਨੀਂਦ ਸੌਣਾ ਹੀ ਨਹੀਂ ਜਾਣਦੇ। ਉਸ ਲਈ ਸਾਨੂੰ ਚੇਤਨ ਹੋ ਕੇ ਆਰਾਮ ਕਰਨਾ ਸਿੱਖਣਾ ਪੈਂਦਾ ਹੈ। ਸਾਨੂੰ ਯੋਗ ਨਿੰਦਰਾ ਸਿੱਖਣ ਦੀ ਲੋੜ ਹੈ, ਜਿਵੇਂ ਅਸੀਂ ਖਾਣ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਾਂ। ਆਪਣੀ ਸੁਰੱਖਿਆ ਦੇਖਦੇ ਹਾਂ। ਇਸੇ ਤਰ੍ਹਾਂ ਸੌਣ ਲਈ ਵੀ ਸਾਨੂੰ ਤਿਆਰ ਕਰਨਾ ਸਿੱਖਣਾ ਪਵੇਗਾ। ਸਾਨੂੰ ਸਵੈ ਇੱਛਤ ਹੋਣਾ ਸਿੱਖਣਾ ਪਵੇਗਾ ਜਦੋਂ ਚਾਹੋ ਉਠਣਾ ਸਿੱਖਣਾ ਪਵੇਗਾ, ਜੇਕਰ ਅਸੀਂ ਆਪਣੀ ਇੱਛਾ ਸ਼ਕਤੀ ਨੂੰ ਸਿਖਾਈਏ ਆਪਣੇ ਆਪ ਨੂੰ ਕਹੀਏ, ਮੈਂ ਸਵੇਰੇ ਚਾਰ ਵਜੇ ਉਠਣਾ ਹੀ ਹੈ, ਅਸੀਂ ਅਵੱਸ਼ ਉਠਾਂਗੇ।

*'ਚਲਦਾ............।'*

*(ਪੰਨਾ 47 ਦੀ ਬਾਕੀ)*

(ਲੋਕ) ਇਕੋ (ਬ੍ਰਹਮ ਹੀ) ਬ੍ਰਹਮ ਆਖਦੇ ਸਨ, ਮੋਹ ਤੇ ਮਾਯਾ ਥੋਂ ਬੇਖਾਹਸ਼ (ਰਹਿੰਦੇ) ਸਨ। ਬਨ ਵਿਖੇ ਤਪ ਕਰਦੇ ਸਾਗ ਦੀ ਪਿੰਨੀ (ਭਾਵ ਕੰਦ ਮੂਲ) ਖਾ ਕੇ ਸਮਾਂ ਟਪਾਉਂਦੇ ਸਨ।

**ਲਖ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ।**

**ਇਕ ਬਿਨਸੈ ਇਕ ਅਸਥਿਰੁ ਗਾਜੇ॥**

ਲੱਖ ਵਰ੍ਹੇ (ਅਰਥਾਤ ਸੌ ਹਜ਼ਾਰ ਵਰ੍ਹੇ) ਦੀ (ਆਰਜਾ) ਉਮਰ ਹੁੰਦੀ ਸੀ (ਫੇਰ ਬੀ) ਕੋਠੇ ਕੋਟ ਤੇ ਮੰਦਰ ਨਹੀਂ ਬਣਾਉਂਦੇ ਸਨ। ਇਕ ਨਾਸ਼ ਹੁੰਦੇ ਜਾਂਦੇ ਹਨ ਦੂਜੇ ਆਪ ਨੂੰ ਅਚੱਲ (ਮੰਨ ਕੇ) ਗੱਜਦੇ ਹਨ।

ਭਾਵ - ਤਾਤਪਰਜ ਇਹ - ਸਤਿਜੁਗ ਦੇ ਲੋਕਾਂ ਦਾ ਵਰਤਾਰਾ ਜੋ ਉਪਰ ਕਥਨ ਕੀਤਾ ਹੈ ਛੱਡ ਕੇ ਵਰਤਮਾਨ ਵਿਖੇ ਲੋਕ ਵਡਾ ਹੰਕਾਰ ਕਰਦੇ ਹਨ ਤੇ ਆਪ ਨੂੰ ਅਟੱਲ ਮੰਨਦੇ ਹਨ। ਯਥਾ ਗੁਰਵਾਕ ਹੈ - "ਇਕਿ ਬਿਨਸੈ ਇਕਿ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥' ਤਥਾ - "ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥' ਅਰਥਾਤ - ਮਾਰਕੰਡੇ ਨੇ ਜਿਸ ਦੀ ਬ੍ਰਹਮਾਂ ਨਾਲੋਂ ਵੱਡੀ ਉਮਰ ਸੀ, ਆਪ ਨੂੰ ਨਾਸ਼ਮਾਨ ਮੰਨ ਕੇ ਕਿਲ੍ਹੇ ਕੋਟ ਨਹੀਂ ਬਣਾਏ।

ਇਥੇ ਭਾਈ ਗੁਰਦਾਸ ਜੀ ਪ੍ਰਚਲਿਤ ਮਤਾਂ ਦਾ ਵਰਣਨ ਕਰ ਰਹੇ ਹਨ ਤੇ ਮਤਾਂ ਦੇ ਮੰਨੇ ਹਾਲ ਦਸ ਰਹੇ ਹਨ। ਆਪਣਾ ਸਿਧਾਂਤ ਕਿਤੇ ਹੋਰ ਥੇ ਦੱਸਣਗੇ।


## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - (21 ਜਨਵਰੀ ਦਿਨ, ਸੋਮਵਾਰ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸੰਗਰਾਂਦ -ਮਾਘਿ, 14 ਜਨਵਰੀ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

## ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

## ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ [illegible] ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

| within India | | | Foreign Membership | | |
|---|---|---|---|---|---|
| Subscription Period | By Ordinary Post/Cheque | By Registered Post/Cheque | | Annual | Life |
| 1 Year | Rs. 300/320 | | U.S.A. | 60 US$ | 600 US$ |
| 3 Year | Rs. 750/770 | | U.K. | 40 £ | 400 £ |
| 5 Year | Rs. 1200/1220 | | Canada | 80 Can $ | 800 Can $ |
| Life | Rs 3000/3020 | | Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾ/Address..............................................................................................

..............................................................................................................................

.............................Pin Code........................................Phone.......................... E-mail :..............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਡਾ. ਜਤਿੰਦਰ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ | (ਦੰਦਾਂ ਦੇ ਮਾਹਿਰ) | ਮੰਗਲਵਾਰ |
| 8. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 18. | ਬੀਬਾ ਹਰਨੀਤ ਕੌਰ | ਫਿਜ਼ਿਓਥਰੈਪਿਸਟ | ਸੋਮਵਾਰ ਅਤੇ ਸ਼ੁਕਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

ੴ ਸਤਿਗੁਰ ਪ੍ਰਸਾਦਿ ॥

# ROOHANI KIRTAN UPDESH

## SANT HARPAL SINGH JI RATWARA SAHIB WALE

in accordance with the tradition set by
His Holiness Sant Waryam Singh ji Ratwara Sahib Wale

ROOHANI PARCHAR FERI **CANADA & USA**

## in Canada

**4TH JANUARY TO 28TH JANUARY 2019**



Sant Baba Waryam Singh ji Maharaj Ratwara Sahib

## in USA

**1TH FEBRUARY TO 30TH MARCH 2019**



SANT BABA HARPAL SINGH JI
RATWARA SAHIB

### -: Programme :-

**TORONTO | 4TH JANUARY TO 6TH JANUARY**

**Gurdwara Nanaksar Thath**

Ishar Darbar, 9954
The Gore Road Brampton,
on L6P 0A7, CANADA
FRIDAY 4TH : 6.00 PM TO 7.30PM
SATURDAY 5TH : 6.00 PM TO 7.30PM

**EDMONTON | 7TH JANUARY TO 20TH JANUARY**

**GURDWARA MILLWOOD**

2606, MILL WOODS RD E, EDMONTON
AB T6L 5K7, CANADA
MONDAY 9TH TO 12TH TUSEDAY
(TIMING : 7.00PM TO 08.00PM)
SATURDAY 12TH : 12.00 PM TO 01.00PM
SUNDAY 13TH : 12.00 PM TO 01.00PM
MONDAY 13TH : 06.00 PM TO 07.00PM
TUESDAY 14TH : 07.00 PM TO 08.00PM

**CALGARY | 16TH JANUARY TO 17TH JANUARY**

**GURU RAM DASS DARBAR**

5225 84 ST NE,
CALGARY, AB, T3J 4A9
WEDNESDAY 16TH : 6.00PM TO 8.00PM
THARS 17 : 6.00 8.00

**VANCOUVER | SURREY, KELOWNA, TERRACE, PRINCE RUPERT**

**21ST JANUARY TO 28TH JANUARY**

Gurdwara Dukh Nivaran Sahib, Surrey, BC
MONDAY 21TH TO 27TH SUNDAY
(7.30pm to 8.30pm)

### -: Programme :-

**2ND FEB TO 3RD FEB 2019**

**Sikh Temple of Bluegrass**

257 Swigert Ave
Lexington, KY 40505
Mandeep Singh
+1-859-595-9141
SATURDAY 2ND : 06.00 PM TO 8.00 PM
SATURDAY 3RD : 11.59 PM TO 01.30PM

**9TH FEB TO 10TH FEB 2019**

**Gurdwara Sikh Sangat**

10950 Southeastern Ave
Indianapolis, IN 46239
SATURDAY 9TH : 6.00 PM TO 8.00PM
SUNDAY 10TH : 12.00 PM TO 1.15PM
BHAI MANJIT SINGH : PH : 317-188-883

**18TH FEB TO 24TH FEB**

**GURDWARA DASMESH DARBAR**

7000 WIBLE RAD
BAKERSFIELD CA-93313
CONTACT : DR PARAMVIR SINGH RAHAL,
PH : 661 619 1200
BHAI MANJIT SINGH : PH : 317-188-883
18TH TO 23TH FEB : 6.45PM TO 7.45
SUNDAY 24TH : 12.00 PM TO 1.00PM

**25TH FEB TO 28TH MARCH**
CALIFORNIA

**1ST MARCH TO 3RD MARCH**
TURLOCK

**4TH MARCH TO 10TH MARCH**
SANJOSE

**15TH MARCH TO 17TH MARCH**
EL SOBRANTE

**18TH MARCH TO 21ST MARCH**
SAN JOSE

### -:Contact :-

**TORONTO**

BHAI AVTAR SINGH - + 1-647-968-5039
BIBI JATINDER KAUR - + 1-416-277-1375
BHAI JATINDERPAL SINGH - + 1-647-720-4100
BHAI MANJIT SINGH - + 1-317-488-8831
BHAI JAGJIT SINGH JAGGA - + 1-647-922-7878

**EDMONTON**

BHAI RAGHUBIR SINGH RAJU - +1-431-336-4555
BHAI HARDEEP SINGH LALL - +1-780-990-6738
BHAI MALKIT SINGH KHABRA - +1-780-340-3851

**VANCOUVER | SURREY | KELOWNA**

BHAI PARAMJIT SINGH - +1-260-600-3072
BHAI JASBIR SINGH RANU - +1-758-240-4610
BHAI TEJINDER SINGH (SONU) - +1-250-899-6781
BHAI AMIT ARORA JI - +1-604-767-4781
BHAI HARJIT SINGH (JITI) - +1-778-987-4701
BHAI HARJIT SINGH - +1-778-713-7400

**CALGARY**

BHAI GURMEJ SINGH BAINS - +1-403-589-7311
BHAI JASBIR SINGH - +1-587-436-7933

Any time you need any information for program, should you contact this number
Bhai Raghubir Singh Raju +1-431-336-4555

### -: Contact :-

BHAI MANJIT SINGH
+ 1-317-488-8831
BHAI AMARDIP SINGH
+ 1-408-393-8199

**Books Authored by Sant Waryam Singh ji Maharaj Ratwara Sahib and Atam Marg Magazine Will be available at all the Programs in Canada & USA**



ਕਲਮ ਦੇ ਧਨੀ, ਪਿਆਰ ਦੀ ਮੂਰਤ, ਆਤਮ ਮਾਰਗ ਦੇ ਸੰਚਾਲਕ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਦਫਤਰ ਆਤਮ ਮਾਰਗ
ਰਤਵਾੜਾ ਸਾਹਿਬ ਵਿਖੇ ਮੈਗਜੀਨ ਲਈ ਅਨੁਭਵੀ ਪ੍ਰਵਚਨ ਲਿਖਦੇ ਹੋਏ।

## 'ਹਲਤ ਪਲਤ ਸੰਵਾਰਨ ਵਾਲਾ ਤੋਹਫਾ

ਸਮੂੰਹ ਸੰਗਤ ਤੇ ਪਾਠਕ ਜਨਾਂ ਨੂੰ ਵਿਦਿਤ ਹੈ ਕਿ ਆਤਮ ਮਾਰਗ ਅਪ੍ਰੈਲ 1995 ਤੋਂ ਸ਼ੁਰੂ ਹੋ ਕੇ ਆਪਣਾ ਸਫਰ ਤੈਅ ਕਰਦਾ ਹੋਇਆ 24 ਵੇਂ ਸਾਲ 'ਚ ਚਲ ਰਿਹਾ ਹੈ। ਨਵੇਂ ਸਾਲ ਦੀ ਆਮਦ ਤੇ ਬਹੁਤ ਸਾਰੇ ਪ੍ਰੇਮੀ ਆਪਣੇ ਸਨੇਹੀਆਂ ਸੱਜਣਾਂ/ਮਿੱਤਰਾਂ ਨੂੰ ਤੋਹਫਾ ਪੇਸ਼ ਕਰਦੇ ਹਨ। ਇਹ ਇਕ ਦੁਨਿਆਵੀ ਰੀਤ ਹੈ। ਇਸ ਨਾਲ ਅਸੀਂ ਆਪਣੇ ਸਨੇਹੀ, ਮਿੱਤਰ, ਸੱਜਣ ਦੀ ਖੁਸ਼ੀ ਲੈਣ ਦੇ ਇਛੁਕ ਹੁੰਦੇ ਹਾਂ। ਆਉ! ਸਤਿਗੁਰੂ ਦੀ ਖੁਸ਼ੀ ਪ੍ਰਾਪਤ ਕਰੀਏ। ਪਿਆਰੇ ਮਹਾਂਪੁਰਸ਼ਾਂ ਦੇ ਬਚਨਾਂ ਤੇ ਪਹਿਰਾ ਦਿੰਦੇ ਹੋਏ ਨਵੇਂ ਸਾਲ ਦੀ ਆਮਦ ਤੇ ਆਪਣੇ ਸਨੇਹੀਆਂ, ਰਿਸ਼ਤੇਦਾਰਾਂ, ਸੱਜਣਾਂ, ਮਿੱਤਰਾਂ ਨੂੰ ਇਹੋ ਜਿਹਾ ਤੋਹਫਾ ਦੇਈਏ ਜਿਸ ਨਾਲ ਲੋਕ ਤੇ ਪ੍ਰਲੋਕ ਦੇ ਸੁਖ ਪ੍ਰਾਪਤ ਹੋਣ। 'ਆਤਮ ਮਾਰਗ' ਦੇ ਘੱਟੋ-ਘੱਟ 5-5 ਮੈਂਬਰ ਬਣਾ ਕੇ ਗੁਰੂ ਦੀ ਪਵਿੱਤਰ ਬਾਣੀ ਦਾ ਸੰਦੇਸ਼ ਉਨ੍ਹਾਂ ਤੱਕ ਪੁੱਜਦਾ ਕਰੀਏ। ਇਹੀ ਹਲਤ ਤੇ ਪਲਤ ਸੰਵਾਰਨ ਦਾ ਅਸਲੀ ਤੋਹਫਾ ਹੋਵੇਗਾ। ਗੁਰਬਾਣੀ ਨਾਲ ਜੁੜ ਕੇ ਹਲਤ ਤੇ ਪਲਤ ਦੋਵੇਂ ਸੰਵਾਰੇ ਜਾ ਸਕਦੇ ਹਨ। ਗੁਰਬਾਣੀ ਨਾਲ ਕਿਸੇ ਨੂੰ ਜੋੜ ਦੇਣਾ ਇਹੀ ਵੱਡਾ ਪੁੰਨ ਹੈ। 'ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ '

ਮਹਾਂਪੁਰਸ਼ਾਂ ਦੇ ਬਚਨ ਯਾਦ ਰੱਖੀਏ, ''ਜਿਸ ਘਰ ਵਿਚ ਆਤਮ-ਮਾਰਗ ਆਏਗਾ, ਪੜ੍ਹਿਆ ਜਾਵੇਗਾ, ਉਸ ਘਰ ਦੇ ਦੁਖ ਦਰਦ ਦੂਰ ਹੋਣਗੇ ਅਤੇ ਭਰਪੂਰ ਖੁਸ਼ੀਆਂ ਦਾ ਪ੍ਰਵੇਸ਼ ਹੋਵੇਗਾ।'' ਕਿਉਂਕਿ ਇਸ ਵਿਚੋਂ ਨਾਮ-ਬਾਣੀ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਬਾਣੀ ਨਾਲ ਜੁੜ ਕੇ ਤਮਾਮ ਦੁਖਾਂ-ਕਲੇਸ਼ਾਂ ਦਾ ਖਾਤਮਾ ਹੋ ਜਾਂਦਾ ਹੈ - 'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥'

ਧੰਨਵਾਦ ਸਹਿਤ।

ਅਦਾਰਾ 'ਆਤਮ ਮਾਰਗ'